ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

23-29 ਅਗਸਤ 2023

ਸਾਲ 14ਵਾਂ - ਅੰਕ 35

email : info@sadelok.com

Ph. : 510-706-1300

Fax : 925-373-1300

*1984 ਸਿੱਖ ਨਸਲਕੁਸ਼ੀ*

## ਅਦਾਲਤ ਦੇ ਬਾਹਰ ਸਿੱਖਾਂ ਦੇ ਕਾਤਿਲ ਜਗਦੀਸ਼ ਟਾਈਟਲਰ ਦਾ ਪਿੱਟ ਸਿਆਪਾ




(ਦੇਖੋ ਸਫ਼ਾ 28 'ਤੇ)

## 'ਬਰਿਕਸ' ਸੰਮੇਲਨ ਲਈ ਦੱਖਣੀ ਅਫਰੀਕਾ ਪੁੱਜੇ ਪ੍ਰਧਾਨ ਮੰਤਰੀ ਮੋਦੀ



23

## ਅਮਰੀਕਾ ਨੇ ਇਕ ਦਿਨ 'ਚ ਡਿਪੋਰਟ ਕੀਤੇ 21 ਭਾਰਤੀ ਵਿਦਿਆਰਥੀ




3

## ਧਰਨੇ ਦੌਰਾਨ ਟਰਾਲੀ ਹੇਠ ਆਇਆ ਬਜ਼ੁਰਗ ਕਿਸਾਨ, ਹਸਪਤਾਲ 'ਚ ਮੌਤ



22

# ਇਸਰੋ ਨੇ ਪੁਲਾੜ 'ਚ ਰਚਿਆ ਇਤਿਹਾਸ, ਚੰਨ 'ਤੇ ਲਹਿਰਾਇਆ ਤਿਰੰਗਾ

- ਚੰਨ ਦੇ ਦੱਖਣੀ ਧਰੁਵ 'ਤੇ ਪੁੱਜਣ ਵਾਲਾ ਪਹਿਲਾ ਦੇਸ਼ ਬਣਿਆ ਭਾਰਤ
- ਪੂਰੀ ਦੁਨੀਆ 'ਚ ਵਸਦੇ ਭਾਰਤੀਆਂ ਲਈ ਦੀਵਾਲੀ ਅਤੇ ਵਿਆਹ ਵਰਗਾ ਮਾਹੌਲ



ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ

(ਦੇਖੋ ਸਫ਼ਾ 18-19-20 'ਤੇ)

# ਹਿਮਾਚਲ 'ਚ ਪਏ ਮੀਂਹ ਨੇ ਪੰਜਾਬ ਦੇ ਫਿਕਰ ਵਧਾਏ


- ਡੈਮਾਂ ਵਿੱਚ ਪਾਣੀ ਦੀ ਆਮਦ ਮੁੜ ਵਧੀ
- ਹੜ੍ਹਾਂ ਕਾਰਨ ਸੂਬੇ ਦੇ ਦਸ ਜ਼ਿਲ੍ਹਿਆਂ 'ਚ ਫਸਲਾਂ ਦਾ ਭਾਰੀ ਨੁਕਸਾਨ

ਚੰਡੀਗੜ੍ਹ: ਹਿਮਾਚਲ ਪ੍ਰਦੇਸ਼ 'ਚ ਅੱਜ ਮੀਂਹ ਪੈਣ ਮਗਰੋਂ ਡੈਮਾਂ ਵਿੱਚ ਪਾਣੀ ਦੀ ਆਮਦ ਮੁੜ ਵਧ ਗਈ ਹੈ ਅਤੇ ਅਗਲੇ ਦਿਨ ਭਾਰੀ ਬਾਰਸ਼ ਦੀ ਸੰਭਾਵਨਾ ਹੋਣ ਕਰਕੇ ਪੰਜਾਬ ਲਈ ਆਉਂਦੇ ਦੋ ਦਿਨ ਬੜੇ ਨਾਜ਼ੁਕ ਹਨ। ਮੌਸਮ ਵਿਭਾਗ ਨੇ ਪੰਜਾਬ ਵਿਚ ਵੀ ਆਉਂਦੇ ਪੰਜ ਦਿਨ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਉੱਧਰ ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਵਿਚ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ। ਪੰਜਾਬ 'ਚ ਹੜ੍ਹਾਂ ਨੇ ਸਭ ਤੋਂ ਵੱਡਾ ਨੁਕਸਾਨ ਫ਼ਸਲਾਂ ਦਾ ਕੀਤਾ ਹੈ। ਪਹਿਲੇ ਗੇੜ ਦੇ ਹੜ੍ਹ ਕਾਰਨ ਕਰੀਬ ਛੇ ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਸੀ ਜਦਕਿ ਦੂਜੀ ਵਾਰ ਆਏ ਹੜ੍ਹਾਂ ਕਾਰਨ ਕਰੀਬ ਦੋ ਲੱਖ ਏਕੜ ਤੋਂ ਵੱਧ ਰਕਬਾ ਹੋਣ ਪ੍ਰਭਾਵਿਤ ਹੋਣ ਦੀਆਂ ਖ਼ਬਰਾਂ ਹਨ। ਸੂਬੇ ਦੇ ਦਸ ਜ਼ਿਲ੍ਹਿਆਂ ਵਿਚ ਖੇਤੀ ਸੈਕਟਰ ਨੂੰ ਵੱਡੀ ਸੱਟ ਵੱਜੀ ਹੈ। ਝੋਨੇ ਦੀ ਫ਼ਸਲ ਤੋਂ ਇਲਾਵਾ ਬਾਗ਼ਬਾਨੀ ਅਤੇ ਹਰਾ ਚਾਰਾ,

(ਦੇਖੋ ਸਫ਼ਾ 22 'ਤੇ)



## ਅਦਾਲਤ ਨੇ ਸੱਜਣ ਕੁਮਾਰ ਵਿਰੁੱਧ ਕਤਲ ਦੀ ਧਾਰਾ 302 ਨੂੰ ਕੀਤਾ ਰੱਦ



ਨਵੀਂ ਦਿੱਲੀ : 1984 ਸਿੱਖ ਦੰਗਿਆਂ ਦੇ ਮਾਮਲੇ ਨੂੰ ਲੈ ਕੇ ਬੁੱਧਵਾਰ ਨੂੰ ਅਦਾਲਤ 'ਚ ਸੁਣਵਾਈ ਹੋਈ। ਜਨਕਪੁਰੀ ਤੇ ਵਿਕਾਸਪੁਰੀ 'ਚ ਸਿੱਖਾਂ ਦੇ ਕਤਲੇਆਮ ਦੇ ਮਾਮਲੇ 'ਚ ਰੋਜ਼ ਐਵੇਨਿਊ ਕੋਰਟ ਨੇ ਸੱਜਣ ਕੁਮਾਰ ਖ਼ਿਲਾਫ਼ ਤੈਅ ਕੀਤੇ। ਅਦਾਲਤ ਨੇ ਸੱਜਣ ਕੁਮਾਰ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 147, 148, 153ਏ, 295 ਆਰ/ਡਬਲਯੂ 149, 307, 308, 325, 395, 436 ਤਹਿਤ ਦੋਸ਼ ਤੈਅ ਕੀਤੇ। ਅਦਾਲਤ ਨੇ ਸੱਜਣ ਕੁਮਾਰ ਵਿਰੁੱਧ ਕਤਲ ਦੀ ਧਾਰਾ 302 ਨੂੰ ਰੱਦ ਕਰ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 21 ਸਤੰਬਰ ਨੂੰ ਹੋਵੇਗੀ। ਅਦਾਲਤ ਨੂੰ ਦੱਸਿਆ ਗਿਆ ਕਿ ਸੱਜਣ ਕੁਮਾਰ ਇਸ ਮਾਮਲੇ 'ਚ ਹਿਰਾਸਤ 'ਚ ਨਹੀਂ ਹੈ, ਇਸ ਮਾਮਲੇ 'ਚ ਸੱਜਣ ਕੁਮਾਰ ਜ਼ਮਾਨਤ 'ਤੇ ਹੈ। ਐੱਸ.ਆਈ.ਟੀ. ਨੇ ਮਾਮਲੇ 'ਚ ਆਈ.ਪੀ.ਸੀ. ਦੀ ਧਾਰਾ 147, 148, 149, 153ਏ, 295, 436, 395, 307, 302, 102-ਬੀ ਦੇ ਤਹਿਤ ਚਾਰਜਸ਼ੀਟ ਦਾਇਰ ਕੀਤੀ ਸੀ। 2015 'ਚ ਐੱਸ.ਆਈ.ਟੀ. ਨੇ ਜਨਕਪੁਰੀ ਅਤੇ ਵਿਕਾਸਪੁਰੀ 'ਚ ਐੱਫ.ਆਈ.ਆਰ. ਦਰਜ ਕਰਕੇ ਸਿੱਖ ਦੰਗਿਆਂ

**ਕੀ ਸੱਜਣ ਕੁਮਾਰ ਨੂੰ ਛੱਡਣ ਦੀਆਂ ਹੋ ਰਹੀਆਂ ਹਨ ਤਿਆਰੀਆਂ ?**

(ਦੇਖੋ ਸਫ਼ਾ 14 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਨੇ ਇਕ ਦਿਨ 'ਚ ਡਿਪੋਰਟ ਕੀਤੇ 21 ਭਾਰਤੀ ਵਿਦਿਆਰਥੀ



ਵਾਸ਼ਿੰਗਟਨ : ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਖ਼ਬਰ ਮੁਤਾਬਕ ਅਮਰੀਕਾ ਤੋਂ ਇੱਕ ਦਿਨ ਵਿੱਚ 21 ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਮਤਲਬ ਦੇਸ਼ ਵਾਪਸ ਭੇਜ ਦਿੱਤਾ ਗਿਆ। ਰਿਪੋਰਟਾਂ ਅਨੁਸਾਰ ਇਹਨਾਂ ਵਿਦਿਆਰਥੀਆਂ ਵਿਚੋਂ ਇਕ ਦਰਜਨ ਤੇਲਗੂ ਵਿਦਿਆਰਥੀ ਹਨ, ਜੋ ਇਸ ਹਫ਼ਤੇ ਮਾਸਟਰ ਕੋਰਸ ਲਈ ਅਮਰੀਕਾ ਪਹੁੰਚੇ ਸਨ। ਤੇਲਗੂ ਰਾਜਾਂ ਦੇ ਵਿਦਿਆਰਥੀਆਂ ਵਿੱਚੋਂ ਕੁਝ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਵੀਜ਼ਾ ਦੀਆਂ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕੀਤੀਆਂ ਸਨ ਅਤੇ ਫਿਰ ਉਹ ਉੱਚ ਸਿੱਖਿਆ ਲਈ ਆਪਣੇ ਕਾਲਜਾਂ ਵਿੱਚ ਪੜ੍ਹਨ ਲਈ ਅਮਰੀਕਾ ਪਹੁੰਚੇ ਸਨ। ਉੱਧਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ ਬਾਅਦ ਉਨ੍ਹਾਂ ਨੂੰ ਕੁਝ ਸਮੇਂ ਲਈ ਹਿਰਾਸਤ 'ਚ ਰੱਖ ਕੇ ਵਾਪਸ ਭੇਜ ਦਿੱਤਾ। ਇਨ੍ਹਾਂ 'ਚੋਂ ਜ਼ਿਆਦਾਤਰ ਅਟਲਾਂਟਾ, ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਹਵਾਈ ਅੱਡਿਆਂ 'ਤੇ ਉਤਰੇ ਸਨ। ਮੀਡੀਆ ਰਿਪੋਰਟ ਮੁਤਾਬਕ ਇਹ ਕਾਰਵਾਈ 16 ਅਗਸਤ ਨੂੰ ਕੀਤੀ ਗਈ। ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਨੂੰ ਵਾਪਸ ਕਿਉਂ ਭੇਜਿਆ ਗਿਆ ਅਤੇ ਇਹ ਮੰਨਿਆ ਗਿਆ ਕਿ ਇਸ ਦਾ ਉਨ੍ਹਾਂ ਦੇ ਵੀਜ਼ਾ ਦਸਤਾਵੇਜ਼ਾਂ ਨਾਲ ਕੋਈ ਸਬੰਧ ਹੈ। ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਦੇ ਫੋਨ ਅਤੇ ਇੱਥੋਂ ਤੱਕ ਕਿ ਵਟਸਐਪ ਚੈਟ ਵੀ ਚੈੱਕ ਕੀਤੇ ਗਏ। ਦੱਸਿਆ ਜਾ ਰਿਹਾ ਹੈ ਕਿ ਵਿਦਿਆਰਥੀਆਂ ਤੋਂ ਉਨ੍ਹਾਂ ਦੀ ਸਿੱਖਿਆ, ਵੀਜ਼ਾ ਇੰਟਰਵਿਊ, ਸਲਾਹਕਾਰਾਂ ਤੋਂ ਦਾਖਲਾ ਮਦਦ ਬਾਰੇ ਪੁੱਛਗਿੱਛ ਕੀਤੀ ਗਈ ਅਤੇ ਅਗਲੇ ਦਿਨ ਏਅਰ ਇੰਡੀਆ ਦੀ ਉਡਾਣ 'ਤੇ ਦਿੱਲੀ ਲਈ ਬਿਠਾਏ ਜਾਣ ਤੱਕ ਹਿਰਾਸਤ ਵਿੱਚ ਰੱਖਿਆ ਗਿਆ। ਡਿਪੋਰਟ ਕੀਤੇ ਗਏ ਕਈ ਵਿਦਿਆਰਥੀ, ਦਸਤਾਵੇਜ਼ਾਂ ਦੀ ਘਾਟ ਅਤੇ ਬਕਾਇਆ ਅਧਿਕਾਰਤ ਪ੍ਰਕਿਰਿਆ ਕਾਰਨ ਕਥਿਤ ਤੌਰ 'ਤੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ, ਦਿੱਲੀ 'ਤੇ ਫਸੇ ਹੋਏ ਹਨ। ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਆਈਸੀਈ ਅਧਿਕਾਰੀਆਂ ਦਾ ਰਵੱਈਆ ਮਨਮਾਨੀ ਸੀ ਅਤੇ ਦੂਤਘਰ ਅਤੇ ਯੂਨੀਵਰਸਿਟੀ ਤੋਂ ਸਾਰੇ ਲੋੜੀਂਦੇ ਦਸਤਾਵੇਜ਼ਾਂ ਹੋਣ ਦੇ ਬਾਵਜੂਦ ਉਹ ਜਵਾਬਦੇਹ ਨਹੀਂ ਸਨ। ਹੋਰਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਂਤੀ ਨਾਲ ਚਲੇ ਜਾਣ ਲਈ ਕਿਹਾ ਗਿਆ ਸੀ ਅਤੇ ਇਤਰਾਜ਼ ਕਰਨ 'ਤੇ ਗੰਭੀਰ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਸੀ। ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਹ ਜਿਹੜੀਆਂ ਸਧਾਰਨ ਯੂਨੀਵਰਸਿਟੀਆਂ ਵਿਚ ਪੜ੍ਹਾਈ ਲਈ ਗਏ, ਉਹਨਾਂ ਵਿਚ ਮਿਸੂਰੀ ਅਤੇ ਦੱਖਣੀ ਡਕੋਟਾ ਰਾਜਾਂ ਦੀਆਂ ਯੂਨੀਵਰਸਿਟੀਆਂ ਵੀ ਸ਼ਾਮਲ ਹਨ। ਦੁਖੀ ਵਿਦਿਆਰਥੀ ਸਮੇਂ, ਪੈਸੇ ਅਤੇ ਭਵਿੱਖ ਦੇ ਵੱਡੇ ਨੁਕਸਾਨ ਅਤੇ ਦੇਸ਼ ਨਿਕਾਲਾ ਦਿੱਤੇ ਜਾਣ ਦੇ ਨਤੀਜਿਆਂ ਬਾਰੇ ਚਿੰਤਤ ਹਨ।

# ਪੰਜਾਬੀ ਗੀਤ-ਸੰਗੀਤ ਅਤੇ ਸੱਭਿਆਚਾਰ ਨੂੰ ਸਮਰਪਿਤ ਅਵਤਾਰ ਲਾਖਾ ਵੱਲੋਂ ਨਵੇਂ ਯਤਨ

ਸਟਾਕਟਨ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਅਮਰੀਕਾ ਦੀ ਸਟੇਟ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ ਨਿਵਾਸੀ ਅਵਤਾਰ ਲਾਖਾ ਆਪਣੇ ਕੰਮਾਂ-ਕਾਰਾਂ ਦੇ ਨਾਲ-ਨਾਲ ਬਹੁਤ ਸਮਾਂ ਚੰਗੇ ਗੀਤ-ਸੰਗੀਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਲਾਉਂਦਾ ਆ ਰਿਹਾ ਹੈ। ਇਸ ਤੋਂ ਪਹਿਲਾਂ ਭਾਰਤ ਤੋਂ ਸੁਰੀਲੇ ਗਾਇਕ ਕਲਾਕਾਰਾਂ ਦੇ ਸਫਲ ਸ਼ੋ ਵੀ ਅਮਰੀਕਾ ਦੀ ਧਰਤੀ 'ਤੇ ਕਰਵਾ ਚੁੱਕਾ ਹੈ। ਉਸ ਦੁਆਰਾ ਪਿਛਲੇ ਲੰਮੇ ਅਰਸੇ ਤੋਂ ਬਹੁਤ ਸਾਰੇ ਹੋਣਹਾਰ ਗਾਇਕ ਕਲਾਕਾਰਾਂ ਅਤੇ ਗੀਤਕਾਰਾਂ ਨੂੰ ਨਿਰਸਵਾਰਥ ਪ੍ਰਮੋਟ ਕਰਨ ਦੇ ਉਪਰਾਲੇ ਵੀ ਜਾਂਦੇ ਰਹੇ ਹਨ, ਜੋ ਨਿਰਾਤਰ ਜਾਰੀ ਹਨ।

ਇਸੇ ਲੜੀ ਅਧੀਨ ਹੁਣ ਅਵਤਾਰ ਲਾਖਾ ਦੁਆਰਾ ਸੰਗੀਤ ਪ੍ਰੇਮੀਆਂ ਲਈ ਆਪਣੀ ਨਵੀਂ "ਅਵਤਾਰ ਰਿਕਾਰਡ "ਕੰਪਨੀ ਦੀ ਸੁਰੂਆਤ ਸਾਹਿੱਤਕ ਸਖਸੀਅਤਾਂ ਦੀ ਹਾਜ਼ਰੀ ਵਿੱਚ ਗਦਰੀ ਬਾਬਿਆਂ ਦੇ ਸ਼ਹਿਰ ਸਟਾਕਟਨ ਤੋਂ ਕੀਤੀ ਗਈ। ਇਸ ਸਮੇਂ ਬਹੁਤ ਸਾਦੇ ਰਸਮੀਂ ਸਮਾਗਮ ਵਿੱਚ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਗਾਇਕੀ ਰਾਹੀ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਜਦ ਕਿ ਬਾਕੀ ਸਾਹਿੱਤਕ ਸਖਸੀਅਤਾਂ ਅਤੇ ਬੁਲਾਰਿਆਂ ਵਿੱਚ ਜਸਵੰਤ ਸਿੰਘ ਸਾਦ, ਐਸ. ਅਸ਼ੋਕ ਭੌਰਾ, ਰਾਜਿੰਦਰ ਸਿੰਘ ਟਾਂਡਾ, ਵਿਜੈ ਸਿੰਘ, ਰਿੱਕੀ ਪਾਲ, ਰਾਕੇਸ ਰਫੀ, ਜਤਿੰਦਰ ਸੰਧੂ ਅਤੇ ਹੋਰਨਾਂ ਨੇ ਹਾਜ਼ਰੀ ਭਰੀ। ਪੰਜਾਬ ਅਤੇ ਪੰਜਾਬੀਅਤ ਦੇ ਰੰਗ ਵਿੱਚ ਰੰਗੀ ਇਹ ਮਹਿਫ਼ਲ ਗੀਤ-ਸੰਗੀਤ ਅਤੇ ਸਾਹਿੱਤਕ ਬਾਤਾਂ ਪਾਉਂਦੀ ਹੋਈ ਯਾਦਗਾਰੀ ਹੋ ਨਿਬੜੀ।



# ਟਰੰਪ ਨੇ ਰਾਸ਼ਟਰਪਤੀ ਅਹੁਦੇ ਦੀ ਪਹਿਲੀ ਬਹਿਸ 'ਚ ਸ਼ਾਮਲ ਹੋਣ ਤੋਂ ਕੀਤਾ ਇਨਕਾਰ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਹ ਬੁੱਧਵਾਰ ਨੂੰ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ 'ਚ ਹਿੱਸਾ ਲੈਣ ਲਈ ਹੋਣ ਵਾਲੀ ਪਹਿਲੀ ਪ੍ਰਾਇਮਰੀ ਬਹਿਸ 'ਚ ਹਿੱਸਾ ਨਹੀਂ ਲੈਣਗੇ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਵੈੱਬਸਾਈਟ 'ਤੇ ਲਿਖਿਆ, "ਜਨਤਾ ਜਾਣਦੀ ਹੈ ਕਿ ਮੈਂ ਕੌਣ ਹਾਂ, ਮੇਰਾ ਰਾਸ਼ਟਰਪਤੀ ਕਾਰਜਕਾਲ ਕਿੰਨਾ ਸਫਲ ਰਿਹਾ ਹੈ। ਇਸ ਲਈ ਮੈਂ ਬਹਿਸ ਨਹੀਂ ਕਰਾਂਗਾ। ਸਾਬਕਾ ਰਾਸ਼ਟਰਪਤੀ ਦੇ ਬੁਲਾਰੇ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕੀ ਉਹ ਹਰ ਪ੍ਰਾਇਮਰੀ ਬਹਿਸ ਦਾ ਬਾਈਕਾਟ ਕਰਨ ਦੀ ਯੋਜਨਾ ਬਣਾ ਰਹੇ ਹਨ ਜਾਂ ਇਸ ਬਹਿਸ 'ਚ ਹਿੱਸਾ ਨਹੀਂ ਲੈਣਗੇ। ਇਸ ਘਟਨਾਕ੍ਰਮ ਦੀ ਜਾਣਕਾਰੀ ਰੱਖਣ ਵਾਲੇ ਇਕ ਵਿਅਕਤੀ ਨੇ ਐਤਵਾਰ ਨੂੰ ਕਿਹਾ ਕਿ ਟਰੰਪ ਤੇ ਉਨ੍ਹਾਂ ਦੀ ਟੀਮ ਨੇ ਰਿਪਬਲਿਕਨ ਨੈਸ਼ਨਲ ਕਮੇਟੀ ਨੂੰ ਆਪਣੀ ਯੋਜਨਾ ਦੀ ਜਾਣਕਾਰੀ ਨਹੀਂ ਦਿੱਤੀ ਹੈ। ਇਸ ਦੌਰਾਨ ਟਰੰਪ ਦੇ ਵਿਰੋਧੀਆਂ ਨੇ ਬਹਿਸ 'ਚ ਹਿੱਸਾ ਨਾ ਲੈਣ 'ਤੇ ਉਨ੍ਹਾਂ 'ਤੇ ਨਿਸ਼ਾਨਾ ਵਿੰਨ੍ਹ ?ਆ ਹੈ। ਨਿਊਜਰਸੀ ਦੇ ਸਾਬਕਾ ਗਵਰਨਰ ਕ੍ਰਿਸ ਕ੍ਰਿਸਟੀ, ਜੋ ਰਾਸ਼ਟਰਪਤੀ ਦੀ ਚੋਣ ਲੜ ਰਹੇ ਹਨ, ਨੇ ਟਰੰਪ 'ਤੇ 'ਸਾਹਮਣੇ ਆਉਣ ਦੀ ਹਿੰਮਤ' ਨਾ ਹੋਣ ਦਾ ਦੋਸ਼ ਲਗਾਇਆ ਤੇ ਉਨ੍ਹਾਂ ਨੂੰ 'ਡਰਪੋਕ' ਕਿਹਾ। ਇਸ 'ਤੇ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਬਹਿਸ 'ਚ ਹਿੱਸਾ ਲੈਣ ਦਾ ਕੋਈ ਖ਼ਾਸ ਫ਼ਾਇਦਾ ਨਜ਼ਰ ਨਹੀਂ ਆ ਰਿਹਾ ਕਿਉਂਕਿ ਉਹ ਪਹਿਲਾਂ ਹੀ ਵੱਡੇ ਫਰਕ ਨਾਲ ਅੱਗੇ ਚੱਲ ਰਹੇ ਹਨ। ਉਨ੍ਹਾਂ ਕਿਹਾ, "ਇਹ ਹਿੰਮਤ ਦਾ ਸਵਾਲ ਨਹੀਂ ਹੈ। ਇਹ ਸਿਆਣਪ ਦਾ ਸਵਾਲ ਹੈ। ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਟਰੰਪ ਨੇ ਕਿਸੇ ਵੱਡੀ ਰਿਪਬਲਿਕਨ ਬਹਿਸ 'ਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ।" ਉਨ੍ਹਾਂ ਨੇ 2016 ਦੀ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਰਿਪਬਲਿਕਨ ਪਾਰਟੀ ਦੀ ਆਖਰੀ ਪ੍ਰਾਇਮਰੀ ਬਹਿਸ 'ਚ ਹਿੱਸਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ।



# ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਤਿੰਨ ਰੋਜ਼ਾ ਸਿਮਪੋਜ਼ੀਅਮ ਕੈਰੋਲੀਨਾ ਦੇ ਸ਼ਹਿਰ ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਆਯੋਜਿਤ

ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਰੋਜ਼ਾ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਨੋਰਥ ਕੈਰੋਲੀਨਾ ਦੇ ਸ਼ਹਿਰ ਸ਼ਾਰਲੈਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 60 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵਲੋਂ ਇਹ ਸਮਾਗਮ ਸਾਲ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿੱਚ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਪਹਿਲੇ ਦਿਨ ਗਰੁੱਪ ਇੱਕ ਤੋਂ ਤਿੰਨ ਤੱਕ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ ਚੋਥੇ ਗਰੁੱਪ ਦੇ ਭਾਸ਼ਣ ਉਪਰੰਤ ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 9 ਨੌਜਵਾਨ ਮੁੰਡੇ ਅਤੇ ਕੁੜੀਆਂ ਨੇ "ਸਿੱਖ ਜੀਵਨ ਜਾਚ / ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ "ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਤਿੰਨ ਘੰਟੇ ਤੱਕ ਚੱਲੀ ਅਤੇ ਇਸ ਵਿੱਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਨਿਉਯਾਰਕ ਤੋਂ ਡਾ. ਸਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜਿਆ।

ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ ਦਾ ਇਕ ਹੋਰ ਮੁੱਖ ਆਕਰਸ਼ਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇਕ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਸਾਲ ਇਹ ਵਿਸ਼ੇਸ਼ ਪ੍ਰੋਗਰਾਮ ਸ਼ਾਰਲੈਟ ਡਾਉਨਟਾਉਨ ਸਥਿਤ ਡਿਸਕਵਰੀ ਸਾਇੰਸ ਮਿਉਜ਼ੀਅਮ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ ਜਿੱਥੇ ਬੱਚਿਆਂ ਨੇ ਪਰਿਵਾਰਾਂ ਸਮੇਤ ਮਿਉਜ਼ੀਅਮ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰਮੀਤ ਕੌਰ ਦੁਆਰਾ ਲਿਖੀਆਂ ਕਹਾਣੀਆਂ ਦੀਆਂ ਪੁਸਤਕਾਂ ਵਿੱਚੋਂ "ਚਿੜੀ ਤੇ ਪਿੱਪਲ "ਕਹਾਣੀ 'ਤੇ ਆਧਾਰਿਤ ਸ਼ਾਰਲੌਟ ਦੇ ਬੱਚਿਆਂ ਵੱਲੋਂ ਖੇਡੇ ਗਏ ਨਾਟਕ ਦਾ ਵੀ ਸਭਨਾਂ ਨੇ ਆਨੰਦ ਮਾਣਿਆ। ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੂਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਮਿਸੀਸਾਗਾ ਤੋਂ ਕੇਸਰ ਸਿੰਘ, ਦੂਜੇ ਵਿਚ ਨਿਉਜਰਸੀ ਤੋਂ ਪਾਹੁਲ ਕੌਰ, ਤੀਜੇ ਵਿਚ ਟੈਕਸਾਸ ਤੋਂ ਤੇਜਸ ਸਿੰਘ, ਚੌਥੇ ਵਿਚ ਸਾਂਝਾ ਪਹਿਲਾ ਸਥਾਨ ਸਿਆਟਲ ਤੋਂ ਅਮਾਨਤ ਕੌਰ ਤੇ ਮਿਸੀਸਾਗਾ ਤੋਂ ਜਸਲੀਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਹੈਮਿਲਟਨ ਤੋਂ ਸਹਿਜ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿਗਯੂਟਿਸ਼ਡ ਸਪੀਕਰ ਅਵਾਰਡ " ਦਿੱਤਾ ਗਿਆ।




ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California Benefits Identification Card

STATE OF CALIFORNIA BENEFITS IDENTIFICATION CARD

Get more BENEFITS at No Cost $0 Premium

Rakhra Tax & Immigration

3073 W Ashlan Ave <> Fresno, CA 93722

Ph. (559) 243-9200,

Fax (559) 549-6211

or visit

www.rakhrataxservice.com

or avtar06@gmail.com

# ਨਵੇਂ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਰੋਜਬਰਗ ਸ਼ਹਿਰ ਓਰੀਗਨ ਦੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ



ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) : ਨਵੇਂ ਉਸਾਰੀ ਅਧੀਨ ਚੱਲ ਰਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਗਰੀਨ ਡਿਸਟ੍ਰਿਕ ਰੋਜਬਰਗ ਸ਼ਹਿਰ ਓਰੀਗਨ ਵਿਖੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵਲੋਂ ਪਹਿਲੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਚੜਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਸਮੂਹ ਸੰਗਤਾਂ ਨੇ ਕੀਰਤਨ ਦਾ ਵੀ ਅਨੰਦ ਮਾਣਿਆ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗਰੰਥੀ ਹਰਵਿੰਦਰ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਵਾਲੇ ਬਣੋ ਅਤੇ ਅੰਮ੍ਰਿਤਧਾਰੀ ਸਿੰਘ ਸਜੋ ਉਨਾ ਨੇ ਕਿਹਾ ਕਿ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਲਿਆਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਕਮੇਟੀ ਮੈਂਬਰ ਮਨਜੀਤ ਸਿੰਘ ਸੰਧੂ ਹੀਉਂ, ਗੁਰਦਿਆਲ ਸਿੰਘ ਮੱਲੀ ਅੱਟਾ, ਸੁਖਵਿੰਦਰ ਸਿੰਘ ਮੋਰਾਂਵਾਲੀ, ਰਵਿੰਦਰ ਸਿੰਘ ਲੱਕੀ ਦਿੱਲੀ, ਗੁਰਜੀਤ ਸਿੰਘ ਮੋਰਾਂਵਾਲੀ ਹਰਜੀਤ ਸਿੰਘ ਵੱਡਾ ਘਰ, ਰਾਜਿੰਦਰ ਸਿੰਘ, ਪਰਮਜੀਤ ਕੌਰ ਸੰਧੂ ਹੀਉਂ, ਹਾਜਰ ਸਨ। ਮੈਂਬਰਾਂ ਤੋਂ ਇਲਾਵਾ ਕਿਰਪਾਲ ਸਿੰਘ ਝੱਲੀ ਹੀਉਂ, ਜਸਕਰਨ ਸਿੰਘ ਸੰਧੂ, ਬਲਕਰਨ ਸਿੰਘ ਸੰਧੂ,ਜਗਜੀਤ ਸਿੰਘ ਮੋਰਾਂਵਾਲੀ, ਰਣਜੀਤ ਸਿੰਘ ਸ਼੍ਰੀਗੰਗਾਨਗਰ, ਹਰਵਿੰਦਰ ਸਿੰਘ ਮਾਹਿਲ ਗਹਿਲਾ, ਜੋਗਿੰਦਰ ਸਿੰਘ ਜੌਹਲ, ਰਾਜਿੰਦਰ ਮੋਰਾਂਵਾਲੀ, ਰਾਜਿੰਦਰ ਕੁਲਾਰ ਸੰਸਾਰਪੁਰ ਅਤੇ ਸਮੂਹ ਸੰਗਤਾਂ ਹਾਜਰ ਸਨ।

# ਅਮਰੀਕਾ ਦੇ ਮਾਊਈ ਟਾਪੂ 'ਤੇ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੰਸੀ ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਦਿੱਤਾ ਅਸਤੀਫਾ, ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਦੇ ਹਵਾਈ ਸੂਬੇ ਦੇ ਮਾਊਈ ਟਾਪੂ ਉਪਰ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੰਸੀ ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਪ੍ਰਸ਼ਾਸਕ ਹਰਮਨ ਅੰਦਾਇਆ ਦਾ ਅਸਤੀਫਾ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਹਾਲਾਂ ਕਿ ਉਸ ਨੇ ਅਸਤੀਫੇ ਦਾ ਕਾਰਨ ਸਿਹਤ ਨਾ ਠੀਕ ਹੋਣ ਨੂੰ ਦਸਿਆ ਹੈ ਪਰੰਤੂ ਹਾਲਾਤ ਨੂੰ ਠੀਕ ਤਰਾਂ ਨਾ ਨਜਿੱਠਣ ਕਾਰਨ ਉਨਾਂ ਉਪਰ ਨਿਰੰਤਰ ਦਬਾਅ ਬਣਿਆ ਹੋਇਆ ਸੀ। ਮਾਊਈ ਕਾਊਂਟੀ ਦੇ ਮੇਅਰ ਰਿਚਰਡ ਬਿਸੇਨ ਨੇ ਅਸਤੀਫੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਕਟ ਦੀ ਭਿਆਨਕਤਾ ਨੂੰ ਵੇਖਦੇ ਹੋਏ ਮੈ ਤੇ ਮੇਰੀ ਟੀਮ ਇਸ ਪ੍ਰਮੁੱਖ ਅਹੁੱਦੇ 'ਤੇ ਜਿੰਨੀ ਛੇਤੀ ਸੰਭਵ ਹੋ ਸਕੇ ਕਿਸੇ ਹੋਰ ਨੂੰ ਨਿਯੁਕਤ ਕਰਨ ਜਾ ਰਹੇ ਹਾਂ। ਉਨਾਂ ਕਿਹਾ ਮੈ ਇਸ ਸਬੰਧੀ ਛੇਤੀ ਐਲਾਨ ਦੀ ਉਮੀਦ ਕਰਦਾ ਹਾਂ। 8 ਅਗਸਤ ਨੂੰ ਲੱਗੀ ਜੰਗਲੀ ਅੱਗ ਵਿਚ ਹੁਣ ਤੱਕ 111 ਤੋਂ ਵਧ ਲਾਸ਼ਾਂ ਬਰਾਮਦ ਹੋਈਆਂ ਹਨ ਜਦ ਕਿ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਨਿਰੰਤਰ ਬਣਿਆ ਹੋਇਆ ਹੈ ਕਿਉਂਕਿ ਮਾਊਈ ਟਾਪੂ ਦੇ ਸੜੇ ਇਕ ਵੱਡੇ ਹਿੱਸੇ ਵਿਚ ਪੀੜਤ ਵਿਅਕਤੀਆਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਾਊਈ ਪੁਲਿਸ ਮੁੱਖੀ ਜੌਹਨ ਪੈਲੀਟੀਅਰ ਨੇ ਬੀਤੇ ਦਿਨ ਕਿਹਾ ਕਿ ਟਾਪੂ ਦੇ ਸੜੇ ਜਿਆਦਾਤਰ ਹਿੱਸੇ ਵਿਚ ਅਜੇ ਪੀੜਤਾਂ ਦੀ ਭਾਲ ਕੀਤੀ ਜਾਣੀ ਹੈ।

# ਅਗਲੇ ਮਹੀਨੇ ਭਾਰਤ ਆਉਣਗੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ, ਜੀ-20 ਬੈਠਕ ਚ ਲੈਣਗੇ ਹਿੱਸਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਗਲੇ ਮਹੀਨੇ ਭਾਰਤ ਦਾ ਦੌਰਾ ਕਰਨਗੇ। ਸਤੰਬਰ ਮਹੀਨੇ 'ਚ ਉਹ ਜੀ-20 ਦੇਸ਼ਾਂ ਦੇ ਸੰਮੇਲਨ 'ਚ ਹਿੱਸਾ ਲੈਣ ਲਈ 7-10 ਸਤੰਬਰ ਤੱਕ ਭਾਰਤ ਆਉਣਗੇ। ਵ ?ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸੁਲੀਵਨ ਨੇ ਕਿਹਾ ਕਿ ਬਾਈਡੇਨ ਜੀ-20 ਮੀਟਿੰਗ ਵਿੱਚ ਸ਼ਾਮਲ ਹੋਣ ਦੌਰਾਨ ਕਈ ਦੁਵੱਲੀਆਂ ਮੀਟਿੰਗਾਂ ਕਰਨਗੇ। ਹਾਲਾਂਕਿ, ਉਨ੍ਹਾਂ ਨੇ ਇਸ ਸਬੰਧੀ ਜਾਣਕਾਰੀ ਨਹੀਂ ਦਿੱਤੀ।



ਅਮਰੀਕਾ 2026 ਵਿੱਚ ਜੀ-20 ਸੰਮੇਲਨ ਦੀ ਮੇਜ਼ਬਾਨੀ ਕਰੇਗਾ।

**ਸਿਖਰ ਸੰਮੇਲਨ 9 ਤੋਂ 10 ਸਤੰਬਰ ਤੱਕ ਨਵੀਂ ਦਿੱਲੀ ਵਿੱਚ ਹੋਵੇਗਾ :** ਵ੍ਹਾਈਟ ਹਾਊਸ ਨੇ ਮੰਗਲਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਰਾਸ਼ਟਰਪਤੀ ਬਾਈਡੇਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੀ-20 ਲੀਡਰਸ਼ਿਪ ਦੀ ਵੀ ਸ਼ਲਾਘਾ ਕਰਨਗੇ। ਜੀ-20 ਵਿਸ਼ਵ ਨੇਤਾਵਾਂ ਦਾ ਸੰਮੇਲਨ ਨਵੀਂ ਦਿੱਲੀ ਵਿੱਚ 9 ਤੋਂ 10 ਸਤੰਬਰ ਤੱਕ ਹੋਵੇਗਾ। ਇਹ ਭਾਰਤ ਵਿੱਚ ਵਿਸ਼ਵ ਨੇਤਾਵਾਂ ਦਾ ਸਭ ਤੋਂ ਵੱਡਾ ਇਕੱਠ ਹੋਣ ਦੀ ਉਮੀਦ ਹੈ। ਭਾਰਤ ਨੇ 1 ਦਸੰਬਰ 2022 ਨੂੰ ਇੰਡੋਨੇਸ਼ੀਆ ਤੋਂ ਜੀ-20 ਦੀ ਪ੍ਰਧਾਨਗੀ ਸੰਭਾਲੀ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway,Lathrop,CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਅਯੋਜਿਤ

## ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਵਿਸ਼ੇਸ਼ ਸੱਦੇ 'ਤੇ ਪਹੁੰਚੇ



ਸੈਕਰਾਮੈਂਟੋ (ਹੁਸਨ ਲੜੋਆ ਬੰਗਾ) ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਸਿੱਖੀ ਪ੍ਰਚਾਰ-ਪ੍ਰਸਾਰ ਵਿੱਚ ਮਿਸਾਲੀ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਮਨਾਈ ਗਈ। ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨਾਂ ਦੀ ਸ਼ੁਰੂਆਤ ਹੋਈ। ਭਾਈ ਚਮਨ ਸਿੰਘ ਅਤੇ ਭਾਈ ਮਹਿੰਦਰ ਸਿੰਘ ਖਾਦਮ ਕਥਾਵਾਚਕ ਦੋਨਾਂ ਨੇ ਮਹਾਂਪੁਰਸ਼ਾਂ ਦੇ ਜੀਵਨ ਅਤੇ ਕਾਰਜਾਂ ਤੇ ਚਾਨਣਾ ਪਾਇਆ। ਭਾਈ ਮੋਹਣ ਸਿੰਘ ਬਡਾਨਾਂ ਦੇ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ ਗਿਆ। ਭਾਈ ਜੈਮਲ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਨੇ ਸੇਵਾ-ਸਿਮਰਨ ਰਾਹੀਂ ਸੰਸਾਰ ਭਰ ਵਿਚ ਵੱਸਦੀ ਲੋਕਾਈ ਨੂੰ ਪ੍ਰਭਾਵਿਤ ਕੀਤਾ ਅਤੇ ਦੁਨੀਆਂ ਵਿੱਚ ਸਿੱਖੀ ਦਾ ਨਾਮ ਰੋਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਦਾ ਸੇਵਾ ਦੇ ਖੇਤਰ ਵਿਚ ਮਿਸਾਲੀ ਯੋਗਦਾਨ ਹੈ। ਅਜਿਹੀਆਂ ਸ਼ਖ਼ਸੀਅਤਾਂ ਦਾ ਜੀਵਨ ਸਮਾਜ ਲਈ ਪ੍ਰੇਰਨਾ ਸਰੋਤ ਹੁੰਦਾ ਹੈ ਤਾਂ ਹੀ ਇਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਦਾ ਖੇਤਰ ਭਾਸ਼ਾਵਾਂ ਦੀਆਂ ਵੱਲਗਣਾਂ ਤੋਂ ਉੱਪਰ ਹੈ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮਾਜ ਨੂੰ ਅੱਜ ਇਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਸਖ਼ਤ ਲੋੜ ਹੈ। ਸਟੇਜ ਸਕੱਤਰ ਦੀ ਸੇਵਾ ਹਰਚਰਨ ਸਿੰਘ ਗੁਲਾਟੀ ਨੇ ਬਾਖੂਬੀ ਨਿਭਾਈ। ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ। ਸਮਾਗਮ ਦੇ ਆਯੋਜਨ ਮੌਕੇ ਸੁਰਿੰਦਰ ਸਿੰਘ ਮਿਨਹਾਸ ਅਤੇ ਪ੍ਰਬੰਧਕ ਬਲਬੀਰ ਸਿੰਘ ਪ੍ਰਧਾਨ ਦੀ ਅਗਵਾਈ ਵਿੱਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ ਦਿਹਾਣਾ, ਜੋਗਾ ਸਿੰਘ ਜਸਵਾਲ, ਮਲਕੀਅਤ ਸਿੰਘ ਮਾਹਣਾ, ਕਰਨਲ ਰਾਜਾ ਰਾਠੌਰ, ਗੁਰਦਿਆਲ ਸਿੰਘ ਕਾਲਾ, ਕਸ਼ਮੀਰਾ ਸਿੰਘ ਮਨਸੂਰਪੁਰ ਅਤੇ ਗੁਰੂ ਘਰ ਦਾ ਸਟਾਫ਼ ਵੀ ਹਾਜਰ ਸੀ। ਗਿਆਨੀ ਕੁਲਦੀਪ ਸਿੰਘ ਹੈੱਡ-ਗ੍ਰੰਥੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਵਾਸ਼ਿੰਗਟਨ 'ਚ ਭਾਰਤੀ ਦੂਤਘਰ ਵਿੱਚ ਆਜ਼ਾਦੀ ਦਿਵਸ ਮਨਾਇਆ

## ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਬਾਈਡਨ ਦੀ ਅਗਵਾਈ ਵਿੱਚ ਦੋਨਾਂ ਦੇਸ਼ਾਂ ਦੇ ਸਬੰਧ ਅਹਿਮ ਮੁਕਾਮ 'ਤੇ ਪੁੱਜੇ : ਰਾਜਦੂਤ ਸੰਧੂ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤ ਦਾ 77ਵਾਂ ਆਜ਼ਾਦੀ ਦਿਵਸ ਇਥੇ ਇੰਡੀਆ ਹਾਊਸ ਵਿਚ ਮਨਾਇਆ ਗਿਆ। ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਮਹਾਤਮਾ ਗਾਂਧੀ ਦੀ ਯਾਦਗਾਰ 'ਤੇ ਸ਼ਰਧਾਂਜਲੀ ਦੇਣ ਉਪਰੰਤ ਰਾਸ਼ਟਰੀ ਝੰਡਾ ਲਹਿਰਾਇਆ। ਇਸ ਉਪਰੰਤ ਹੋਏ ਸਮਾਗਮ ਵਿਚ ਸੰਧੂ ਨੇ ਭਾਰਤ ਦੇ ਵਿਕਾਸ ਦੀ ਗੱਲ ਕੀਤੀ। ਉਨਾਂ ਨੇ ਜੀ-20 ਦੀ ਭਾਰਤ ਨੂੰ ਮਿਲੀ ਅਗਵਾਈ ਦਾ ਵਿਸ਼ੇਸਸ਼ ਤੌਰ 'ਤੇ ਜਿਕਰ ਕੀਤਾ। ਉਨਾਂ ਨੇ ਭਾਰਤ ਤੇ ਅਮਰੀਕਾ ਵਿਚਾਲ ਹੋ ਰਹੇ ਮਜਬੂਤ ਸਬੰਧਾਂ ਬਾਰੇ ਬੋਲਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਜੋ ਬਾਈਡਨ ਦੀ ਅਗਵਾਈ ਵਿਚ ਕੌਮਾਂਤਰੀ ਮੰਚ 'ਤੇ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਅਹਿਮ ਮੁਕਾਮ 'ਤੇ ਪੁੱਜੇ ਹਨ।






ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਹਾਲ ਹੀ ਵਿਚ ਅਮਰੀਕਾ ਫੇਰੀ ਨੇ ਦੋਨਾਂ ਦੇਸ਼ਾਂ ਵਿਚਾਲੇ ਡੂੰਘੇ ਸਬੰਧਾਂ ਨੂੰ ਹੋਰ ਮਜਬੂਤ ਕੀਤਾ ਹੈ। ਉਨਾਂ ਕਿਹਾ ਕਿ ਇਸ ਫੇਰੀ ਨਾਲ ਦੁਪਾਸੜ ਭਰੋਸਾ ਤੇ ਸਹਿਯੋਗ ਹੋਰ ਵਧਿਆ ਹੈ। ਇਸ ਮੌਕੇ ਸਭਿਆਚਾਰਕ ਪ੍ਰੋਗਰਾਮ ਵੀ ਹੋਇਆ ਜਿਸ ਵਿਚ ਕਲਾਕਾਰਾਂ ਨੇ ਦੇਸ਼ ਭਗਤੀ ਦੇ ਗੀਤ ਗਾਏ। ਸਮਾਗਮ ਵਿਚ ਭਾਰਤੀ ਅਮਰੀਕੀ ਭਾਈਚਾਰੇ ਤੋਂ ਇਲਾਵਾ ਵਿਦਿਆਰਥੀਆਂ ਤੇ ਹੋਰਨਾਂ ਨੇ ਹਿੱਸਾ ਲਿਆ।

# ਡਾ. ਪਿਆਰੇ ਲਾਲ ਗਰਗ ਨੂੰ ਸਿੱਖ ਕੌਸ਼ਲ ਸੈਂਟਰਲ ਕੈਲੇਫੋਰਨੀਆਂ ਨੇ ਦਿੱਤੀ ਖਾਣੇ ਦੀ ਦਾਵਤ

## ਪੰਜਾਬ, ਸਿਆਸਤ ਅਤੇ ਪੰਜਾਬੀਅਤ ਬਾਰੇ ਹੋਈ ਵਿਚਾਰ ਚਰਚਾ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ, ਬਹੁ-ਪੱਖੀ ਸਖਸੀਅਤ ਅਤੇ ਉੱਘੇ ਵਿਦਵਾਨ ਡਾ. ਪਿਆਰੇ ਲਾਲ ਗਰਗ ਆਪਣੀ ਅਮਰੀਕਾ ਫੇਰੀ 'ਤੇ ਆਏ ਹੋਏ ਸਨ। ਜਿੰਨ੍ਹਾਂ ਨੇ ਕੈਲੀਫੋਰਨੀਆਂ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਇਸੇ ਲੜੀ ਅਧੀਨ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੁਆਰਾ ਬੀਤੇ ਦਿਨੀ ਸਮੂੰਹ ਮੈਂਬਰਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਫਰਿਜ਼ਨੋ ਦੇ ਤੰਦੂਰੀ ਨਾਈਟ ਰੈਸਟੋਰੈਂਟ ਵਿੱਚ ਦੁਪਹਿਰ ਦੇ ਖਾਣੇ 'ਤੇ ਬੁਲਾਇਆ ਗਿਆ। ਜਿੱਥੇ ਕੌਂਸ਼ਲ ਦੇ ਆਗੂ ਸੁਖਦੇਵ ਸਿੰਘ ਚੀਮਾਂ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਸਭ ਨੂੰ ਜਾਣ-ਪਹਿਚਾਣ ਕਰਵਾਉਣ ਨਾਲ ਸ਼ੁਰੂ ਹੋਈ ਵਿਚਾਰ ਚਰਚਾ। ਜਿੱਥੇ ਹਾਜ਼ਰ ਮੈਂਬਰਾਂ ਨੇ ਡਾ. ਪਿਆਰੇ ਲਾਲ ਗਰਗ ਨਾਲ ਭਾਈਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਿਸ਼ਿਆਂ 'ਤੇ ਵਿਚਾਰਾਂ ਦੀ ਸਾਂਝ ਪਾਈ। ਡਾ. ਪਿਆਰੇ ਲਾਲ ਗਰਗ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੇ ਹੱਕਾਂ ਲਈ ਬੋਲਦੇ ਰਹਿੰਦੇ ਹਨ। ਇਸੇ ਤਰ੍ਹਾਂ ਸਿੱਖ ਧਰਮ ਦੇ ਪ੍ਰਤੀ ਬਹੁਤ ਸ਼ਰਧਾ ਭਾਵਨਾ, ਗਿਆਨ ਅਤੇ ਸਤਿਕਾਰ ਰੱਖਦੇ ਹਨ। ਇਹੀ ਕਾਰਨ ਹੈ ਕਿ ਉਹ ਸਿੱਖ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਗੱਲ ਵੀ ਕਰਦੇ ਹਨ। ਇਸ ਸਮੇਂ ਹਾਜ਼ਰੀਨ ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਦੇ ਸਮੂੰਹ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਵੱਖ-ਵੱਖ ਹਲਾਤਾਂ ਵਾਰੇ ਵੀ ਵਿਚਾਰ ਚਰਚਾ ਖੁੱਲ ਕੇ ਹੋਈ। ਜਿੰਨਾਂ ਵਿੱਚ ਭਾਰਤ ਦੀ ਆਜ਼ਾਦੀ ਅਤੇ ਉੱਥੋਂ ਦੇ ਲੋਕ। ਮੌਜੂਦਾ ਸਰਕਾਰਾਂ ਦੇ ਕਾਰ-ਵਿਵਹਾਰ ਲੋਕਾਂ ਦੀ ਤ੍ਰਾਸਦੀ ਆਦਿਕ ਵਿਚਾਰਾਂ ਸ਼ਾਮਲ ਸਨ।



ਇਸ ਖਾਣੇ ਦੀ ਇਕੱਤਰਤਾ ਅਤੇ ਖੁੱਲੀ ਵਿਚਾਰ ਚਰਚਾ ਕਰਨ ਲਈ ਡਾ. ਪਿਆਰੇ ਲਾਲ ਗਰਗ ਨੇ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦਾ ਧੰਨਵਾਦ ਕੀਤਾ। ਇਸ ਸਮੇਂ ਡਾ. ਗਰਗ ਦਾ ਵਿਸ਼ੇਸ਼ ਧੰਨਵਾਦ ਕਰਨ ਵਾਲੇ ਬੁਲਾਰਿਆਂ ਵਿੱਚ ਸੁਖਦੇਵ ਸਿੰਘ ਚੀਮਾਂ, ਚਰਨਜੀਤ ਸਿੰਘ ਬਾਠ, ਪਰਮਪਾਲ ਸਿੰਘ ਆਦਿਕ ਸ਼ਾਮਲ ਸਨ। ਜਦ ਕਿ ਸਿੱਖ ਕੌਸ਼ਲ ਦੇ ਬਾਕੀ ਮੈਂਬਰਾਂ ਵਿੱਚ ਰਾਜਵਿੰਦਰ ਸਿੰਘ ਬਰਾੜ, ਗੁਰਜੰਟ ਸਿੰਘ ਗਿੱਲ, ਗੁਰਬਚਨ ਸਿੰਘ, ਭਰਪੂਰ ਸਿੰਘ ਧਾਲੀਵਾਲ, ਚਰਨਜੀਤ ਸਿੰਘ ਬਾਠ, ਪਿਸ਼ੌਰਾਂ ਸਿੰਘ ਢਿੱਲੋ, ਚਰਨਜੀਤ ਸਿੰਘ ਸਹੋਤਾ, ਲਖਵਿੰਦਰ ਸਿੰਘ ਬਰਾੜ, ਹਰਜਿੰਦਰ ਸਿੰਘ ਢਿੱਲੋ, ਡਾ. ਹਰਚਰਨ ਸਿੰਘ ਚੰਨ, ਡਾ. ਅਜੀਤ ਸਿੰਘ ਖੈਹਿਰਾ, ਕੈਪਟਨ ਹਰਦੇਵ ਸਿੰਘ ਗਿੱਲ, ਗੁਰਦੇਵ ਸਿੰਘ ਮੁਹਾਰ, ਸਤਵਿੰਦਰ ਸਿੰਘ ਬਲਗਨ, ਕੁਲਵੰਤ ਉੱਭੀ, ਪਰਮਪਾਲ ਸਿੰਘ, ਸਰਵਨ ਕੁਮਾਰ ਵਾਸਲ ਆਦਿਕ ਦੇ ਨਾਂ ਸਾਮਲ ਹਨ। ਅੰਤ ਚੰਗੀ ਨਿਗਰ ਸੋਚ ਰੱਖਣ ਵਾਲੀ ਵਿਚਾਰ ਚਰਚਾ ਅਤੇ ਸੁਆਦਿਸਟ ਖਾਣੇ ਦੇ ਨਾਲ ਇਹ ਦੁਪਿਹਰ ਯਾਦਗਾਰੀ ਹੋ ਨਿਬੜੀ।


# ਅਮਰੀਕਾ ਦੇ ਟੈਕਸਾਸ ਰਾਜ ਵਿਚ ਮੈਕਸੀਕੋ ਤੋਂ ਆਈ ਬੱਸ ਵਿਚੋਂ 22 ਕਿਲੋ ਤੋਂ ਵਧ ਕੋਕੀਨ ਫੜੀ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਟੈਕਸਾਸ ਰਾਜ ਵਿਚ ਯੂ ਐਸ ਕਸਟਮਜ ਅਧਿਕਾਰੀਆਂ ਵੱਲੋਂ ਮੈਕਸੀਕੋ ਤੋਂ ਆਈ ਇਕ ਕਮਰਸ਼ੀਅਲ ਬੱਸ ਵਿਚੋਂ 2 ਦਰਜਨ ਪੈਕਟ ਕੋਕੀਨ ਦੇ ਫੜੇ ਜਾਣ ਦੀ ਖਬਰ ਹੈ। ਏਜੰਸੀ ਨੇ ਕਿਹਾ ਹੈ ਕਿ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਫਸਰਾਂ ਨੇ ਰੋਮਾ ਕੌਮਾਂਤਰੀ ਪੁਲ ਉਪਰ ਇਕ ਬੱਸ ਵਿਚੋਂ ਵਰਣਨਯੋਗ ਮਾਤਰਾ ਵਿਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਰੋਮਾ ਦੱਖਣੀ ਟੈਕਸਾਸ ਵਿਚ ਰੀਓ ਗਰਾਂਡ ਦੇ ਨਾਲ ਮੈਕਐਲਨ ਦੇ ਉਤਰ ਪੱਛਮ ਵਿਚ ਮੋਟੇ ਤੌਰ 'ਤੇ 50 ਮੀਲ ਦੂਰ ਹੈ। ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਏਜੰਸੀ (ਸੀ ਬੀ ਪੀ) ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਬੱਸ ਦੇ ਪੁਲ ਉਪਰ ਪੁੱਜਣ 'ਤੇ ਜਦੋਂ ਅਫਸਰਾਂ ਨੇ ਇਸ ਦੀ ਡੂੰਘਾਈ ਨਾਲ ਤਲਾਸ਼ੀ ਲਈ ਤਾਂ ਇਸ ਵਿਚੋਂ ਤਕਰੀਬਨ 22 ਪੈਕਟ ਬਰਾਮਦ ਹੋਏ ਜਿਨਾਂ ਵਿਚ ਕੁਕੀਨ ਭਰੀ ਹੋਈ ਸੀ। ਕੁਕੀਨ ਦਾ ਕੁਲ ਭਾਰ ਤਕਰੀਬਨ 22 ਕਿਲੋ 500 ਗ੍ਰਾਮ ਹੈ ਜਿਸ ਦੀ ਬਜਾਰੀ ਕੀਮਤ 3,80,000 ਡਾਲਰ ਤੋਂ ਵਧ ਬਣਦੀ ਹੈ। ਏਜੰਸੀ ਨੇ ਇਸ ਮਾਮਲੇ ਵਿਚ ਹੋਰ ਜਾਣਕਾਰੀ ਨਹੀਂ ਦਿੱਤੀ ਹੈ। ਸੀ ਬੀ ਪੀ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਕਤੂਬਰ ਤੋਂ ਬਾਅਦ ਤਕਰੀਬਨ 10 ਮਹੀਨਿਆਂ ਵਿਚ ਏਜੰਸੀ ਵੱਲੋਂ 2,95,10,000 ਕਿਲੋਗ੍ਰਾਮ ਕੁਕੀਨ ਫੜੀ ਜਾ ਚੁੱਕੀ ਹੈ।

# ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਵਿਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ ਗੋਲੀਆਂ ਨਾਲ ਇਕ ਮੌਤ 8 ਹੋਰ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਪੱਛਮੀ ਫਿਲਾਡੈਲਫੀਆ ਸ਼ਹਿਰ ਵਿਚ ਇਕ ਜਨਮ ਦਿਨ ਬਲਾਕ ਪਾਰਟੀ ਦੌਰਾਨ ਤੜਕਸਾਰ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 9 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਗੋਲੀਬਾਰੀ ਵਿਚ ਇਕ 19 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਜਿਸ ਦੇ ਚੇਹਰੇ ਤੇ ਸਰੀਰ ਉਪਰ ਗੋਲੀਆਂ ਵੱਜੀਆਂ ਹਨ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਦੌਰਾਨ ਇਕ ਤੋਂ ਵਧ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ। ਇਹ ਘਟਨਾ ਅੱਧੀ ਰਾਤ ਤੋਂ ਬਾਅਦ 1.30 ਵਜੇ ਤੜਕਸਾਰ ਵਾਪਰੀ। ਫਿਲਾਡੈਲਫੀਆ ਪੁਲਿਸ ਦੇ ਇਕ ਬੁਲਾਰੇ ਅਨੁਸਾਰ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਥੇ ਭਾਰੀ ਭੀੜ ਮੌਜੂਦ ਸੀ ਤੇ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬੁਲਾਰੇ ਅਨੁਸਾਰ ਅਜੇ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਤੇ ਨਾ ਹੀ ਗੋਲੀ ਚੱਲਣ ਦਾ ਕਾਰਨ ਸਪੱਸ਼ਟ ਹੋ ਸਕਿਆ ਹੈ। ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਗੋਲੀ ਚਲਾਉਣ ਵਾਲੇ ਕਿੰਨੇ ਸਨ। ਪੁਲਿਸ ਅਨੁਸਾਰ ਮੌਕੇ ਤੋਂ 4 ਦਰਜਨ ਤੋਂ ਵਧ ਕਾਰਤੂਸਾਂ ਦੇ ਖੋਲ ਬਰਾਮਦ ਹੋਏ ਹਨ। 8 ਪੀੜਤ ਜਿਨਾਂ ਵਿਚ 5 ਔਰਤਾਂ, 2 ਲੜਕੀਆਂ ਤੇ 1 ਵਿਅਕਤੀ ਸ਼ਾਮਿਲ ਹੈ, ਜੇਰੇ ਇਲਾਜ ਹਨ। ਮੌਕੇ ਉਪਰ ਮੌਜੂਦ ਲੋਕਾਂ ਅਨੁਸਾਰ ਗੋਲੀਆਂ ਚੱਲਣ ਉਪਰੰਤ ਪਾਰਟੀ ਵਿਚ ਹਫੜਾ ਦਫੜੀ ਮੱਚ ਗਈ ਤੇ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ। ਇਸ ਦੌਰਾਨ ਵੀ ਕਈ ਲੋਕਾਂ ਦੇ ਜਖਮੀ ਹੋਣ ਦੀ ਰਿਪੋਰਟ ਹੈ।





ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਸਮਰਥ ਹਿੰਦੁਸਤਾਨ ਦੀ ਦੁਨੀਆ ਭਰ 'ਚ ਹੋ ਰਹੀ ਬੱਲੇ-ਬੱਲੇ

ਸੁਤੰਤਰਤਾ ਦਿਵਸ ਦੇ ਅਵਸਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਸੰਬੋਧਨ ਵਿਚ ਸੁਭਾਵਿਕ ਤੌਰ 'ਤੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਦੱਸਣ ਦੇ ਨਾਲ ਹੀ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅਸਰਦਾਰ ਰਸਤੇ ਦਾ ਵਿਸਥਾਰਪੂਰਵਕ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਕਿਉਂਕਿ ਆਪਣੀ ਸਰਕਾਰ ਦੇ ਦੂਜੇ ਕਾਰਜਕਾਲ ਵਿਚ ਅੰਤਿਮ ਵਾਰ ਸੁਤੰਤਰਤਾ ਦਿਵਸ 'ਤੇ ਦੇਸ਼ ਨੂੰ ਸੰਬੋਧਨ ਕਰ ਰਹੇ ਸਨ, ਇਸ ਲਈ ਉਨ੍ਹਾਂ ਦੇ ਭਾਸ਼ਣ 'ਤੇ ਦੇਸ਼-ਦੁਨੀਆ ਦੀਆਂ ਨਜ਼ਰਾਂ ਕੁਝ ਜ਼ਿਆਦਾ ਹੀ ਟਿਕੀਆਂ ਹੋਈਆਂ ਸਨ। ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਦੇ ਸੰਬੋਧਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਕਿਉਂਕਿ ਇਸ ਨਾਲ ਸਰਕਾਰ ਦੀ ਭਾਵੀ ਦਿਸ਼ਾ-ਦਸ਼ਾ ਦੀ ਝਲਕ ਮਿਲਦੀ ਹੈ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤੋਂ ਹੀ ਮੋਦੀ ਨੇ 2014 ਤੋਂ ਹੁਣ ਤਕ ਇਸ ਮੌਕੇ 'ਤੇ ਜੋ ਭਾਸ਼ਣ ਦਿੱਤੇ, ਉਹ ਕਈ ਮਹੱਤਵਪੂਰਨ ਐਲਾਨਾਂ ਲਈ ਜਾਣੇ ਜਾਂਦੇ ਹਨ।

ਇਸ ਵਾਰ ਵੀ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਨਾਲ ਦੇਸ਼ ਦੀ ਜਨਤਾ ਨੂੰ ਨਾ ਸਿਰਫ਼ ਪ੍ਰੇਰਿਤ ਕੀਤਾ ਬਲਕਿ ਇਹ ਭਰੋਸਾ ਵੀ ਦਿਵਾਇਆ ਕਿ ਭਾਰਤ ਸਹੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਇਸ ਤੋਂ ਇਲਾਵਾ ਰਵਾਇਤੀ ਕੌਸ਼ਲ ਵਾਲਿਆਂ ਦੀ ਭਲਾਈ ਲਈ ਉਨ੍ਹਾਂ ਨੇ ਵਿਸ਼ਵਕਰਮਾ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ। ਇਹ ਇਕ ਮਹੱਤਵਪੂਰਨ ਯੋਜਨਾ ਹੈ। ਇਸ ਵਿਚ ਸ਼ੱਕ ਨਹੀਂ ਕਿ ਬੀਤੇ ਲਗਪਗ ਦਸ ਸਾਲਾਂ ਵਿਚ ਦੇਸ਼ ਨੇ ਕਈ ਖੇਤਰਾਂ ਵਿਚ ਬੇਮਿਸਾਲ ਤਰੱਕੀ ਕੀਤੀ ਹੈ। ਇਸ ਦਾ ਸਭ ਤੋਂ ਵੱਧ ਸਿਹਰਾ ਚੁਣੌਤੀਆਂ ਨਾਲ ਨਜਿੱਠਣ ਦੀ ਪ੍ਰਧਾਨ ਮੰਤਰੀ ਦੀ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਜਾਂਦਾ ਹੈ। ਇਹ ਉਨ੍ਹਾਂ ਦੀ ਸਮਰੱਥ ਅਗਵਾਈ ਦਾ ਹੀ ਨਤੀਜਾ ਹੈ ਕਿ ਦੇਸ਼ ਕੋਵਿਡ ਮਹਾਮਾਰੀ ਵਰਗੀ ਆਲਮੀ ਚੁਣੌਤੀ ਨਾਲ ਨਜਿੱਠ ਸਕਿਆ। ਉਸ ਕਠਿਨ ਦੌਰ ਵਿਚ ਜਦ ਵਿਸ਼ਵ ਦੇ ਸਾਰੇ ਅਰਥਚਾਰੇ ਢਹਿ-ਢੇਰੀ ਹੋ ਗਏ ਸਨ ਉਦੋਂ ਦੇਸ਼ ਦਾ ਅਰਥਚਾਰਾ ਉਮੀਦ ਮੁਤਾਬਕ ਸੰਭਲਿਆ ਰਿਹਾ।

ਅੱਜ ਭਾਰਤੀ ਅਰਥਚਾਰੇ ਵਿਚ ਜੋ ਤੇਜ਼ੀ ਦਿਸ ਰਹੀ ਹੈ, ਉਹ ਪੀਐੱਮ ਦੀਆਂ ਦੂਰਦਰਸ਼ੀ ਨੀਤੀਆਂ ਦਾ ਹੀ ਨਤੀਜਾ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਦੇਸ਼ ਨੂੰ ਇਹ ਚੇਤੇ ਕਰਵਾਇਆ ਕਿ ਪਿਛਲੀਆਂ ਸਰਕਾਰਾਂ ਵਿਚ ਕਿਸ ਤਰ੍ਹਾਂ ਗ਼ਰੀਬਾਂ ਦੀ ਭਲਾਈ ਲਈ ਖ਼ਰਚ ਕੀਤਾ ਜਾਣ ਵਾਲਾ ਧਨ ਭ੍ਰਿਸ਼ਟ ਲੋਕਾਂ ਦੀ ਜੇਬ ਵਿਚ ਪੁੱਜ ਜਾਂਦਾ ਸੀ। ਅੱਜ ਜੇਕਰ ਇਹ ਸਥਿਤੀ ਬਦਲੀ ਹੈ ਤਾਂ ਇਸ ਦੀ ਸਭ ਤੋਂ ਵੱਡੀ ਵਜ੍ਹਾ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਕੀਤੇ ਗਏ ਸੰਸਥਾਗਤ ਸੁਧਾਰ ਹਨ।

ਇਹ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਲਗਪਗ 27 ਲੱਖ ਕਰੋੜ ਰੁਪਏ ਅਨੇਕ ਯੋਜਨਾਵਾਂ ਦੇ ਯੋਗ ਲਾਭਪਾਤਰੀਆਂ ਦੇ ਖਾਤਿਆਂ ਵਿਚ ਸਿੱਧੇ ਭੇਜਣ ਵਿਚ ਕਾਮਯਾਬ ਰਹੀ ਹੈ। ਘਰੇਲੂ ਮੁਹਾਜ਼ 'ਤੇ ਅਨੇਕ ਕਾਮਯਾਬੀਆਂ ਹਾਸਲ ਕਰਨ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਭਾਰਤ ਦਾ ਕੌਮਾਂਤਰੀ ਪੱਧਰ 'ਤੇ ਮਾਣ-ਤਾਣ ਵਧਾਉਣ ਦਾ ਕੰਮ ਵੀ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਇਸ ਦਾ ਜ਼ਿਕਰ ਕਰਦੇ ਹੋਏ ਉਹ ਕਾਰਨ ਵੀ ਗਿਣਾਏ ਜਿਨ੍ਹਾਂ ਦੀ ਵਜ ?ਹਾ ਨਾਲ ਦੁਨੀਆ ਭਾਰਤ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। ਇਨ੍ਹਾਂ 'ਚੋਂ ਇਕ ਭਾਰਤ ਦੀ ਯੁਵਾ ਸ਼ਕਤੀ ਹੈ। ਵਿਸ਼ਵ ਵਿਚ 30 ਸਾਲ ਤੋਂ ਘੱਟ ਉਮਰ ਦੀ ਸਭ ਤੋਂ ਵੱਧ ਆਬਾਦੀ ਭਾਰਤ ਵਿਚ ਹੈ।

ਇਸ ਯੁਵਾ ਸ਼ਕਤੀ ਨੂੰ ਇਹ ਮੌਕਾ ਮਿਲਿਆ ਹੈ ਕਿ ਉਹ ਆਪਣੀ ਊਰਜਾ ਅਤੇ ਸੰਕਲਪ ਨਾਲ ਦੇਸ਼ ਨੂੰ ਉਹ ਖ਼ੁਸ਼ਹਾਲੀ ਪ੍ਰਦਾਨ ਕਰੇ ਜੋ ਕਦੇ ਭਾਰਤ ਦੀ ਪਛਾਣ ਹੋਇਆ ਕਰਦੀ ਸੀ। ਇਹ ਅਚਾਨਕ ਨਹੀਂ ਹੋਇਆ ਕਿ ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਭ੍ਰਿਸ਼ਟਾਚਾਰ ਨੂੰ ਉਹ ਸਿਓਂਕ ਕਿਹਾ ਜੋ ਦੇਸ਼ ਦੀਆਂ ਸੰਭਾਵਨਾਵਾਂ ਨੂੰ ਖੋਖਲਾ ਕਰ ਰਹੀ ਹੈ। ਲਾਲ ਕਿਲ੍ਹੇ ਦੀ ਫਸੀਲ ਤੋਂ ਉਨ੍ਹਾਂ ਨੇ ਭ੍ਰਿਸ਼ਟਾਚਾਰ ਨੂੰ ਹਰ ਕੀਮਤ 'ਤੇ ਜੜ੍ਹੋਂ ਮਿਟਾਉਣ ਦੀ ਗੱਲ ਕਹਿ ਕੇ ਨਵੇਂ ਸਿਰੇ ਤੋਂ ਸਾਫ਼ ਕਰ ਦਿੱਤਾ ਕਿ ਉਹ ਇਸ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਦਾ ਇਹ ਸੰਕਲਪ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਹੇਠਲੇ ਪੱਧਰ 'ਤੇ ਭ੍ਰਿਸ਼ਟਾਚਾਰ ਦੀ ਸਮੱਸਿਆ ਜਿਉਂ ਦੀ ਤਿਉਂ ਹੈ। ਜਿੰਨੀ ਦੇਰ ਭਿ ?ਰਸ਼ਟਾਚਾਰੀਆਂ ਨੂੰ ਨੱਥ ਨਹੀਂ ਪਾਈ ਜਾਂਦੀ, ਓਨੀ ਦੇਰ ਮੁਲਕ ਦੇ ਹਾਲਾਤ ਹਰਗਿਜ਼ ਸੁਧਰਨ ਵਾਲੇ ਨਹੀਂ ਹਨ। ਭ੍ਰਿਸ਼ਟਾਚਾਰ ਕਾਰਨ ਸਰਕਾਰਾਂ ਦੀ ਕਾਰਗੁਜ਼ਾਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਮੋਦੀ ਸਰਕਾਰ ਨੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਰਸੂਖ਼ਦਾਰ ਲੋਕਾਂ ਵਿਰੁੱਧ ਕਿਸ ਤਰ੍ਹਾਂ ਕਾਰਵਾਈ ਤੇਜ਼ ਕੀਤੀ ਹੈ, ਇਸ ਦਾ ਸਬੂਤ ਇਹ ਹੈ ਕਿ ਸਿਰਫ਼ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਮਨੀ ਲਾਂਡਰਿੰਗ ਰੋਕਥਾਮ ਕਾਨੂੰਨ ਤਹਿਤ ਇਕ ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੀ ਸੰਪਤੀ ਜ਼ਬਤ ਕਰ ਚੁੱਕਾ ਹੈ। ਇਸ ਤੋਂ ਬਾਅਦ ਵੀ ਇਹ ਇਕ ਸੱਚਾਈ ਹੈ ਕਿ ਨੇਤਾਵਾਂ ਅਤੇ ਨੌਕਰਸ਼ਾਹਾਂ ਦਾ ਇਕ ਵਰਗ ਅਜੇ ਵੀ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ।

ਉਨ੍ਹਾਂ ਦਾ ਇਹ ਭ੍ਰਿਸ਼ਟਾਚਾਰ ਦੇਸ਼ ਦੇ ਵਿਕਾਸ ਵਿਚ ਅੜਿੱਕਾ ਹੈ। ਪ੍ਰਧਾਨ ਮੰਤਰੀ ਨੇ ਜਿਸ ਤਰ੍ਹਾਂ ਇਸ ਨੂੰ ਸਭ ਤੋਂ ਵੱਡੀਆਂ ਬੁਰਾਈਆਂ ਵਿੱਚੋਂ ਇਕ ਦੱਸਿਆ, ਉਸ ਤੋਂ ਇਹ ਆਸ ਬੱਝੀ ਹੈ ਕਿ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਦੇ ਯਤਨ ਹੋਰ ਤੇਜ਼ ਹੋਣਗੇ। ਸੰਨ 2047 ਵਿਚ ਸੁਤੰਤਰਤਾ ਦੇ ਸੌ ਵਰ੍ਹੇ ਪੂਰੇ ਹੋ ਜਾਣਗੇ। ਇਸ ਲਿਹਾਜ਼ ਨਾਲ ਅਗਲੇ 25 ਸਾਲਾਂ ਨੂੰ ਅੰਮ੍ਰਿਤਕਾਲ ਮੰਨਿਆ ਜਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਆਉਣ ਵਾਲੇ ਪੰਜ ਸਾਲ ਸਭ ਤੋਂ ਮਹੱਤਵਪੂਰਨ ਦੱਸੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮਜ਼ਬੂਤ-ਸਮਰੱਥ ਭਾਰਤ ਬਣਾਉਣ ਦਾ ਆਧਾਰ ਤਿਆਰ ਕਰਾਂਗੇ।

ਦੇਸ਼ ਦੀ ਆਰਥਿਕਤਾ ਜਿਸ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ, ਉਸ ਨੂੰ ਦੇਖਦੇ ਹੋਏ ਇਸ ਵਿਚ ਸ਼ੱਕ ਨਹੀਂ ਕਿ 2047 ਤਕ ਭਾਰਤ ਆਰਥਿਕ ਨਜ਼ਰੀਏ ਨਾਲ ਮੋਹਰੀ ਮੁਲਕਾਂ ਵਿਚ ਹੋਵੇਗਾ ਪਰ ਵਿਕਸਤ ਦੇਸ਼ ਦੀ ਕਸੌਟੀ ਦਾ ਸਿਰਫ਼ ਇਹੀ ਪੈਮਾਨਾ ਨਹੀਂ ਹੈ। ਆਮ ਤੌਰ 'ਤੇ ਇਹ ਭਾਵ ਅਨੁਸ਼ਾਸਨਹੀਣਤਾ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਆਮ ਲੋਕਾਂ ਨੂੰ ਸਮਝਣਾ ਹੋਵੇਗਾ ਕਿ ਦੇਸ਼ ਲਈ ਉਨ੍ਹਾਂ ਨੂੰ ਆਪਣੇ ਨਾਗਰਿਕ ਫ਼ਰਜ਼ਾਂ ਪ੍ਰਤੀ ਉਸੇ ਤਰ੍ਹਾਂ ਦਾ ਸਮਰਪਣ ਦਿਖਾਉਣਾ ਹੋਵੇਗਾ ਜਿਹੋ ਜਿਹਾ ਪ੍ਰਧਾਨ ਮੰਤਰੀ ਦਿਖਾ ਰਹੇ ਹਨ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਪਰਿਵਾਰਵਾਦ ਨਾਲ ਲੜਨ ਦਾ ਜੋ ਸੰਕਲਪ ਜ਼ਾਹਰ ਕੀਤਾ, ਉਹ ਸਮੇਂ ਦੀ ਮੰਗ ਹੈ। ਪਰਿਵਾਰਵਾਦ ਸਮਾਜਿਕ ਨਿਆਂ ਦੇ ਨਾਲ-ਨਾਲ ਦੇਸ਼ ਦੀ ਤਰੱਕੀ ਵਿਚ ਵੀ ਅੜਿੱਕਾ ਹੈ।

ਇਹ ਲੋਕਤੰਤਰ ਦੇ ਮੂਲ ਸਿਧਾਂਤ ਦੇ ਵੀ ਖ਼ਿਲਾਫ਼ ਹੈ। ਲੋਕਤੰਤਰ 'ਜਨਤਾ ਦਾ, ਜਨਤਾ ਦੁਆਰਾ ਅਤੇ ਜਨਤਾ ਲਈ' ਦੇ ਸਿਧਾਂਤ 'ਤੇ ਚੱਲਦਾ ਹੈ ਜਦਕਿ ਪਰਿਵਾਰ ਆਧਾਰਤ ਪਾਰਟੀਆਂ ਲਈ ਪਰਿਵਾਰ ਹੀ ਸਭ ਕੁਝ ਹੁੰਦਾ ਹੈ। ਜੇਕਰ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣਾ ਹੈ ਅਤੇ ਵਿਕਾਸ ਦੀ ਰਫ਼ਤਾਰ ਤੇਜ਼ ਕਰਨੀ ਹੈ ਤਾਂ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਨੂੰ ਪੂਰੀ ਤਰ੍ਹਾਂ ਸਮਾਪਤ ਕਰਨਾ ਹੋਵੇਗਾ।

ਉਹ ਸਾਰੇ ਕਾਰਨ ਪਹਿਲ ਦੇ ਆਧਾਰ 'ਤੇ ਦੂਰ ਕਰਨੇ ਹੋਣਗੇ ਜਿਨ੍ਹਾਂ ਕਾਰਨ ਦੇਸ਼ ਤਰੱਕੀ ਪੱਖੋਂ ਪਿਛਾਂਹ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਦੇ ਏਜੰਡੇ ਨੂੰ ਰੇਖਾਂਕਿਤ ਕਰ ਦਿੱਤਾ ਹੈ। ਹੁਣ ਦੇਸ਼ ਨੂੰ ਵੀ ਉਨ੍ਹਾਂ ਦੇ ਇਸ ਏਜੰਡੇ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੋਵੇਗਾ।

-ਸੰਜੇ ਗੁਪਤ

# ਵੱਡੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ 'ਬਰੇਨ ਡਰੇਨ'

-ਡਾ. ਨਰਪਿੰਦਰ ਸਿੰਘ




ਪੰਜਾਬ ਸਰਕਾਰ ਨੂੰ ਸੂਬੇ ਵਿੱਚੋਂ ਬਰੇਨ ਡਰੇਨ ਨੂੰ ਘਟਾਉਣ ਲਈ ਤੁਰੰਤ ਉਪਰਾਲੇ ਕਰਨ ਦੀ ਲੋੜ ਹੈ। ਬਰੇਨ ਡਰੇਨ ਦਾ ਮਤਲਬ ਹੈ ਹੁਨਰਮੰਦ ਵਿਅਕਤੀਆਂ ਦਾ ਆਪਣੇ ਦੇਸ਼ ਤੋਂ ਪਰਵਾਸ ਕਰਨਾ। ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੀ ਚੋਣ ਕਰਨ ਵਾਲੇ ਵਿਦਿਆਰਥੀਆਂ ਦੀ ਸੰਖਿਆ 2017 'ਚ 454,009 ਸੀ ਤੇ 2018 ਵਿਚ 517,998 ਜਦਕਿ 2019 ਵਿਚ ਇਹ ਅੰਕੜਾ ਹੋਰ ਵਧ ਕੇ 586,337 ਹੋ ਗਿਆ ਸੀ। ਹਾਲਾਂਕਿ, ਕੋਵਿਡ-19 ਮਹਾਮਾਰੀ ਕਾਰਨ ਇਹ ਸੰਖਿਆ 2020 ਵਿਚ ਘਟ ਕੇ 259,655 ਰਹਿ ਗਈ ਸੀ। ਬਰੇਨ ਡਰੇਨ ਇਕ ਗੁੰਝਲਦਾਰ ਚੁਣੌਤੀ ਹੈ। ਪੜ੍ਹੇ-ਲਿਖੇ ਤੇ ਹੁਨਰਮੰਦ ਲੋਕਾਂ ਨੂੰ ਪਰਵਾਸ ਤੋਂ ਰੋਕਣ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ।

ਪਹਿਲਾ ਕਦਮ ਰਾਜ ਵਿਚ ਹਾਲਾਤ ਨੂੰ ਸੁਧਾਰਨਾ ਹੈ। ਸਾਨੂੰ ਆਪਣੇ ਰਾਜ ਵਿਚ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਾਹੌਲ ਨੂੰ ਸੁਧਾਰਨ ਦੀ ਲੋੜ ਹੈ ਤਾਂ ਜੋ ਹੁਨਰਮੰਦ ਵਿਅਕਤੀਆਂ ਦੇ ਰਹਿਣ ਲਈ ਇਸ ਨੂੰ ਹੋਰ ਆਕਰਸ਼ਕ ਬਣਾਇਆ ਜਾ ਸਕੇ। ਇਸ ਵਿਚ ਨੌਕਰੀਆਂ ਦੇ ਮੌਕੇ ਪੈਦਾ ਕਰਨਾ, ਨਿਰਪੱਖ ਮੁਆਵਜ਼ੇ ਨੂੰ ਯਕੀਨੀ ਬਣਾਉਣਾ, ਇਕ ਅਨੁਕੂਲ ਕੰਮ-ਜੀਵਨ ਸੰਤੁਲਨ ਪ੍ਰਦਾਨ ਕਰਨਾ ਅਤੇ ਕਰੀਅਰ ਦੇ ਵਾਧੇ ਲਈ ਮੌਕੇ ਪ੍ਰਦਾਨ ਕਰਨਾ ਆਦਿ ਸ਼ਾਮਲ ਹੈ। ਅਨੁਕੂਲ ਕੰਮ-ਜੀਵਨ ਸੰਤੁਲਨ ਦਾ ਮਤਲਬ ਹੈ ਕਿਸੇ ਦੀਪੇਸ਼ੇਵਰ ਵਚਨਬੱਧਤਾ ਅਤੇ ਨਿੱਜੀ ਜੀਵਨ ਵਿਚਕਾਰ ਇਕ ਸਿਹਤਮੰਦ ਸੰਤੁਲਨ ਪ੍ਰਾਪਤ ਕਰਨਾ। ਪੰਜਾਬ ਵਿਚ ਸਿੱਖਿਆ ਦਾ ਮਿਆਰ ਵਿਗੜ ਰਿਹਾ ਹੈ ਅਤੇ ਸਾਨੂੰ ਸਿੱਖਿਆ ਅਤੇ ਖੋਜ ਕਾਰਜਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਾਨੂੰ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਆਪਣੇ ਦੇਸ਼ 'ਚ ਰੱਖਣ ਲਈ ਮਿਆਰੀ ਸਿੱਖਿਆ ਤੇ ਖੋਜ ਕਾਰਜਾਂ ਵਿਚ ਨਿਵੇਸ਼ ਕਰਨ ਦੀ ਲੋੜ ਹੈ। ਨਾਲ ਹੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਅਜਿਹੇ ਕੇਂਦਰਾਂ ਨੂੰ ਵਿਕਸਤ ਕਰਨ ਦੀ ਜ਼ਰੂਰਤ ਹੈ ਜੋ ਵਿਦਿਆਰਥੀਆਂ ਨੂੰ ਇੰਟਰਨਸ਼ਿਪ, ਵਿਹਾਰਕ ਸਿਖਲਾਈ ਅਤੇ ਅਸਲ-ਸੰਸਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਮੌਕੇ ਪ੍ਰਦਾਨ ਕਰਨ। ਅਕਾਦਮਿਕ ਪ੍ਰੋਗਰਾਮਾਂ, ਖੋਜ ਸਹੂਲਤਾਂ ਅਤੇ ਹੁਨਰਮੰਦ ਵਿਅਕਤੀਆਂ ਨੂੰ ਆਕਰਸ਼ਤ ਕਰਨ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਲਈ ਫੰਡਿੰਗ ਦੇ ਮੌਕਿਆਂ ਨੂੰ ਵਧਾਉਣ ਲਈ ਵਧੇਰੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਅਜਿਹਾ ਕਰ ਕੇ ਅਸੀਂ ਹੁਸ਼ਿਆਰ ਵਿਦਿਆਰਥੀਆਂ ਨੂੰ ਰਾਜ ਲਈ ਕੰਮ ਕਰਨ ਲਈ ਮਨਾ ਸਕਦੇ ਹਾਂ ਜੋ ਰਾਜ ਵਿਚ ਪੜ੍ਹਾਈ ਕਰਨ ਅਤੇ ਕੰਮ ਕਰਨ ਲਈ ਤਿਆਰ ਹੋ ਸਕਦੇ ਹਨ। ਤਨਖ਼ਾਹਾਂ ਤੇ ਪ੍ਰੋਤਸਾਹਨ ਲਈ ਪ੍ਰਬੰਧਾਂ ਦੀ ਲੋੜ ਹੈ।

ਹੁਨਰਮੰਦ ਵਿਅਕਤੀਆਂ ਨੂੰ ਬਰਕਰਾਰ ਰੱਖਣ ਲਈ ਪ੍ਰਤੀਯੋਗੀ ਮੁਆਵਜ਼ੇ ਦੇ ਪੈਕੇਜਾਂ ਵਿਚ ਤਨਖ਼ਾਹ ਅਤੇ ਪ੍ਰੋਤਸਾਹਨ ਦੀ ਪੇਸ਼ਕਸ਼ ਸ਼ਾਮਲ ਹੋ ਸਕਦੀ ਹੈ। ਵਿਦੇਸ਼ਾਂ ਵਿਚ ਦਿੱਤੀਆਂ ਜਾ ਰਹੀਆਂ ਤਨਖ਼ਾਹਾਂ ਦਾ ਮੇਲ ਕਰਨਾ ਬਹੁਤ ਮੁਸ਼ਕਲ ਹੈ ਪਰ ਅਸੀਂ ਰਾਜ ਅਤੇ ਹੋਰ ਦੇਸ਼ਾਂ ਜਿਵੇਂ ਕਿ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਤੇ ਅਮਰੀਕਾ ਵਿਚ ਤਨਖ਼ਾਹ ਵਿਚਾਲੇ ਅੰਤਰਾਲ ਨੂੰ ਘਟਾ ਸਕਦੇ ਹਾਂ ਜਿੱਥੇ ਬ੍ਰੇਨ ਡਰੇਨ ਪ੍ਰਚੱਲਿਤ ਹੈ। ਉੱਦਮਤਾ ਅਤੇ ਨਵੀਨਤਾ ਈਕੋਸਿਸਟਮ ਦਾ ਵਿਕਾਸ ਰਾਜ ਦੁਆਰਾ ਚੁੱਕੇ ਜਾਣ ਵਾਲਾ ਇਕ ਹੋਰ ਕਦਮ ਹੋ ਸਕਦਾ ਹੈ। ਸਾਨੂੰ ਇਕ ਅਜਿਹੇ ਮਾਹੌਲ ਦਾ ਪਾਲਣ-ਪੋਸ਼ਣ ਕਰਨ ਦੀ ਲੋੜ ਹੈ ਜੋ ਉੱਦਮਤਾ ਨੂੰ ਉਤਸ਼ਾਹਤ ਕਰਦਾ ਹੈ ਅਤੇ ਨਵੀਨਤਾ ਦਾ ਸਮਰਥਨ ਕਰਦਾ ਹੈ। ਸਟਾਰਟਅੱਪ ਇਨਕਿਊਬੇਟਰ ਕੇਂਦਰ ਬਣਾਉਣ ਦੀ ਜ਼ਰੂਰਤ ਹੈ, ਫੰਡਿੰਗ ਦੇ ਮੌਕੇ ਪ੍ਰਦਾਨ ਕਰਨ ਦੀ ਲੋੜ ਹੈ ਅਤੇ ਵਿਅਕਤੀਆਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਅਤੇ ਸਥਾਨਕ ਆਰਥਿਕਤਾ ਵਿਚ ਯੋਗਦਾਨ ਪਾਉਣ ਦੇ ਯੋਗ ਬਣਾਉਣ ਲਈ ਸਹਾਇਕ ਨੀਤੀਆਂ ਨੂੰ ਸਥਾਪਤ ਕਰਨ ਦੀ ਵੀ ਲੋੜ ਹੈ। ਵਿਦਿਆਰਥੀ ਉਦਯੋਗਾਂ ਵਿਚ ਇੰਟਰਨਸ਼ਿਪ ਪ੍ਰਾਪਤ ਕਰਨ ਵਿਚ ਘੱਟ ਦਿਲਚਸਪੀ ਰੱਖਦੇ ਹਨ। ਬਹੁਤ ਸਾਰੇ ਕੋਰਸਾਂ ਦੀਆਂ ਸ਼ਰਤਾਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਇੰਟਰਨਸ਼ਿਪ ਜਾਂ ਉਦਯੋਗਿਕ ਸਿਖਲਾਈ ਪੂਰੀ ਕਰਨੀ ਪੈਂਦੀ ਹੈ ਹਾਲਾਂਕਿ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇੰਟਰਨਸ਼ਿਪ ਸਰਟੀਫਿਕੇਟ ਪ੍ਰਾਪਤ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀ ਡਿਗਰੀ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੁੰਦਾ ਹੈ। ਵਿਦਿਆਰਥੀ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਅਤੇ ਬਿਨਾਂ ਹਾਜ਼ਰੀ ਦੇ ਸਰਟੀਫਿਕੇਟ ਪ੍ਰਾਪਤ ਕਰ ਰਹੇ ਹਨ। ਇਹ ਬੇਕਾਰ ਹੈ ਅਤੇ ਸਿਖਲਾਈ ਦੇ ਉਦੇਸ਼ ਦੀ ਪੂਰਤੀ ਨਹੀਂ ਕਰਦਾ ਹੈ। ਯੂਨੀਵਰਸਿਟੀਆਂ ਨੂੰ ਉਦਯੋਗ ਕੰਪਨੀਆਂ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ। ਯੂਨੀਵਰਸਿਟੀਆਂ ਨੂੰ ਹੋਰ ਖੋਜ ਸੰਸਥਾਵਾਂ ਅਤੇ ਉਦਯੋਗਾਂ ਨਾਲ ਸਾਂਝੇਦਾਰੀ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਜੋ ਨਵੀਨਤਾ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ ਤੇ ਨੌਕਰੀ ਦੇ ਮੌਕੇ ਪੈਦਾ ਕੀਤੇ ਜਾ ਸਕਣ। ਇਹ ਹੁਨਰਮੰਦ ਵਿਅਕਤੀਆਂ ਲਈ ਸਥਾਨਕ ਤੌਰ 'ਤੇ ਆਪਣੀ ਮੁਹਾਰਤ ਦੀ ਵਰਤੋਂ ਕਰਨ ਲਈ ਇਕ ਅਨੁਕੂਲ ਮਾਹੌਲ ਪੈਦਾ ਕਰੇਗਾ।

ਇਸ ਦੇ ਨਾਲ ਹੀ ਬੁਨਿਆਦੀ ਢਾਂਚੇ ਅਤੇ ਸਰੋਤਾਂ ਨੂੰ ਵਧਾਉਣ ਦੀ ਲੋੜ ਹੈ। ਰਾਜ ਨੂੰ ਖੋਜ ਸਹੂਲਤਾਂ ਸਮੇਤ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਨਿਵੇਸ਼ ਕਰਨਾ ਚਾਹੀਦਾ ਹੈ। ਇਹ ਸੁਧਾਰ ਰਾਜ ਵਿਚ ਹੁਨਰਮੰਦ ਵਿਅਕਤੀਆਂ ਲਈ ਬਿਹਤਰ ਸਰੋਤ ਅਤੇ ਮੌਕੇ ਪ੍ਰਦਾਨ ਕਰ ਸਕਦੇ ਹਨ। ਰਾਜ ਨੂੰ ਪਰਵਾਸ ਕਰਨ ਵਾਲੇ (ਦੇਸ਼ ਤੋਂ ਬਾਹਰ ਜਾਣ ਵਾਲੇ) ਹੁਨਰਮੰਦ ਵਿਅਕਤੀਆਂ ਨੂੰ ਆਪੋ-ਆਪਣੇ ਰਾਜ ਵਿਚ ਵਾਪਸ ਆਉਣ ਲਈ ਉਤਸ਼ਾਹਤ ਕਰਨ ਲਈ ਪ੍ਰੋਗਰਾਮ ਵਿਕਸਤ ਕਰਨ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਖੋਜ ਗ੍ਰਾਂਟਾਂ, ਨੌਕਰੀ ਦੇ ਮੌਕੇ, ਟੈਕਸ ਲਾਭ ਜਾਂ ਕਾਰੋਬਾਰ ਸ਼ੁਰੂ ਕਰਨ ਲਈ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਇਹ ਪਹਿਲਕਦਮੀਆਂ ਹੁਨਰਮੰਦ ਵਿਅਕਤੀਆਂ ਨੂੰ ਆਪਣੇ ਦੇਸ਼ ਵਾਪਸੀ ਲਈ ਆਕਰਸ਼ਿਤ ਕਰ ਸਕਦੀਆਂ ਹਨ ਅਤੇ ਉਨ੍ਹਾਂ ਦੀ ਮੁਹਾਰਤ ਦਾ ਲਾਭ ਉਠਾ ਸਕਦੀਆਂ ਹਨ। ਸਾਨੂੰ ਗਿਆਨ ਦੇ ਅਦਾਨ-ਪ੍ਰਦਾਨ, ਤਕਨਾਲੋਜੀ ਦੇ ਤਬਾਦਲੇ ਅਤੇ ਹੁਨਰ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਹੋਰ ਦੇਸ਼ਾਂ ਵਿਚ ਸੈਟਲ ਹੋਣ ਵਾਲੇ ਲੋਕਾਂ ਨਾਲ ਸਾਂਝੇਦਾਰੀ ਅਤੇ ਸਹਿਯੋਗ ਵਿਕਸਤ ਕਰਨ ਦੀ ਵੀ ਲੋੜ ਹੈ। ਉਨ੍ਹਾਂ ਨਾਲ ਸੰਪਰਕ ਕਰ ਕੇ ਰਾਜ ਤੇ ਦੇਸ਼ ਦੋਵਾਂ ਨੂੰ ਲਾਭ ਪਹੁੰਚਾਉਣ ਲਈ ਸਰੋਤ, ਮੁਹਾਰਤ ਅਤੇ ਖੋਜ ਭਰਪੂਰ ਖੋਜਾਂ ਨੂੰ ਸਾਂਝਾ ਕਰਨ ਲਈ ਉਤਸ਼ਾਹਤ ਕੀਤਾ ਜਾ ਸਕਦਾ ਹੈ।

ਸਾਨੂੰ ਸੱਭਿਆਚਾਰਕ ਅਦਾਨ-ਪ੍ਰਦਾਨ, ਨੈੱਟਵਰਕਿੰਗ ਸਮਾਗਮਾਂ ਤੇ ਸਮਾਜਿਕ ਪਹਿਲਾਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ ਜੋ ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਵਿਚ ਪਰਵਾਸੀਆਂ ਨਾਲ ਪੇਸ਼ੇਵਰਾਂ ਨੂੰ ਜੋੜਦੀਆਂ ਹਨ। ਇਹ ਦੇਸ਼ ਤੋਂ ਪਰਵਾਸ ਕਰਨ ਦੀ ਇੱਛਾ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ। ਸਾਨੂੰ ਬਰੇਨ ਡਰੇਨ ਦੇ ਮੂਲ ਕਾਰਨਾਂ ਨੂੰ ਲੱਭ ਕੇ ਉਨ੍ਹਾਂ ਦਾ ਹੱਲ ਕਰਨ ਦੀ ਲੋੜ ਹੈ। ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਇਕ ਅਜਿਹਾ ਮਾਹੌਲ ਸਿਰਜਣ ਲਈ ਲੰਬੇ ਸਮੇਂ ਦੀਆਂ ਰਣਨੀਤੀਆਂ ਅਤੇ ਵਿਆਪਕ ਸੁਧਾਰਾਂ ਦੀ ਲੋੜ ਹੈ ਜੋ ਹੁਨਰਮੰਦ ਵਿਅਕਤੀਆਂ ਨੂੰ ਬਰਕਰਾਰ ਰੱਖਣ (ਵਿਦੇਸ਼ ਜਾਣ ਤੋਂ ਰੋਕਣ) ਤੇ ਆਕਰਸ਼ਿਤ ਕਰਨ। ਸਭ ਤੋਂ ਅਹਿਮ ਚੁਣੌਤੀਆਂ'ਚੋਂ ਇਕ ਉੱਚ ਸਿੱਖਿਆ ਦੀ ਵਧ ਰਹੀ ਲਾਗਤ ਹੈ। ਹਾਲਾਂਕਿ ਸਰਕਾਰ ਨੇ ਵਿਦਿਆਰਥੀ-ਅਨੁਕੂਲ ਕਰਜ਼ੇ ਦੇ ਵਿਕਲਪ ਪੇਸ਼ ਕੀਤੇ ਹਨ ਪਰ ਵਿਦਿਆਰਥੀ ਕਰਜ਼ੇ ਦਾ ਸੰਗ੍ਰਹਿ ਚਿੰਤਾਜਨਕ ਦਰ ਨਾਲ ਵਧ ਰਿਹਾ ਹੈ। ਕਰਜ਼ੇ ਦੇ ਪੱਧਰਾਂ ਵਿਚ ਇਹ ਵਾਧਾ ਵਿੱਤੀ ਸਥਿਰਤਾ ਨੂੰ ਖ਼ਤਰੇ ਵਿਚ ਪਾਉਣ ਅਤੇ ਜੀਵਨ ਦੇ ਅਹਿਮ ਫ਼ੈਸਲਿਆਂ ਨੂੰ ਮੁਲਤਵੀ ਕਰਨ ਦੀ ਸਮਰੱਥਾ ਰੱਖਦਾ ਹੈ ਜਿਸ ਵਿਚ ਘਰ ਦੀ ਮਲਕੀਅਤ ਤੇ ਪਰਿਵਾਰਕ ਸਥਾਪਨਾ ਸ਼ਾਮਲ ਹੈ। ਇਸ ਤੋਂ ਇਲਾਵਾ ਇੱਥੇ ਕਲਪਨਾਯੋਗ ਹਕੀਕਤ ਮੌਜੂਦ ਹੈ ਕਿ ਗ੍ਰੈਜੂਏਟਾਂ ਨੂੰ ਆਪਣੇ ਵਿੱਦਿਅਕ ਕਰਜ਼ਿਆਂ ਦੀ ਮੁੜ ਅਦਾਇਗੀ ਦੀ ਸਹੂਲਤ ਲਈ ਲੋੜੀਂਦੀ ਤਨਖ਼ਾਹ ਪ੍ਰਾਪਤ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿਚ ਪੇਸ਼ ਕੀਤੀ ਜਾਂਦੀ ਸਿੱਖਿਆ ਦੀ ਯੋਗਤਾ ਨੂੰ ਕਾਇਮ ਰੱਖਣ ਲਈ ਸਾਡੀ ਵਚਨਬੱਧਤਾ ਵੀ ਬਰਾਬਰ ਮਹੱਤਵਪੂਰਨ ਹੈ। ਇਸ ਵਚਨਬੱਧਤਾ ਨੂੰ ਨਾ ਸਿਰਫ਼ ਦੇਸ਼ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਨਾਲ ਬਰਾਬਰੀ ਲਈ ਯਤਨ ਕਰਨਾ ਚਾਹੀਦਾ ਹੈ ਸਗੋਂ ਅੰਤਰਰਾਸ਼ਟਰੀ ਮਿਆਰਾਂ ਤਕ ਪਹੁੰਚਣ ਦੀ ਇੱਛਾ ਵੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਵਿਚ ਨਵੇਂ ਹੁਨਰ ਤੇ ਗਿਆਨ ਦੇ ਪ੍ਰਸਾਰ ਦੀ ਲੋੜ ਹੈ। ਵਿਦਿਆਰਥੀਆਂ ਨੂੰ ਮੰਗੇ ਗਏ ਹੁਨਰਾਂ ਨਾਲ ਲੈਸ ਕਰਨ ਵਿਚ ਅਸਫਲ ਸੰਸਥਾਵਾਂ ਸੰਭਾਵਤ ਤੌਰ 'ਤੇ ਬੰਦ ਹੋਣ ਵੱਲ ਜਾ ਰਹੀਆਂ ਹਨ। ਵਿਦਿਆਰਥੀਆਂ ਵਿਚ ਤਨਾਅ, ਚਿੰਤਾ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਚਿੰਤਾ ਦਾ ਕਾਰਨ ਹਨ। ਇਹ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਵਧਦੇ ਹਨ। ਇਹ ਚਿੰਤਾ ਉਦੋਂ ਹੋਰ ਵਧ ਜਾਂਦੀ ਹੈ ਜਦੋਂ ਵਿਦਿਆਰਥੀ ਆਪਣੀ ਪੜ੍ਹਾਈ ਲਈ ਵਿੱਤ ਲਈ ਪ੍ਰਾਪਤ ਕੀਤੇ ਗਏ ਮਹੱਤਵਪੂਰਨ ਵਿੱਦਿਅਕ ਕਰਜ਼ਿਆਂ ਦੇ ਬੋਝ ਵਿਚ ਫਸ ਜਾਂਦੇ ਹਨ। ਇਹ ਨੋਟ ਕਰਨਾ ਅਹਿਮ ਹੈ ਕਿ ਬਰੇਨ ਡਰੇਨ ਨੂੰ ਘਟਾਉਣ ਲਈ ਸਰਕਾਰਾਂ, ਵਿੱਦਿਅਕ ਸੰਸਥਾਵਾਂ, ਉਦਯੋਗਾਂ ਅਤੇ ਸਿਵਲ ਸੁਸਾਇਟੀ ਦੁਆਰਾ ਬਹੁ-ਪੱਖੀ ਅਤੇ ਨਿਰੰਤਰ ਯਤਨਾਂ ਦੀ ਲੋੜ ਹੈ। ਇਹ ਕੁਝ ਅਜਿਹੇ ਕਦਮ ਹਨ ਜਿਨ੍ਹਾਂ ਨੂੰ ਬਰੇਨ ਡਰੇਨ ਨੂੰ ਹੱਲ ਕਰਨ ਲਈ ਸ਼ੁਰੂਆਤੀ ਨੁਕਤੇ ਮੰਨਿਆ ਜਾ ਸਕਦਾ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-82

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਔਰਤ ਦੇ ਬਾਹਰੀ ਜਣਨ ਅੰਗ 'ਤੇ ਭਗ ਦੁਆਰ :** ਸਰੀਰ ਦੇ ਅੰਦਰ ਕੀ ਕੀ ਹੈ ਹੁਣ ਤੱਕ ਔਰਤ ਦੇ ਜਨਨ ਅੰਗਾਂ ਦੇ ਤੌਰ 'ਤੇ ਅਸਾਂ ਜਾਣ ਲਿਆ ਹੈ ਜੋ ਆਮ ਮਨੁੱਖ ਦੀ ਜਾਣਕਾਰੀ ਵਿੱਚ ਨਹੀਂ ਹੁੰਦਾ ਪਰ ਜੋ ਅੱਜ ਅਸਾਂ ਜਾਨਣਾ ਹੈ ਉਸ ਬਾਰੇ ਵੀ ਸਾਰੇ ਦਾ ਸਾਰਾ ਕੁਝ ਸਾਰੇ ਨਹੀਂ ਜਾਣਦੇ। ਅਗਰ ਜਾਣਦੇ ਹਨ ਤਾਂ ਬਹੁਤ ਘੱਟ ਅਤੇ ਜੇ ਜਾਣਦੇ ਵੀ ਹਨ ਤਾਂ ਇਹ ਨਹੀਂ ਜਾਣਦੇ ਕਿ ਔਰਤ ਸਰੀਰ ਵਿੱਚ ਉਹਨਾਂ ਦਾ ਯੋਗਦਾਨ ਕੀ ਹੈ। ਆਓ ਅੱਜ ਸਾਡੇ ਮਨਾ ਵਿੱਚ ਸਥਾਪਿਤ ਅਧੂਰੀਆਂ ਜਾਣਕਾਰੀਆਂ ਨੂੰ ਪੂਰਾ ਕਰਦੇ ਹਾਂ।

ਔਰਤ ਦੇ ਬਾਹਰੀ ਅੰਗਾਂ ਨੂੰ ਸਮੁੱਚੇ ਤੌਰ 'ਤੇ ਵਲਵਾ ਕਹਿੰਦੇ ਹਨ। ਵਲਵਾ ਕੋਈ ਇਕ ਅੰਗ ਨਹੀਂ ਹੈ ਬਲਕਿ ਇਹ ਇਕ ਗਰੁਪ ਹੈ। ਅੰਗਾਂ ਦਾ। ਬਾਹਰ ਤੋਂ ਦੇਖਦਿਆਂ ਉੱਪਰ ਤੋਂ ਸ਼ੁਰੂ ਕਰਕੇ ਜਿਥੇ ਅਸੀਂ ਪੈਂਟ ਦੀ ਬੈਲਟ ਜਾ ਪੈਜਾਮੇ ਦਾ ਨਾਲਾ ਬੰਨ੍ਹਦੇ ਹਾਂ ਅਗਰ ਅਸੀਂ ਉਥੋਂ ਵੇਖਣ ਲੱਗਦੇ ਹਾਂ ਤੇ ਹੇਠਾਂ ਵੱਲ ਟੱਟੀ ਵਾਲੇ ਰਸਤੇ ਯਾਨੀ ਗੁਦਾ ਤੱਕ ਦਾ ਸਫਰ ਕਰਦੇ ਹਾਂ ਤਾਂ ਜੋ ਸਾਨੂੰ ਦਿਖਾਵਾ ਦਿੰਦਾ ਹੈ ਉਸਨੂੰ ਅਸਾਂ ਬਿਆਨ ਕਰਨਾ ਹੈ।

**ਮੋਨਸ ਪਿੰਉਬਿਸ :** ਸਭ ਤੋ ਪਹਿਲਾਂ ਦੋ ਪਿਉਬਿਕ ਹੱਡੀਆਂ ਜੋ ਪੈਲਵਿਕ ਦਾ ਘੇਰਾ ਬਨਾਉਣ ਲਈ ਸਾਹਮਣੇ ਤੋਂ ਆਪਸ ਵਿੱਚ ਜੁੜ ਕੇ ਯੋਗਦਾਨ ਪਾਉਂਦੀਆਂ ਹਨ ਜਿਹਨਾਂ ਨੂੰ ਢਿੱਡ ਵਿੱਚ ਧੁੰਨੀ ਤੋਂ ਹੇਠਾਂ ਅਗਰ ਅੰਗੂਠੇ ਨਾਲ ਦਬਾਉਂਦੇ ਜਾਉ ਤਾਂ ਇਕਦਮ ਹੱਡੀਆਂ ਦੇ ਜੋੜ ਨੂੰ ਮਹਿਸੂਸ ਕਰ ਸਕਦੇ ਹਾਂ। ਠੀਕ ਇਸ ਹੱਡੀ ਦੇ ਉੱਪਰ ਮੋਟੇ ਮਾਸ ਦੀ ਤਹਿ ਸਾਨੂੰ ਦਿਖਾਈ ਦਿੰਦੀ ਹੈ ਜਿਵੇਂ ਪੱਧਰ ਧਰਤੀ ਤੇ ਕੋਈ ਟਿੱਬਾ ਹੋਵੇ ਉਹਨੂੰ ਮੌਨਸ ਪਿਉਬਿਸ ਕਹਿੰਦੇ ਹਨ। ਇਸ ਉੱਪਰ ਵੀ ਪਿਉਬਰਟੀ ਸਮੇਂ ਵਾਲ ਉੱਗ ਆਉਂਦੇ ਹਨ।

ਮਰਦ ਤੇ ਔਰਤ ਦੇ ਜਨਣ ਅੰਗਾਂ ਦੇ ਵਾਲਾ ਵਿੱਚ ਥੋੜ੍ਹਾ ਵਖਰੇਵਾ ਹੈ ਜੇ ਅਸੀਂ ਕਹੀਏ ਕਿ ਮਰਦ ਦੇ ਜਨਣ ਅੰਗਾਂ ਦੇ ਵਾਲ ਇੰਦਰੀ ਦੇ ਸੁਪਾਰੇ ਵੱਲ ਕੁਦਰਤੀ ਤੌਰ 'ਤੇ ਵੱਧਦੇ ਹਨ ਅਤੇ ਔਰਤ ਦੇ ਜਨਣ ਅੰਗਾਂ ਦੇ ਵਾਲ ਭਗ ਦੁਆਰ ਵੱਲ ਕੁਦਰਤੀ ਤੌਰ 'ਤੇ ਵੱਧਦੇ ਹਨ ਤਾਂ ਲਗਦਾ ਹੈ ਸਧਾਰਨ ਗੱਲ ਹੈ ਪਰ ਨਹੀਂ ਸਧਾਰਨ ਗੱਲ ਨਹੀਂ ਹੈ। ਮਰਦਾਂ ਵਿੱਚ ਪਿਉਬਿਕ ਵਾਲ ਹੇਠਾਂ ਵੱਲ ਵਧਦੇ ਇੰਦਰੀ ਨੂੰ ਆਪਣੇ ਵਿੱਚ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਇਕ ਕੁਦਰਤੀ ਵਰਤਾਰਾ ਹੈ ਅਤੇ ਪਤਾਲੂਆਂ ਦੇ ਵਾਲਾ ਦੀ ਸੇਧ ਉੱਪਰ ਵੱਲ ਹੁੰਦੀ ਹੈ ਮਕਸਦ ਉਹਨਾਂ ਦਾ ਵੀ ਇੰਦਰੀ ਨੂੰ ਸਹੀ ਮਾਹਿਨੇ ਵਿੱਚ ਲੁਕਾਉਣਾ ਹੀ ਹੈ। ਔਰਤ ਵਿੱਚ ਪਿਊਬਿਕ ਜਾਨੀ ਮੌਨਸ ਪਿਉਬਿਕ ਦੇ ਵਾਲ ਹੇਠਾਂ ਵੱਲ ਭਗ ਯਾਨੀ ਵਜਾਈਨਾ ਦੇ ਮੂੰਹ ਵਲ ਵਧਦੇ ਹਨ ਠੀਕ ਜਿਵੇਂ ਮਰਦਾਂ ਦੇ ਨਾਲ ਹੇਠਾਂ ਵੱਲ ਵਧੇ ਸਨ ਪਰ ਵੱਡੇ ਬੁੱਲ੍ਹਾਂ ਦੇ ਵਾਲ ਯਾਨੀ ਲੇਬੀਆ ਮੇਜੋਰਾ ਦੇ ਵਾਲ ਬਾਹਰ ਤੋਂ ਅੰਦਰ ਵਲ ਯਾਨੀ ਪੱਟਾਂ ਜਾਘਾ ਤੋਂ ਵੀ ਭਗ ਦੁਆਰ ਵਲ ਵਧਦੇ ਹਨ। ਮਤਲਬ ਦੋਹਾਂ ਦੇ ਵਾਲ ਸੇਧਿਤ ਤਾਂ ਜਨਣ ਅੰਗਾਂ ਨੂੰ ਢੱਕਣ ਵੱਲ ਹੀ ਹਨ ਪਰ ਉਹਨਾਂ ਦੀ ਤਰਕੀਬ ਯਾਨੀ ਡਾਇਰੈਕਸਨ ਵੱਖ-ਵੱਖ ਹੋ ਗਈ। ਸ਼ਾਇਦ ਇਸੇ ਕਰਕੇ ਦੋਹਾਂ ਦੇ ਜਨਣ ਅੰਗਾਂ ਨੂੰ ਗੁਪਤ ਅੰਗ ਕਰਕੇ ਵੀ ਜਾਣਿਆ ਜਾਂਦਾ ਹੈ। ਔਰਤ ਦੇ ਵਾਲ ਜੜਾਂ ਤੋਂ ਇਕ ਤਿਕੋਨ ਬਨਾਉਂਦੇ ਨਜ਼ਰ ਆਉਂਦੇ ਹਨ। ਜੋ ਇਕ ਮੈਡੀਕੋਲੀਗਲ ਵਖਰੇਵਾ ਹੈ ਲਾਸ਼ ਦੀ ਸ਼ਨਾਖ਼ਤ ਵੀ ਇਸ ਨਾਲ ਕੀਤੀ ਜਾ ਸਕਦੀ ਹੈ ਕਿ ਲਾਸ਼ ਔਰਤ ਦੀ ਹੈ ਜਾਂ ਮਰਦ ਦੀ ਕਿਉਂਕਿ ਬਹੁਤ ਸਾਰੇ ਗਲਣ ਸੜਨ ਦੇ ਹਾਲਾਤ ਐਸੇ ਹਨ ਜਿਸ ਵਿੱਚ ਬਾਹਰੀ ਅੰਗ ਇੰਦਰੀ ਤੇ ਕਲਾਈਟੋਰਿਸ ਵਿੱਚ ਪਹਿਲੀ ਨਜ਼ਰੇ ਭੇਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸੋ ਅਜੇਹੇ ਮੁੱਦੇ ਮੈਡੀਕੋਲੀਗਲ ਲੈਕਚਰਾਂ ਵਿੱਚ ਵਿਸਥਾਰ ਨਾਲ ਵਿਚਾਰਾਂਗੇ।

**ਵੱਡੇ ਬੁਲ੍ਹ :** ਮੌਨਸ ਪਿੰਉਬਿਸ ਦੇ ਇਸ ਟਿੱਬੇ ਤੋ ਦੋਵੇ ਪਾਸੇ ਢਲਾਣ ਸ਼ੁਰੂ ਹੁੰਦੀ ਹੈ ਜਿਹੜੀ ਢਲਾਣ ਗੁਦਾ ਦੇ ਸੁਰਾਖ ਤੋਂ ਪਹਿਲਾਂ ਹੀ ਇਕ ਖ਼ਰਬੂਜ਼ੇ ਦੀ ਫਾੜੀ ਵਾਂਗ ਵਿਚਕਾਰਲੀ ਲਾਈਨ ਯਾਨੀ ਮਿਡਲ ਯਾਨੀ ਸੈਂਟਰ ਦੀ ਸੇਧ ਵਿੱਚ ਆਕੇ ਸਮਾਪਤ ਹੁੰਦੀ ਹੈ। ਇਹ ਇਕ ਮਾਸ ਦੀ ਤਹਿ ਹੈ ਤੇ ਦੋਪਾਸੀ ਇੰਜ ਉਸਰੀ ਹੋਈ ਹੈ ਜਿਵੇਂ ਕਿਸੇ ਝੀਲ ਦੇ ਦੋਪਾਸੀ ਕੁਦਰਤੀ ਪਹਾੜ ਉਸਰੇ ਹੋਏ ਹੁੰਦੇ ਹਨ। ਪਰ ਇਹਨਾਂ ਦੋ ਪਾਸੀ ਉਸਰੇ ਪਹਾੜਾਂ ਦੇ ਅੰਦਰ ਬਹੁਤ ਕੁਝ ਹੈ ਜੋ ਜਾਨਣ ਵਾਲਾ।

ਇਹਨਾਂ ਦੋ ਵੱਡੇ ਬੁੱਲ੍ਹਾਂ ਦੀ ਉੱਪਰ ਵਾਲੀ ਚਮੜੀ ਤੇ ਪਿਊਬਰਟੀ ਦੀ ਸ਼ੁਰੂਆਤ ਸਮੇਂ ਵਾਲ ਉੱਗਣੇ ਸ਼ੁਰੂ ਹੋ ਜਾਂਦੇ ਹਨ। ਠੀਕ ਇਹਨਾਂ ਦੋਹਾਂ ਬੁੱਲ੍ਹਾਂ ਦੇ ਹੇਠਾਂ ਛੁਪੇ ਹੋਏ ਗੁਲਾਬੀ ਰੰਗ ਦੇ ਦੋ ਹੋਰ ਝਾਲਰ ਵਰਗੇ ਨਰਮ ਗੁਲਾਬੀ ਪਰਦੇ ਹੁੰਦੇ ਹਨ ਜਿਹਨਾਂ ਨੂੰ ਲੇਬੀਆ ਮਾਈਨੋਰਾਯਾਨੀ ਛੋਟੇ ਬੁਲ੍ਹ ਕਹਿੰਦੇ ਹਾ। ਇਹ ਬੁਲ੍ਹ ਉੱਪਰ ਤੋਂ ਹੇਠਾਂ ਤੱਕ ਵੱਡੇ ਬੁੱਲ੍ਹਾਂ ਦੇ ਹੇਠਾਂ ਛੁਪੇ ਰਹਿੰਦੇ ਹਨ ਤੇ ਇਕ ਤਰ੍ਹਾਂ ਔਰਤ ਦੇ ਕੁਆਰਪੁਣੇ ਦੀ ਰਾਖੀ ਲਈ ਦਰਬਾਨ ਯਾਨੀ ਚੌਕੀਦਾਰੀ ਦਾ ਕੰਮ ਕਰਦੇ ਹਨ ਤੇ ਕੁਆਰਪੁਣੇ ਖਤਮ ਹੁੰਦਿਆਂ ਯਾਨੀ ਜਦ ਕਾਮ ਸੰਬੰਧ ਸ਼ੁਰੂ ਬਲਕਿ ਰੈਗੂਲਰ ਹੋ ਜਾਂਦੇ ਹਨ ਤਾਂ ਇਹ ਬੁਲ ਬਦਲੇ ਹਾਲਾਤਾਂ ਵਿੱਚ ਕੁਝ ਪਾਸੇ ਹੱਟ ਜਾਦੇ ਹਨ ਜਿਵੇਂ ਕਿਸੇ ਦਰਵਾਜ਼ੇ ਤੇਲ ਟਕਾਇਆ ਪਰਦਾ। ਅਸੀਂ ਦੋਹੀਂ ਪਾਸੀਂ ਦਰਵਾਜ਼ੇ ਦੇ ਇਕੱਠਾ ਕਰ ਦਿੰਦੇ ਹਾਂ ਇਵੇਂ ਹੀ ਇਹ ਛੋਟੇ ਬੁਲ੍ਹ ਗ੍ਰਿਸਤ ਜੀਵਨ ਸ਼ੁਰੂ ਹੁੰਦਿਆਂ ਹੀ ਸਾਈਡਾਂ 'ਤੇ ਇਕੱਠੇ ਕੀਤੇ ਪਰਦੇ ਵਾਂਗ ਦਿਖਾਈ ਦਿੰਦੇ ਹਨ। ਜਿਵੇ ਖੁੱਲ੍ਹੇ ਦਰਵਾਜ਼ੇ ਤੇ ਇਕੱਠੇ ਕੀਤੇ ਪਰਦੇ ਦੇ ਦ੍ਰਿਸ਼ ਨਾਲ ਸਾਨੂੰ ਘਰ ਅੰਦਰ ਝਾਤੀ ਮਾਰਨ ਨਾਲ ਸਭ ਕੁਝ ਦਿਖਾਈ ਦੇਣ ਲਗਦਾ ਹੈ ਠੀਕ ਲੇਬੀਆ ਮਾਈਨੋਰਾ ਯਾਨੀ ਛੋਟੇ ਬੁੱਲ੍ਹਾਂ ਦੇ ਪਾਸੇ ਹਟਦਿਆਂ ਇਸਦੇ ਅੰਦਰ ਕੀ ਹੈ ਸਭ ਦਿਖਾਈ ਦੇਣ ਲਗਦਾ ਹੈ ਜਿਸਦਾ ਵੇਰਵਾ ਅਸੀਂ ਤੁਹਾਡੇ ਨਾਲ ਸਾਂਝਾ ਕਰਨ ਵਾਲੇ ਹਾਂ।

**ਕਾਮ ਬਟਨ :** ਮੌਨਸ ਪਿਉਬਿਸ ਦੇ ਦੋਪਾਸੀ ਲੇਬੀਆ ਮੇਜੋਰਾ ਦੇ ਪਾਸੇ ਹਟਦਿਆਂ ਇਕ ਤਿੱਖੇ ਕਿੱਲ ਵਰਗਾ ਪਹਿਲਾ ਬਟਨਨੁਮਾ ਫਿਰ ਪਿਉਬਰਟੀ ਸਮੇਂ ਮਰਦ ਦੀ ਇੰਦਰੀ ਵਾਂਗ ਕਾਮੁਕ ਉਕਸਾਹਟ ਸਮੇਂ ਸਖ਼ਤ ਹੋ ਜਾਣ ਵਾਲਾ ਅੰਗ ਹੈ ਜਿਸ ਨੂੰ ਕਲਾਈਟੋਰਿਸ ਜਾਂ ਕਾਮ ਬਟਨ ਕਹਿੰਦੇ ਹਾਂ। ਇਹ ਔਰਤ ਵਿੱਚ ਮਰਦ ਇੰਦਰੀ ਦਾ ਹੀ ਪਰੀ ਰੂਪ ਹੁੰਦਾ ਹੈ ਇਹਦੇ ਉਪਰਲਾ ਪਰਦਾ ਇੰਜ ਹੁੰਦਾ ਹੈ ਜਿਵੇਂ ਛੋਟੇ ਬੁਲ੍ਹਾਂ ਨੇ ਇਸ ਨੂੰ ਆਪਣੇ ਵਿੱਚ ਲਿਪੇਟਿਆ ਹੋਵੇ ਪਰ ਐਸਾ ਨਹੀਂ ਹੈ ਇਹ ਉੱਪਰ ਵਾਲੇ ਪਾਸੇ ਛੋਟੇ ਬੁੱਲ੍ਹਾਂ ਦੇ ਸ਼ੁਰੂ ਹੋਣ ਵਾਲੇ ਪੁਆਇੰਟ ਦੇ ਠੀਕ ਉੱਪਰਹੰਦਾ ਹੈ। ਠੀਕ ਜਿਵੇਂ।

(ਚੱਲਦਾ)




CAPITAL ACCOUNTING & TAX SERVICES







Kuldip Singh Kang
Sewa Singh Bhinder

HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals


ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਟਰੰਪ ਨੂੰ ਜ਼ਹਿਰ ਭਰੀ ਚਿੱਠੀ ਭੇਜਣ ਵਾਲੀ ਕੈਨੇਡੀਅਨ ਔਰਤ ਨੂੰ 22 ਸਾਲ ਦੀ ਸਜ਼ਾ




ਵਾਸ਼ਿੰਗਟਨ :ਅਮਰੀਕਾ ਦੀ ਇਕ ਅਦਾਲਤ ਨੇ ਕੈਨੇਡੀਅਨ ਔਰਤ ਨੂੰ 22 ਸਾਲ ਦੀ ਸਜ਼ਾ ਸੁਣਾਈ। ਔਰਤ ਨੂੰ ਇਹ ਸਜ਼ਾ ਸਾਬਕਾ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਅਹੁਦੇ ’ਤੇ ਰਹਿੰਦਿਆਂ ਉਸ ਨੂੰ ਰਿਸਿਨ ਜ਼ਹਿਰ ਨਾਲ ਭਰੀਆਂ ਚਿੱਠੀਆਂ ਭੇਜਣ ਦੇ ਮਾਮਲੇ ਵਿਚ ਸੁਣਾਈ। ਬੀਬੀਸੀ ਦੀ ਰਿਪੋਰਟ ਮੁਤਾਬਕ ਵੀਰਵਾਰ ਨੂੰ ਜ਼ਿਲ੍ਹਾ ਜੱਜ ਡਬਨੀ ਫਰੇਡਰਿਕ ਨੇ 56 ਸਾਲਾ ਪਾਸਕੇਲ ਫੇਰੀਅਰ ਨੂੰ 262 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ। ਸਜ਼ਾ ਪੂਰੀ ਕਰਨ ਤੋਂ ਬਾਅਦ ਉਸਨੂੰ ਅਮਰੀਕਾ ਤੋਂ ਡਿਪੋਰਟ ਕਰ ਦਿੱਤਾ ਜਾਵੇਗਾ ਅਤੇ ਜੇਕਰ ਉਹ ਕਦੇ ਵਾਪਸ ਆਉਂਦੀ ਹੈ ਤਾਂ ਉਸਨੂੰ ਉਮਰ ਭਰ ਲਈ ਨਿਗਰਾਨੀ ਦਾ ਸਾਹਮਣਾ ਕਰਨਾ ਪਵੇਗਾ।


ਜੱਜ ਫਰੈਡਰਿਕ ਨੇ ਫੇਰੀਅਰ ਨੂੰ ਕਿਹਾ ਕਿ ਉਸ ਦੀਆਂ ਕਾਰਵਾਈਆਂ ‘ਸੰਭਾਵੀ ਤੌਰ ’ਤੇ ਘਾਤਕ’ ਅਤੇ ਸਮਾਜ ਲਈ ਨੁਕਸਾਨਦੇਹ ਸਨ। ਫਰਾਂਸ ਅਤੇ ਕੈਨੇਡਾ ਦੀ ਦੋਹਰੀ ਨਾਗਰਿਕ ਫੈਰੀਅਰ ਨੇ ਅਦਾਲਤ ਨੂੰ ਦੱਸਿਆ ਕਿ ਉਸਨੂੰ ਅਫਸੋਸ ਹੈ ਕਿ ਉਸਦੀ ਯੋਜਨਾ ਅਸਫਲ ਹੋ ਗਈ ਅਤੇ ਉਹ ‘ਟਰੰਪ ਨੂੰ ਰੋਕ ਨਹੀਂ ਸਕੀ’। ਆਪਣੇ ਸੰਬੋਧਨ ਵਿੱਚ ਉਸਨੇ ਇਹ ਵੀ ਕਿਹਾ ਕਿ ਉਹ ਆਪਣੇ ਆਪ ਨੂੰ ਇੱਕ ਅੱਤਵਾਦੀ ਨਹੀਂ ਇੱਕ ਕਾਰਕੁਨ ਵਜੋਂ ਵੇਖਦੀ ਹੈ। ਫੇਰੀਅਰ ਨੇ ਅੱਗੇ ਕਿਹਾ ਕਿ ਉਹ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸ਼ਾਂਤੀਪੂਰਨ ਸਾਧਨ ਲੱਭਣਾ ਚਾਹੁੰਦੀ ਹੈ।

ਬੀਬੀਸੀ ਦੀ ਰਿਪੋਰਟ ਮੁਤਾਬਕ ਐਫਬੀਆਈ ਨੂੰ ਟਰੰਪ ਨੂੰ ਲਿਖੀ ਚਿੱਠੀ ’ਤੇ ਉਸ ਦੇ ਫਿੰਗਰਪ੍ਰਿੰਟਸ ਮਿਲੇ, ਜਿਸ ਵਿਚ ਟਰੰਪ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਦੀ ਅਪੀਲ ਕੀਤੀ ਗਈ ਸੀ। ਐਫਬੀਆਈ ਦੇ ਚਾਰਜਿੰਗ ਦਸਤਾਵੇਜ਼ਾਂ ਅਨੁਸਾਰ ਉਸਨੇ ਚਿੱਠੀ ਵਿੱਚ ਲਿਖਿਆ ਕਿ ÷ਮੈਨੂੰ ਤੁਹਾਡੇ ਲਈ ਇੱਕ ਨਵਾਂ ਨਾਮ ਮਿਲਿਆ: ’ਦ ਅਗਲੀ ਟਾਈਰੈਂਟ ਕਲਾਊਨ’। ਫੇਰੀਅਰ ਨੇ ਇਹ ਵੀ ਮੰਨਿਆ ਕਿ ਅੱਠ ਟੈਕਸਾਸ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਇਸੇ ਤਰ੍ਹਾਂ ਦੀਆਂ ਚਿੱਠੀਆਂ ਭੇਜੀਆਂ ਗਈਆਂ ਸਨ। ਸੰਯੁਕਤ ਰਾਜ ਦੇ ਨਿਆਂ ਵਿਭਾਗ ਅਨੁਸਾਰ 2019 ਵਿੱਚ ਉਸਨੂੰ ਗੈਰ-ਕਾਨੂੰਨੀ ਤੌਰ ’ਤੇ ਹਥਿਆਰ ਰੱਖਣ ਅਤੇ ਬਿਨਾਂ ਕਿਸੇ ਪ੍ਰਮਾਣਿਕ ਲਾਇਸੈਂਸ ਦੇ ਡਰਾਈਵਿੰਗ ਕਰਨ ਲਈ ਰਾਜ ਵਿੱਚ ਲਗਭਗ 10 ਹਫ਼ਤਿਆਂ ਲਈ ਨਜ਼ਰਬੰਦ ਕੀਤਾ ਗਿਆ ਸੀ।

ਫੇਰੀਅਰ ਨੂੰ ਸਤੰਬਰ 2020 ਵਿੱਚ ਬਫੇਲੋ, ਨਿਊਯਾਰਕ ਵਿੱਚ ਸਰਹੱਦ ਪਾਰ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਦੇ ਕੋਲ ਇੱਕ ਬੰਦੂਕ, ਚਾਕੂ ਅਤੇ ਗੋਲਾ ਬਾਰੂਦ ਸੀ। ਉਸਨੇ ਬਾਅਦ ਵਿੱਚ ਆਪਣੇ ਕਿਊਬਿਕ ਦੇ ਘਰ ਵਿੱਚ ਰਿਸੀਨ - ਕੈਸਟਰ ਬੀਨਜ਼ ਪ੍ਰੋਸੈਸਿੰਗ ਤੋਂ ਬਚੀ ਰਹਿੰਦ-ਖੂੰਹਦ ਤੋਂ ਬਣਿਆ ਇੱਕ ਜ਼ਹਿਰ - ਬਣਾਉਣ ਅਤੇ ਇਸਨੂੰ ਚਿੱਠੀ ਦੇ ਨਾਲ ਇੱਕ ਲਿਫਾਫੇ ਵਿੱਚ ਰੱਖਣ ਲਈ ਮੰਨਿਆ। ਯੂ.ਐੱਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਅਨੁਸਾਰ ਰਿਸਿਨ ਲਈ ਕੋਈ ਜਾਣਿਆ-ਪਛਾਣਿਆ ਐਂਟੀਡੋਟ ਨਹੀਂ ਹੈ। ਖੁਰਾਕ ਦੇ ਆਧਾਰ ’ਤੇ ਇਹ 36 ਤੋਂ 72 ਘੰਟਿਆਂ ਦੇ ਅੰਦਰ ਮੌਤ ਦਾ ਕਾਰਨ ਬਣ ਸਕਦਾ ਹੈ। 2014 ਵਿੱਚ ਮਿਸੀਸਿਪੀ ਦੇ ਇੱਕ ਵਿਅਕਤੀ ਨੂੰ ਉਸ ਸਮੇਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਹੋਰ ਅਧਿਕਾਰੀਆਂ ਨੂੰ ਰਿਸੀਨ ਲਿਸਡ ਚਿੱਠੀਆਂ ਭੇਜਣ ਕਾਰਨ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਇਸਲਾਮ ਨਾਲੋਂ ਵੀ ਪੁਰਾਣਾ ਹਿੰਦੂ ਧਰਮ,1500 ਸਾਲ ਪਹਿਲਾਂ ਆਏ ਮੁਸਲਮਾਨ: .ਗੁਲਾਮ ਨਬੀ ਆਜ਼ਾਦ

ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦੇ ਪ੍ਰਧਾਨ ਗੁਲਾਮ ਨਬੀ ਆਜ਼ਾਦ ਨੇ ਵੀਰਵਾਰ ਹਿੰਦੂ ਧਰਮ ਨੂੰ ਲੈ ਕੇ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਹਿੰਦੂ ਧਰਮ ਸਭ ਤੋਂ ਪੁਰਾਣਾ ਧਰਮ ਹੈ ਅਤੇ ਸਾਰੇ ਧਰਮ ਹਿੰਦੂ ਧਰਮ ਤੋਂ ਆਏ ਹਨ। ਭਾਰਤ ਵਿੱਚ ਸਾਰੇ ਮੁਸਲਮਾਨ ਪਹਿਲਾਂ ਹਿੰਦੂ ਸਨ। ਆਜ਼ਾਦ ਦਾ ਇਹ ਵੀਡੀਓ ਜੋ ਵਾਇਰਲ ਹੋ ਰਿਹਾ ਹੈ, ਡੋਡਾ ’ਚ ਆਯੋਜਿਤ ਇਕ ਜਨ ਸਭਾ ਦਾ ਦੱਸਿਆ ਜਾ ਰਿਹਾ ਹੈ। ਆਜ਼ਾਦ ਨੇ ਬਿਆਨ ਵਿੱਚ ਕਿਹਾ ਕਿ ਪੂਰਾ ਭਾਰਤ ਹਿੰਦੂ ਹੈ। ਭਾਰਤ ਵਿੱਚ ਇਸਲਾਮ 1500 ਸਾਲ ਪਹਿਲਾਂ ਹੋਂਦ ਵਿੱਚ ਆਇਆ ਸੀ ਜਦਕਿ ਹਿੰਦੂ ਧਰਮ ਸਭ ਤੋਂ ਪੁਰਾਣਾ ਹੈ। 10 ਤੋਂ 15 ਮੁਗਲ ਫੌਜ ਦੇ ਸਿਪਾਹੀ ਭਾਰਤ ਆਏ, ਜੋ ਮੁਸਲਮਾਨ ਸਨ। 600 ਸਾਲ ਪਹਿਲਾਂ ਕਸ਼ਮੀਰ ਵਿੱਚ ਕੋਈ ਮੁਸਲਮਾਨ ਨਹੀਂ ਸੀ, ਸਾਰੇ




ਕਸ਼ਮੀਰੀ ਪੰਡਿਤ ਸਨ। ਭਾਰਤ ਵਿੱਚ ਕੋਈ ਵੀ ਬਾਹਰੀ ਨਹੀਂ ਹੈ। ਸਾਰੇ ਹਿੰਦੂ ਸਨ ਜਿਨ੍ਹਾਂ ਬਾਅਦ ਵਿੱਚ ਧਰਮ ਤਬਦੀਲ ਕਰ ਲਿਆ। ਸਿਆਸਤ ਦਾ ਧਰਮ ਨਾਲ ਕੋਈ ਸਬੰਧ ਨਹੀਂ। ਸਿਆਸਤ ਵਿੱਚ ਧਰਮ ਦਾ ਆਸਰਾ ਲੈਣ ਵਾਲੇ ਲੋਕ ਕਮਜ਼ੋਰ ਹਨ। ਧਰਮ ਦੇ ਨਾਂ ’ਤੇ ਵੋਟਾਂ ਲੈਣ ਵਾਲੇ ਦੇਸ਼ ਨੂੰ ਕਮਜ਼ੋਰ ਕਰ ਰਹੇ ਹਨ।

ਗੁਲਾਮ ਨਬੀ ਆਜ਼ਾਦ ਨੇ ਸੁਪਰੀਮ ਕੋਰਟ ਵਿੱਚ ਧਾਰਾ 370 ਦਾ ਬਚਾਅ ਕਰਨ ਲਈ ਸੰਸਦ ਮੈਂਬਰ ਅਤੇ ਵਕੀਲ ਕਪਿਲ ਸਿੱਬਲ ਦੀ ਸ਼ਲਾਘਾ ਕੀਤੀ। ਆਜ਼ਾਦ ਨੇ ਨਵੀਂ ਦਿੱਲੀ ਵਿਚ ਸਿੱਬਲ ਨਾਲ ਮੁਲਾਕਾਤ ਕੀਤੀ ਅਤੇ ਇਸ ਮੁੱਦੇ ’ਤੇ ਚਰਚਾ ਕਰਨ ਲਈ ਇਕ ਘੰਟਾ ਮੀਟਿੰਗ ਕੀਤੀ। ਆਜ਼ਾਦ ਨੇ ਸਿੱਬਲ ਨੂੰ ਕਿਹਾ ਕਿ ਤੁਸੀਂ ਧਾਰਾ 370 ਦੇ ਮਾਮਲੇ ਨੂੰ ਬਹੁਤ ਸਪੱਸ਼ਟ ਢੰਗ ਨਾਲ ਪੇਸ਼ ਕੀਤਾ। ਤੁਸੀਂ ਸ਼ੇਰ ਵਾਂਗ ਗਰਜ ਰਹੇ ਹੋ। ਇਹ ਦੱਸਦੇ ਹੋਏ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਤੋਂ ਉਸਾਰੂ ਨਤੀਜੇ ਦੀ ਉਮੀਦ ਹੈ, ਆਜ਼ਾਦ ਨੇ ਕਿਹਾ ਕਿ ਯੂ. ਟੀ. ਦੇ ਲੋਕਾਂ ਦੇ ਸਿਆਸੀ ਅਤੇ ਆਰਥਿਕ ਹੱਕਾਂ ਦੀ ਰਾਖੀ ਲਈ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ।

# ਅਮਰੀਕੀ ਅਦਾਲਤ ਨੇ ਤਹੱਵੁਰ ਰਾਣਾ ਦੀ ਪਟੀਸ਼ਨ ਕੀਤੀ ਖਾਰਜ, ਜਲਦ ਹੋਵੇਗੀ ਭਾਰਤ ਵਾਪਸੀ

ਵਾਸ਼ਿੰਗਟਨ : ਅਮਰੀਕਾ ਦੀ ਇਕ ਅਦਾਲਤ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਹੈਬੀਅਸ ਕਾਰਪਸ (habeas corpus) ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਮਗਰੋਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਲਈ ਉਸ ਨੂੰ ਭਾਰਤ ਹਵਾਲੇ ਕਰਨ ਲਈ ਸਰਟੀਫਿਕੇਟ ਜਾਰੀ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਇੱਥੇ ਦੱਸ ਦਈਏ ਕਿ ਹੈਬੀਅਸ ਕਾਰਪਸ ਇੱਕ ਕਿਸਮ ਦਾ ਕਾਨੂੰਨੀ ਵਾਰੰਟ ਹੈ ਜਿਸ ਦੁਆਰਾ ਕਿਸੇ ਗੈਰ-ਕਾਨੂੰਨੀ ਕਾਰਨਾਂ ਕਰਕੇ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਰਿਹਾਅ ਕੀਤਾ ਜਾ ਸਕਦਾ ਹੈ।



10 ਅਗਸਤ ਦੇ ਹੁਕਮ ਵਿੱਚ ਕੋਲੰਬੀਆ ਦੇ ਸੈਂਟਰਲ ਡਿਸਟ੍ਰਿਕਟ ਆਫ਼ ਕੋਲੰਬੀਆ ਵਿੱਚ ਯੂਨਾਈਟਿਡ ਸਟੇਟ ਡਿਸਟ੍ਰਿਕਟ ਆਫ਼ ਕੋਲੰਬੀਆ ਦੇ ਜੱਜ ਡੇਲ ਐਸ ਫਿਸ਼ਰ ਨੇ ਲਿਖਿਆ ਕਿ “ਇੱਕ ਵੱਖਰਾ ਹੁਕਮ ਜਾਰੀ ਕਰ ਕੇ ਅਦਾਲਤ ਨੇ ਤਹੱਵੁਰ ਰਾਣਾ ਦੀ ਹੈਬੀਅਸ ਕਾਰਪਸ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।” ਫਿਲਹਾਲ ਰਾਣਾ ਨੇ ਇਸ ਆਦੇਸ਼ ਵਿਰੁੱਧ ‘ਨੌਵੀਂ ਸਰਕਟ ਕੋਰਟ’ ’ਚ ਪਟੀਸ਼ਨ ਦਾਇਰ ਕੀਤੀ ਹੈ ਅਤੇ ਉਸ ’ਤੇ ਸੁਣਵਾਈ ਹੋਣ ਤੱਕ ਉਸ ਦੀ ਭਾਰਤ ਹਵਾਲਗੀ ’ਤੇ ਰੋਕ ਲਗਾਏ ਜਾਣ ਦੀ ਅਪੀਲ ਕੀਤੀ ਹੈ। ਰਾਣਾ ਨੇ ਜੂਨ ਵਿੱਚ ਅਮਰੀਕੀ ਅਦਾਲਤ ਦੇ ਉਸ ਫ਼ੈਸਲੇ ਖ਼ਿਲਾਫ਼ ਇੱਕ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਉਸ ਨੂੰ ਭਾਰਤ ਹਵਾਲੇ ਕਰਨ ਦੀ ਅਮਰੀਕੀ ਸਰਕਾਰ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਸੀ। ਜੱਜ ਫਿਸ਼ਰ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਰਾਣਾ ਨੇ ਆਪਣੀ ਪਟੀਸ਼ਨ ਵਿੱਚ ਦੋ ਬੁਨਿਆਦੀ ਦਲੀਲਾਂ ਦਿੱਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਪਹਿਲੀ ਦਲੀਲ ਇਹ ਹੈ ਕਿ ਸੰਧੀ ਦੇ ਤਹਿਤ ਉਸ ਦੀ ਹਵਾਲਗੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਭਾਰਤ ਉਸ ’ਤੇ ਉਨ੍ਹਾਂ ਕਾਰਵਾਈਆਂ ਲਈ ਮੁਕੱਦਮਾ ਚਲਾਉਣਾ ਚਾਹੁੰਦਾ ਹੈ, ਜਿਨ੍ਹਾਂ ਲਈ ਉਸ ’ਤੇ ਅਮਰੀਕੀ ਅਦਾਲਤ ਨੇ ਦੋਸ਼ ਲਗਾਇਆ ਅਤੇ ਬਰੀ ਕਰ ਦਿੱਤਾ ਸੀ। ਦੂਜੀ ਦਲੀਲ ਇਹ ਹੈ ਕਿ ਸਰਕਾਰ ਨੇ ਇਹ ਸਾਬਤ ਨਹੀਂ ਕੀਤਾ ਕਿ ਉੱਥੇ ਇਹ ਮੰਨਣ ਦਾ ਸੰਭਾਵਿਤ ਕਾਰਨ ਹੈ ਕਿ ਰਾਣਾ ਨੇ ਉਹ ਅਪਰਾਧ ਕੀਤੇ ਹਨ, ਜਿਨ੍ਹਾਂ ਲਈ ਭਾਰਤ ਵਿੱਚ ਉਸ ’ਤੇ ਮੁਕੱਦਮਾ ਚਲਾਇਆ ਜਾਣਾ ਹੈ। ਜੱਜ ਨੇ ਦੋਵਾਂ ਦਲੀਲਾਂ ਨੂੰ ਰੱਦ ਕਰ ਦਿੱਤਾ। ਜੱਜ ਦੇ ਹੁਕਮਾਂ ਤੋਂ ਬਾਅਦ ਰਾਣਾ ਦੇ ਅਟਾਰਨੀ ਪੈਟਰਿਕ ਬਲੇਗਨ ਅਤੇ ਜੌਹਨ ਡੀ ਕਲਾਈਨ ਨੇ ਨੌਵੇਂ ਸਰਕਟ ਲਈ ਯੂਨਾਈਟਿਡ ਸਟੇਟਸ ਕੋਰਟ ਆਫ ਅਪੀਲਜ਼ ਵਿੱਚ ਇਸ ਖ਼ ?ਲਾਫ਼ ਅਪੀਲ ਦਾਇਰ ਕੀਤੀ। ਅਮਰੀਕੀ ਸਰਕਾਰ ਨੇ ਜੂਨ ਵਿੱਚ ਰਾਣਾ ਵੱਲੋਂ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਸੀ। ਭਾਰਤ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਦੁਆਰਾ 26 ਨਵੰਬਰ 2008 ਦੇ ਮੁੰਬਈ ਹਮਲਿਆਂ ਵਿੱਚ ਰਾਣਾ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ। ਇਨ੍ਹਾਂ ਹਮਲਿਆਂ ਦੌਰਾਨ ਅਜਮਲ ਕਸਾਬ ਨਾਂ ਦਾ ਇੱਕ ਅੱਤਵਾਦੀ ਜ਼ਿੰਦਾ ਫੜਿਆ ਗਿਆ ਸੀ, ਜਿਸ ਨੂੰ 21 ਨਵੰਬਰ 2012 ਨੂੰ ਭਾਰਤ ਵਿੱਚ ਫਾਂਸੀ ਦਿੱਤੀ ਗਈ ਸੀ। ਬਾਕੀ ਅੱਤਵਾਦੀ ਹਮਲਿਆਂ ਦੌਰਾਨ ਸੁਰੱਖਿਆ ਬਲਾਂ ਨੇ ਮਾਰ ਦਿੱਤੇ। ਮੁੰਬਈ ਅੱਤਵਾਦੀ ਹਮਲਿਆਂ ’ਚ ਛੇ ਅਮਰੀਕੀ ਨਾਗਰਿਕਾਂ ਸਮੇਤ ਕੁੱਲ 166 ਲੋਕਾਂ ਦੀ ਜਾਨ ਚਲੀ ਗਈ ਸੀ।

# ਅਮਰੀਕਾ ਦੇ ਟੈਨੇਸੀ ਰਾਜ ਵਿਚ ਪੁਲਿਸ ਵੱਲੋਂ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਵੇਲੇ ਹੋਈ ਗੋਲੀਬਾਰੀ ’ਚ 2 ਸ਼ੱਕੀ ਮਾਰੇ ਗਏ

## *4 ਪੁਲਿਸ ਅਫਸਰ ਤੇ ਇਕ ਹੋਰ ਵਿਅਕਤੀ ਹੋਇਆ ਜ਼ਖਮੀ*

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਕਲਾਰਕਸਵਿਲੇ ਵਿਖੇ ਪੁਲਿਸ ਵੱਲੋਂ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਵੇਲੇ ਹੋਈ ਗੋਲੀਬਾਰੀ ਵਿਚ ਦੋ ਸ਼ੱਕੀ ਦੋਸ਼ੀਆਂ ਦੇ ਮਾਰੇ ਜਾਣ ਜਦ ਕਿ 4 ਪੁਲਿਸ ਅਫਸਰ ਤੇ ਇਕ ਹੋਰ ਵਿਅਕਤੀ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਟੈਨੇਸੀ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਦਿੱਤੀ ਮੁੱਢਲੀ ਜਾਣਕਾਰੀ ਅਨੁਸਾਰ ਬਰੈਂਡਨ ਗਰੀਨ (31)ਤੇ ਲੀਓਨਾਰਡ ਗਰੀਨ (33) ਨਾਮੀ ਦੋ ਭਰਾਵਾਂ ਦੇ ਇਕ ਗੰਭੀਰ ਚੋਰੀ ਦੇ ਮਾਮਲੇ ਵਿਚ ਜਾਰੀ ਹੋਏ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਪੁਲਿਸ ਅਫਸਰ ਪੁੱਜੇ ਤਾਂ ਇਨਾਂ ਦੋਨਾਂ ਭਰਾਵਾਂ ਨੇ ਇਕ ਵਿਅਕਤੀ ਨੂੰ ਬੰਧਕ ਬਣਾ ਕੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ। ਇਸ ਉਪੰਰਤ ਕਲਾਰਕਸਵਿਲੇ ਪੁਲਿਸ ਤੇ ਸ਼ੱਕੀ ਦੋਸ਼ੀਆਂ ਵਿਚਾਲੇ 12 ਘੰਟੇ ਤਨਾਅ ਬਣਿਆ ਰਿਹਾ। ਸ਼ੱਕੀਆਂ ਨਾਲ ਹੋਈ ਗੱਲਬਾਤ ਬੇਸਿੱਟਾ ਰਹੀ। ਪੁਲਿਸ ਅਨੁਸਾਰ ਸ਼ੱਕੀਆਂ ਨੇ ਪੁਲਿਸ ਉਪਰ ਫਾਇਰਿੰਗ ਕੀਤੀ। ਇਸ ਤੋਂ ਬਾਅਦ ਅੱਧੀ ਰਾਤ ਪਿਛੋਂ ਪੁਲਿਸ ਘਰ ਵਿਚ ਦਾਖਲ ਹੋਈ ਜਿਸ ਦੌਰਾਨ ਹੋਈ ਦੁਪਾਸੜ ਗੋਲੀਬਾਰੀ ਵਿਚ ਦੋਨੋਂ ਭਰਾ ਮਾਰੇ ਗਏ ਜਦ ਕਿ 4 ਪੁਲਿਸ ਅਫਸਰ ਤੇ ਬੰਧਕ ਬਣਾਇਆ ਵਿਅਕਤੀ ਜ਼ਖਮੀ ਹੋ ਗਿਆ। ਜ਼ਖਮੀ ਹੋਏ ਪੁਲਿਸ ਅਫਸਰਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਉਨ੍ਹਾਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ।

# ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਘਰ ਵਿਚ 9 ਸਾਲ ਦੇ ਲੜਕੇ ਨੇ 6 ਸਾਲ ਦੇ ਲੜਕੇ ਦੇ ਮਾਰੀ ਗੋਲੀ, ਹੋਈ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ 9 ਸਾਲ ਦੇ ਲੜਕੇ ਦੇ ਹੱਥ ਵਿਚ ਆਈ ਗੰਨ ਉਸ ਵੇਲੇ ਘਾਤਕ ਸਾਬਤ ਹੋਈ ਜਦੋਂ ਉਸ ਨੇ 6 ਸਾਲਾਂ ਦੇ ਲੜਕੇ ਦੇ ਗੋਲੀ ਮਾਰ ਦਿੱਤੀ। ਇਹ ਘਟਨਾ ਫਲੋਰਿਡਾ ਦੇ ਸ਼ਹਿਰ ਜੈਕਸਨਵਿਲੇ ਦੇ ਇਕ ਘਰ ਵਿਚ ਵਾਪਰੀ। ਜੈਕਸਨਵਿਲੇ ਸ਼ੈਰਿਫ ਦਫਤਰ ਦੇ ਸਹਾਇਕ ਮੁੱਖੀ ਜੇ ਡੀ ਸਟਰਾਨਕੋ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਛੋਟੇ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਸਟਰਾਨਕੋ ਅਨੁਸਾਰ ਉਸ ਦੇ ਸਿਰ ਵਿਚ ਗੋਲੀ ਵੱਜੀ ਸੀ। ਅਧਿਕਾਰੀਆਂ ਵੱਲੋਂ ਘਟਨਾ ਵਾਪਰਨ ਵੇਲੇ ਘਰ ਵਿਚ ਮੌਜੂਦ ਇਕ ਬਾਲਗ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਕੋਈ ਅਪਰਾਧਕ ਹਿੰਸਾ ਦਾ ਕੋਈ ਸੰਕੇਤ ਨਹੀਂ



ਮਿਲਿਆ ਹੈ ਤੇ ਕਿਸੇ ਵਿਰੁੱਧ ਵੀ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ। ਉਨਾਂ ਹੋਰ ਕਿਹਾ ਕਿ ਗੋਲੀ ਚੱਲਣ ਸਮੇ ਘਰ ਵਿਚਲੇ ਹਾਲਾਤ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਥੇ ਜਿਕਰਯੋਗ ਹੈ ਕਿ ਗੰਨ ਹਿੰਸਾ ਵਿਚ ਇਸ ਸਾਲ ਹੁਣ ਤੱਕ 17 ਸਾਲ ਤੋਂ ਘੱਟ ਉਮਰ ਦੇ 1114 ਨਬਾਲਗਾਂ ਦੀ ਮੌਤ ਹੋ ਚੁੱਕੀ ਹੈ ਤੇ 3065 ਜ਼ਖਮੀ ਹੋਏ ਹਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ




ਕੈਪਟਨ ਅਮਰਜੀਤ ਸਿੰਘ ਕਾਲੇਕਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# ਨਾਨਕਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ

ਇੰਨੇ ਵਿਚ ਆਲੇ-ਦੁਆਲੇ ਦੇ ਸਿੱਖ ਪਰਿਵਾਰ ਸ. ਸਮਸ਼ੇਰ ਸਿੰਘ ਦੀ ਸ਼ਰਨ ਵਿਚ ਆ ਗਏ, ਕਿਉਂਕਿ ਇਸ ਪਰਿਵਾਰ ਨੂੰ ਇਲਾਕੇ ਦਾ ਨੇਤਾ ਸਮਝਿਆ ਜਾਂਦਾ ਸੀ। ਇਹ ਪਰਿਵਾਰ ਤਕਰੀਬਨ ਜੁਲਾਈ ਦੇ ਅੰਤ 1947 ਨੂੰ ਬਠਿੰਡਾ ਵੱਲ ਜਾਣ ਲਈ ਸੋਚਣ ਲੱਗੇ। ਸ. ਸਮਸ਼ੇਰ ਸਿੰਘ ਇਕ ਮੁਸਲਮਾਨ ਦੋਸਤ ਦੇ ਘਰ ਵਿਚ ਟਿਕ ਗਏ। ਉਸ ਜ਼ਮਾਨੇ ਵਿਚ ਉਪਚਾਰਕਤਾ ਦੇ ਤੌਰ 'ਤੇ ਪਿੰਡਾਂ ਵਿਚ ਮਹਿਮਾਨ ਦੀਆਂ ਰਾਈਫਲਾਂ ਆਦਿ ਲੈ ਕੇ ਮੇਜ਼ਬਾਨ ਪਰਿਵਾਰ ਆਪਣੇ ਘਰ ਅੰਦਰ ਰੱਖ ਲੈਂਦਾ ਸੀ ਅਤੇ ਅਗਲੇ ਦਿਨ ਜਦੋਂ ਮਹਿਮਾਨ ਨੇ ਜਾਣਾ ਹੁੰਦਾ ਸੀ ਤਾਂ ਬੰਦਿਆਂ ਨੂੰ ਖੁਆ ਪਿਆ ਕੇ ਤੇ ਘੋੜੇ ਉਠਾਂ ਨੂੰ ਰਜਾ ਕੇ ਤੋਰਿਆ ਜਾਂਦਾ ਸੀ। ਸ. ਸ਼ਮਸ਼ੇਰ ਸਿੰਘ ਨੂੰ ਪਤਾ ਨਹੀਂ ਸੀ ਕੀ ਸੁਝਿਆ ਕਿ ਅੱਧੀ ਕੁ ਰਾਤ ਉਠ ਕੇ ਚੱਲੇ ਗਏ। ਸ਼ਾਇਦ ਨਾਨਾ ਜੀ ਨੇ ਉਸ ਪਰਿਵਾਰ 'ਤੇ ਸ਼ੱਕ ਕੀਤਾ ਅਤੇ ਉਹ ਆਪਣੀਆਂ ਰਾਈਫਲਾਂ ਤੇ ਹੋਰ ਅਸਲਾ ਮੇਜ਼ਬਾਨਾ ਕੋਲ ਛੱਡ ਕੇ ਤਲਵਾਰਾਂ ਆਦਿ ਨਾਲ ਹੀ ਚਲੇ ਗਏ। ਰਾਹ ਵਿਚ ਉਹ ਰਸਤਾ ਭੁਲ ਗਏ। ਉਹ ਉਸੇ ਇਲਾਕੇ ਵਿਚ ਚੱਕਰ ਲਗਾਉਂਦੇ ਰਹੇ। ਇੰਨੇ ਨੂੰ ਦਿਨ ਚੜ੍ਹ ਗਿਆ। ਉਹ ਮੁਸਲਮਾਨਾ ਦੀ ਆਬਾਦੀ ਵਾਲਾ ਇਲਾਕਾ ਸੀ। 30-40 ਵਿਅਕਤੀਆਂ ਨੇ ਇਸ ਸਾਰੇ ਗਰੁੱਪ ਨੂੰ ਘੇਰਾ ਪਾ ਲਿਆ। ਇੰਨੇ ਨੂੰ 500-600 ਬੰਦੇ ਹੋਰ ਪਿੰਡਾਂ ਤੋਂ ਵੀ ਆ ਗਏ। ਮੁਸਲਮਾਨ ਲੋਕ ਇਹਨਾਂ ਨੂੰ ਕਹਿਣ ਲੱਗੇ ਜਾਂ ਤਾਂ ਇਸਲਾਮ ਕਬੂਲ ਕਰ ਲਵੋ ਜਾਂ ਫਿਰ ਮਰਨ ਲਈ ਤਿਆਰ ਹੋ ਜਾਓ। ਇੱਕ ਇੱਕ ਕਰ ਕੇ ਲੋਕ ਸ਼ਹੀਦ ਹੁੰਦੇ ਗਏ।

ਦੁਪਹਿਰ ਦੋ ਕੁ ਵਜੇ ਦਾ ਸਮਾਂ ਆਇਆ। ਨਾਨਾ ਸ਼ਮਸ਼ੇਰ ਸਿੰਘ ਜੀ ਦੇ ਇਕੱਲੇ ਲੜਕੇ ਆਤਮਾ ਸਿੰਘ ਦੀ ਇਕੋ ਲੜਕੀ ਸੀ ਜਿਸ ਦਾ ਨਾਮ ਗੁਰਦੀਪ ਕੌਰ ਸੀ। ਉਸ ਦੀ ਉਮਰ ਉਸ ਵੇਲੇ ਸਵਾ ਪੰਜ ਕੁ ਸਾਲ ਦੀ ਸੀ। ਚਾਓ ਵਜੋਂ ਉਸ ਦੇ ਜੂੜਾ ਕਰ ਦਿੰਦੇ ਸਨ। ਇਕ ਮੁਸਲਮਾਨ ਨੇ ਕਿਹਾ ਕਿ ਇਸ ਮੁੰਡੇ ਨੂੰ ਹਵਾ ਵਿਚ ਵਗਾ ਕੇ ਸੁੱਟੋ। ਮੁੰਡੇ ਨੂੰ ਅਕਸਰ ਹਵਾ ਵਿਚ ਉਛਾਲ ਕੇ ਹੇਠਾਂ ਬਰਛਾ ਕਰ ਕੇ ਮਾਰ ਦਿੱਤਾ ਜਾਂਦਾ ਸੀ। ਬੱਚਾ ਬਰਛੇ ਵਿਚ ਪਰੋ ਕੇ ਦੋ ਚਾਰ ਮਿੰਟਾਂ ਵਿਚ ਹੀ ਸਵਾਸ ਤਿਆਗ ਦਿੰਦਾ ਸੀ। ਜਦੋਂ ਇਕ ਮੁਸਲਮਾਨ ਅਜਿਹਾ ਕਰਨ ਲਗਾ ਤਾਂ, ਨਾਨਾ ਜੀ ਨੇ ਕਿਹਾ "ਦੁਸ਼ਟੋ ਤੁਹਾਡੇ ਲੋਕਾਂ ਦਾ ਕਿੱਥੇ ਭਲਾ ਹੋਵੇਗਾ ਇਹ ਤਾਂ ਕੁੜੀ ਹੈ। ਇਸ ਨੂੰ ਕਿਉਂ ਮਾਰਦੇ ਹੋ। ਉਹਨਾਂ ਵਿਚੋਂ ਇਕ ਮੁਸਲਮਾਨ ਨੇ ਬੱਚੇ ਦਾ ਕੱਛਾ ਖੋਲ੍ਹ ਕੇ ਦੇਖਿਆ ਕਿ ਸੱਚਮੁਚ ਇਹ ਲੜਕੀ ਹੈ ਤਾਂ ਉਸ ਨੂੰ ਛੱਡ ਦਿੱਤਾ ਗਿਆ। ਮੁਸਲਮਾਨ ਇਕ-ਇਕ ਬੰਦੇ ਨੂੰ ਧਰਮ ਬਦਲਣ ਲਈ ਜ਼ੋਰ ਪਾ ਰਹੇ ਸਨ।




ਤਿੰਨ ਕੁ ਵਜੇ ਮਾਮਾ ਜੀ ਆਤਮਾ ਸਿੰਘ ਆਪਣੇ ਪਿਤਾ ਸ਼ਮਸ਼ੇਰ ਸਿੰਘ ਨੂੰ ਮਿਲੇ ਤੇ ਕਹਿਣ ਲੱਗੇ ਪਿਤਾ ਜੀ, "ਮੁਸਲਮਾਨ ਕਹਿੰਦੇ ਹਨ ਕਿ ਜੇ ਇਸਲਾਮ ਧਾਰਨ ਕਰ ਲਓ, ਤਾਂ ਹੁਣੇ ਆਪਣੇ ਘਰਾਂ ਨੂੰ ਜਾ ਸਕਦੇ ਹੋ। ਹਾਲੇ ਤਾਂ ਤੁਹਾਡੀਆਂ ਮੱਝਾਂ ਅਤੇ ਬਲਦ ਆਦਿਕ ਵੀ ਕਿੱਲਿਆਂ 'ਤੇ ਹੀ ਖੜ੍ਹੇ ਹੋਏ ਹੋਣਗੇ।

ਨਾਨਾ ਜੀ ਨੇ ਆਪਣੇ ਪੁੱਤਰ ਦਾ ਮਨ ਘਬਰਾਇਆ ਹੋਇਆ ਦੇਖਿਆ। ਉਹਨਾਂ ਨੇ ਪਿਆਰ ਨਾਲ ਪੁੱਤਰ ਨੂੰ ਕਿਹਾ, "ਕਾਕਾ ਜੀ, ਤੁਸੀਂ ਜਿਵੇਂ ਮਰਜ਼ੀ ਕਰ ਸਕਦੇ ਹੋ। ਸਾਡੀ ਇਕ ਆਖ਼ਰੀ ਬੇਨਤੀ ਸੁਣ ਲਓ ਕਿ ਜੇ ਕੋਈ ਪੁੱਛੇ ਕਿ ਤੁਸੀਂ ਕਿਸਦੇ ਪੁੱਤਰ ਹੋ ਤਾਂ ਤੁਸੀਂ ਇਹ ਨਹੀਂ ਕਹਿਣਾ ਕਿ ਮੈਂ ਸ. ਸ਼ਮਸ਼ੇਰ ਸਿੰਘ ਭੈਣੀ ਫੱਤੇ ਵਾਲੇ ਦਾ ਪੁੱਤਰ ਹਾਂ। ਇਸ ਤਰ੍ਹਾਂ ਮੇਰੀ ਆਤਮਾ ਨੂੰ ਬਹੁਤ ਤਕਲੀਫ਼ ਹੋਵੇਗੀ।" ਅਜਿਹਾ ਸੁਣ ਕੇ ਪੁੱਤਰ ਦਾ ਮਨ ਮਜ਼ਬੂਤ ਹੋ ਗਿਆ ਤੇ ਮੁਸਲਮਾਨਾਂ ਨੂੰ ਕਹਿਣ ਲੱਗਾ, ਜਾਓ ਜੋ ਮਰਜ਼ੀ ਕਰ ਲਓ, ਮੈਂ ਆਪਣੇ ਧਰਮ 'ਤੇ ਕਾਇਮ ਹਾਂ। ਸ਼ਾਮ ਨੂੰ ਚਾਰ ਕੁ ਵਜੇ ਮਾਮਾ ਜੀ ਆਤਮਾ ਸਿੰਘ ਨੂੰ ਉਹਨਾਂ ਦੇ ਪਿਤਾ ਦੀਆਂ ਅੱਖਾਂ ਦੇ ਸਾਹਮਣੇ ਟੋਟੇ-ਟੋਟੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਾਮ ਨੂੰ 5 ਕੁ ਵਜੇ ਨਾਨਾ ਜੀ ਨੂੰ ਕਹਿਣ ਲੱਗੇ, "ਬਾਬਾ ਤੂੰ ਵੀ ਆ ਜਾ।" ਨਾਨਾ ਜੀ ਕਹਿਣ ਲੱਗੇ, "ਮੇਰਾ ਕੁਝ ਪਾਠ ਰਹਿੰਦਾ ਹੈ। ਮੈਂ ਕਿਹੜਾ ਕਿਤੇ ਭੱਜਣਾ ਹੈ। ਤੁਸੀਂ ਹੋਰ ਕੰਮ ਨਿਪਟਾ ਲਓ।" ਨਾਨਾ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਸਮਾਪਤ ਕਰਕੇ ਖੜ੍ਹ ਹੋ ਕੇ ਠਰ੍ਹੰਮੇ ਨਾਲ ਅਰਦਾਸ ਕੀਤੀ । ਮੁਸਲਮਾਨ ਫਿਰ ਹੋਰ ਹੋਰ ਲੋਕਾਂ ਨੂੰ ਕਹਿਣ ਲੱਗੇ ਕਿ ਇਸਲਾਮ ਕਬੂਲ ਕਰੋ ਜਾਂ ਮੌਤ। ਪਰ ਕੋਈ ਇਸਲਾਮ ਕਬੂਲ ਕਰਨ ਲਈ ਤਿਆਰ ਨਾ ਹੋਇਆ। 40 ਵਿਚੋਂ ਕਿਸੇ ਨੇ ਵੀ ਇਸਲਾਮ ਕਬੂਲ ਨਹੀਂ ਕੀਤਾ। ਸ਼ਾਮ ਦਾ ਪਾਠ ਕਰਨ ਤੋਂ ਉਪਰੰਤ ਨਾਨਾ ਜੀ ਨੇ ਬੈਠ ਕੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਜਦੋਂ ਕੀਰਤਨ ਸੋਹਿਲੇ ਦੀ ਆਖਰੀ ਪੰਕਤੀ ਪੜ੍ਹੀ ਤਾਂ ਉਹਨਾਂ ਨੇ ਨਾਲ ਹੀ ਸਵਾਸ ਤਿਆਗ ਦਿੱਤੇ।

ਇਹ ਘਟਨਾ ਸਾਡੀ ਮਾਤਾ ਜੰਗੀਰ ਕੌਰ ਨੇ ਸਾਨੂੰ ਕਈ ਵਾਰ ਸੁਣਾਈ। ਸਾਰੇ ਪਰਿਵਾਰ ਤੇ ਇਸ ਘਟਨਾ ਦਾ ਅਸਰ ਹੋਣਾ ਸੁਭਾਵਿਕ ਸੀ। ਸਤਵੰਤ ਉਪਰ ਵੀ ਇਸ ਘਟਨਾ ਦਾ ਬਹੁਤ ਗਹਿਰਾ ਅਸਰ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

੧ ਅਕਤੂਰ ੧੯੩੨
ਦਾਸ
ਤੇਜਾ ਸਿੰਘ
ਕਨਵੀਨਰ, ਰਹੁ-ਰੀਤ ਕਮੇਟੀ।

ਖਰੜੇ ਸਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਤੇ ਸਭਾਵਾਂ ਦੀ ਫਹਿਰਿਸਤ

ਰਹੁ-ਰੀਤ ਦੇ ਖਰੜੇ ਸਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਦੇ ਨਾਮ :

1. ਭਾਈ ਸੱਜਣ ਸਿੰਘ 'ਮੁਹਾਫਿਜ਼', ਦਫਤਰ ਗੁ. ਸ੍ਰੀ ਹਜ਼ੂਰ ਸਾਹਿਬ ਜੀ, ਨਾਂਦੇੜ।
2. ਸ੍ਰ. ਹਜ਼ਾਰਾ ਸਿੰਘ ਜੀ 'ਠੇਕੇਦਾਰ' ਭਵਾਨੀਗੜ੍ਹ (ਪਟਿਆਲਾ ਗੂਰਨਮੈਂਟ), ਨਾਂਦੇੜ।
3. ਗਿਆਨੀ ਹੀਰਾ ਸਿੰਘ 'ਦਰਦ', ਲਾਹੌਰ।
4. ਭਾਈ ਹਰਨਾਮ ਸਿੰਘ ਜੀ 'ਨਾਚੀਜ਼', ਪਿੰਡ ਨੌਸ਼ਹਿਰਾ ਸੂਨਸਕੇਸਰ, ਜ਼ਿਲ੍ਹਾ ਸ਼ਾਹਪੁਰ।
5. ਭਾਈ ਪ੍ਰਤਾਪ ਸਿੰਘ ਜੀ, ਪੁਸਤਕਾਂ ਵਾਲੇ ਅੰਮ੍ਰਿਤਸਰ।
6. ਭਾਈ ਰਾਮ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ,ਚੌਂਕ ਲਛਮਣਸਰ, ਅੰਮ੍ਰਿਤਸਰ।
7. ਗਿਆਨੀ ਨਾਹਰ ਸਿੰਘ ਜੀ, 'ਅਸਲੀ ਕੌਮੀ ਦਰਦ', ਅੰਮ੍ਰਿਤਸਰ (ਪਹਿਲਾ-ਖਰੜਾ)।
8. ਗਿਆਨੀ ਨਾਹਰ ਸਿੰਘ ਜੀ, 'ਅਸਲੀ ਕੌਮੀ ਦਰਦ' ਅੰਮ੍ਰਿਤਸਰ (ਦੂਜੀ ਵਾਰ ਦਾ)
9. ਸ੍ਰ. ਗੰਡਾ ਸਿੰਘ ਜੀ, ਜਮਾਦਾਰ ਪੈਨਸ਼ਨਰ, ਐਗਜ਼ਾਮੀਨਰ ਨਕਲ ਫ਼ਾਰਸੀ ਦਫ਼ਤਰ ਡੀ.ਸੀ., ਜਲੰਧਰ ਸ਼ਹਿਰ।
10. ਵੈਦ ਨੌਰੰਗ ਸਿੰਘ, ਸ੍ਰ. ਗੁਰਬਚਨ ਸਿੰਘ ਜੀ 'ਤਾਂਘੀ', ਅੰਮ੍ਰਿਤਸਰ।
11. ਭਾਈ ਮੇਲਾ ਸਿੰਘ ਜੀ, ਗੁ. ਚੁਰਸਤੀ ਅਟਾਰੀ, ਅੰਮ੍ਰਿਤਸਰ।
12. ਭਾਈ ਸਾਹਿਬ ਭਾਈ ਕਾਹਨ ਸਿੰਘ ਜੀ, ਸਰਦਾਰ ਬਹਾਦਰ, ਨਾਭਾ।
13. ਇਕ ਪ੍ਰੇਮੀ ਸੱਜਣ।
14. ਇਕ ਪ੍ਰੇਮੀ ਸੱਜਣ।
15. ਸੰਤ ਟਹਿਲ ਸਿੰਘ ਜੀ, ਮਜੀਠਾ (ਅੰਮ੍ਰਿਤਸਰ)।
16. ਭਾਈ ਨਰੈਣ ਸਿੰਘ ਜੀ, ਮਸੀਤ ਪਲਕੋਟ, ਡਾ. ਗੜ੍ਹਦੀਵਾਲਾ (ਹੁਸ਼ਿਆਰਪੁਰ)।
17. ਭਾਈ ਉਤਮ ਸਿੰਘ ਜੀ, ਚਿਟਗਾਂਗ (ਬੰਗਾਲ), ਡਾ. ਰੇਲਵੇ ਬਿਲਡਿੰਗ, ਚਿਟਗਾਂਗ।
18. ਐਡੀਟਰ, ਖਾਲਸਾ ਤੇ ਖਾਲਸਾ ਐਡਵੋਕੇਟ, ਅੰਮ੍ਰਿਤਸਰ।
19. ਭਾਈ ਅਮਰੀਕ ਸਿੰਘ ਜੀ, ਚੂਨੇ ਵਾਲੇ, ਗੁਜਰਾਂਵਾਲਾ।
20. ਸੰਤ ਗੁਲਾਬ ਸਿੰਘ ਜੀ, ਖਾਲਸਾ ਅਨੰਦ ਭਵਨ, ਮੋਗਾ (ਫਿਰੋਜ਼ਪੁਰ)।
21. ਗਿਆਨੀ ਹੀਰਾ ਸਿੰਘ ਜੀ, ਢੁਡਿਆਲ (ਜੇਹਲਮ)।
22. ਭਾਈ ਨੰਦ ਸਿੰਘ ਜੀ ਇੰਜੀਨੀਅਰ ਮ/3 ਬਾਬਾ ਬਖਤਾਵਰ ਲਾਲ ਸ਼ਰਮਾ (ਬਠਿੰਡਾ)।
23. ਮਾ. ਬਚਨ ਸਿੰਘ ਜੀ 'ਬਚਨ', ਸਿਧਵਾਂ ਕਲਾਂ (ਲੁਧਿਆਣਾ)
24. ਭਾਈ ਬਿਸ਼ਨ ਸਿੰਘ ਜੀ ਸੁਹਾਣਾ, ਗਿਆਨੀ, ਦੁਆਬਾ ਖਾਲਸਾ ਹਾਈ ਸਕੂਲ, ਜਲੰਧਰ।
25. ਭਾਈ ਨਾਜ਼ਮ ਸਿੰਘ ਜੀ ਸਧਾਰ, ਦੀਨਾਪੁਰ (ਪਟਨਾ)।
26. ਸੰਤ ਗੁਲਾਬ ਸਿੰਘ ਜੀ ਘੋਲੀਆਂ, ਮੋਗਾ।
27. ਸ੍ਰ. ਗੰਡਾ ਸਿੰਘ ਜੀ 'ਜਾਚਕ', ਅੰਮ੍ਰਿਤਸਰ।
28. ਮਾਸਟਰ ਪੂਰਨ ਸਿੰਘ ਜੀ ਅਨੰਦਪੁਰੀ, ਚੌਂਕ ਕਰੋੜੀ, ਅੰਮ੍ਰਿਤਸਰ।
29. ਗਿਆਨੀ ਬਚਿੱਤਰ ਸਿੰਘ ਜੀ ਮ/3 ਖਾਲਸਾ ਟਰੇਡਿੰਗ ਏਜੰਸੀ, ਕਲਕੱਤਾ।
30. ਭਾਈ ਤ੍ਰਿਪਤ ਸਿੰਘ ਜੀ, ਨਾਗੋਕੀ ਸਰਲੀ (ਅੰਮ੍ਰਿਤਸਰ)।
31. ਗਿਆਨੀ ਰਣ ਸਿੰਘ ਜੀ, ਗੁ. ਦਮਦਮਾ ਸਾਹਿਬ, ਮੀਰਪੁਰ, ਬਰਾਸਤਾ ਜੇਹਲਮ।
32. ਭਾਈ ਠਾਕੁਰ ਸਿੰਘ ਜੀ ਸੰਸਾਰਪੁਰ, ਪਿੰਡ ਫਤਿਹਗੜ੍ਹ ਘਣੱਈਆ, ਡਾ. ਖਾਸ




(ਗੁਰਦਾਸਪੁਰ)।
34. ਪੰਡਤ ਕਰਤਰਾ ਸਿੰਘ ਜੀ ਦਾਖਾ (ਲੁਧਿਆਣਾ)।
35. ਭਾਈ ਪ੍ਰੇਮ ਸਿੰਘ ਜੀ ਗਿਆਨੀ, ਖਾਲਸਾ ਹਾਈ ਸਕੂਲ ਕੱਲਰ (ਰਾਵਲਪਿੰਡੀ)।
36. ਭਾਈ ਗੁਰਦਿੱਤ ਸਿੰਘ ਜੀ 'ਦਰਸ', ਚੱਕ ਨੰ. 1332, ਡਾ. ਖਾਸ (ਮੁਲਤਾਨ)।
37. ਭਾਈ ਸੁੰਦਰ ਸਿੰਘ ਜੀ, ਦੁਬੇਰਨ (ਰਾਵਲਪਿੰਡੀ)।
38. ਗਿਆਨੀ ਭਗਤ ਸਿੰਘ ਜੀ, ਖਾਲਸਾ ਹਾਈ ਸਕੂਲ, ਬਾਬਾ ਬਕਾਲਾ (ਅੰਮ੍ਰਿਤਸਰ)।
39. ਭਾਈ ਸ਼ਰਨ ਸਿੰਘ ਜੀ ਗ੍ਰੰਥੀ, ਗੁ. ਰਤਨ ਤਲਾ, ਸ੍ਰੀ ਗੁਰੂ ਸਿੰਘ ਸਭਾ, ਕਰਾਚੀ।
40. ਭਾਈ ਛਹਿਬਰ ਸਿੰਘ ਜੀ ਹੈਡ ਮਾਸਟਰ, ਖਾਲਸਾ ਉਪਦੇਸ਼ਕ ਕਾਲਜ, ਯਤੀਮਖਾਨਾ ਘਰਜਾਖ (ਗੁਜਰਾਂਵਾਲਾ)।
41. ਭਾਈ ਮੱਲ ਸਿੰਘ ਜੀ ਖੋਸਲਾ, ਕਸ਼ਮੀਰ ਸਟੇਟ।
42. ਡਾ. ਤੇਜਾ ਸਿੰਘ ਜੀ ਗਿਆਨੀ, ਫਤਹ ਚੱਕ (ਤਰਨਤਾਰਨ)।
43. ਭਾਈ ਗੁਰਮੁਖ ਸਿੰਘ ਜੀ ਗ੍ਰੰਥੀ ਬੜੂੰਦੀ (ਲੁਧਿਆਣਾ)।
44. ਭਾਈ ਮੋਹਨ ਸਿੰਘ ਜੀ ਵੈਦ, ਤਰਨਤਾਰਨ (ਅੰਮ੍ਰਿਤਸਰ)।
45. ਭਾਈ ਜੋਧ ਸਿੰਘ ਜੀ 'ਕ੍ਰਿਪਾਨ ਬਹਾਦਰ', ਅਲੋਵਾਲ (ਮਲਾਇਆ ਸਟੇਟ)।
46. ਭਾਈ ਪ੍ਰੇਮ ਸਿੰਘ ਜੀ ਪੈਨਸ਼ਨਰ, ਮਾਂਗਟ (ਗੁਜਰਾਤ)।
47. ਭਾਈ ਮਹਾਂ ਬਲਬੀਰ ਸਿੰਘ ਅਕਾਲੀ ਪਿੰਡ ਪੱਤੋ ਸਿੰਘ ਵਾਲੀ, ਡਾ. ਖਾਸ (ਫਿਰੋਜ਼ਪੁਰ)।
48. ਭਾਈ ਮਨੋਹਰ ਸਿੰਘ ਜੀ, ਪਹਿਲਾ ਹੈੱਡ ਕਲਰਕ, ਸਥਾਨਕ ਗੁ. ਕਮੇਟੀ, ਅੰਮ੍ਰਿਤਸਰ।
49. ਭਾਈ ਮਹਿੰਦਰ ਸਿੰਘ ਜੀ ਪ੍ਰਧਾਨ ਗੁ. ਕਮੇਟੀ, ਸਮਾਧ ਭਾਈ, ਪਿੰਡ ਮਾਣੂਕੇ (ਫਿਰੋਜ਼ਪੁਰ)।
50. ਭਾਈ ਗੁਰਬਚਨ ਸਿੰਘ ਜੀ (Ketrygess M.P. nelt Jormun'e 2.Sc.)

**ਰਹੁ-ਰੀਤ ਦੇ ਖਰੜੇ ਸਬੰਧੀ ਹੇਠ ਲਿਖੇ ਪੰਥਕ ਜਥਿਆਂ ਵਲੋਂ ਰਾਵਾਂ ਪੁੱਜੀਆਂ**

1. ਗੁ. ਪ੍ਰ. ਕਮੇਟੀ, ਖਡੂਰ ਸਾਹਿਬ (ਅੰਮ੍ਰਿਤਸਰ)।
2. ਖਾਲਸਾ ਕਮੇਟੀ (ਸਕੂਲ), ਹੋਤੀ।
3. ਸ੍ਰੀ ਗੁਰੂ ਸਿੰਘ ਸਭਾ, ਗੁਜਰਾਂਵਾਲਾ।
4. ਸਿੱਖ ਇਸਤਰੀ ਵਿਦਿਅਕ ਕਮੇਟੀ ਸ਼ਾਂਕਰ (ਜਲੰਧਰ)।
5. ਸੰਗਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।

(ਚਲਦਾ)

# ਅਮਰੀਕਨ ਪੰਜਾਬੀ ਕਾਰੋਬਾਰੀ ਮਾਲਕਾਂ ਨੇ ਬਿੱਲ SB553 ਨੂੰ ਲੈ ਕੇ ਸੈਕਰਾਮੈਂਟੋ ਕੈਪੀਟਲ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ

## ਇਸ ਬਿੱਲ ਪਾਸ ਹੋਣ ਨਾਲ ਕੋਈ ਵੀ ਚੋਰ ਸਟੋਰ ਤੋਂ 950 ਡਾਲਰ ਦੀ ਚੋਰੀ ਕਰ ਸਕਦਾ ਹੈ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਕੈਲੀਫੋਰਨਆ ਦੀ ਰਾਜਧਾਨੀ ਸੈਕਰਾਮੈਂਟੋ ਦੀ ਕੈਪੀਟਲ ਅੱਗੇ ਸੈਂਕੜੇ ਛੋਟੇ ਸਟੋਰ ਮਾਲਕਾਂਤੇ ਗੈਸ ਸਟੇਸ਼ਨਾਂ ਦੇ ਮਾਲਕਾਂ ਨੇ ਬਿੱਲ SB553 ਦੇ ਖਿਲਾਫ ਭਰਵਾਂ ਮੁਜਾਹਰਾ ਕੀਤਾ ਇਹ ਬਿੱਲ ਚੋਰਾਂ ਵਲੋਂ ਸਟੋਰਾਂ ਹੁੰਦੀ ਚੋਰੀ ਨੂੰ ਵੱਧ ਉਤਸ਼ਾਹਿਤ ਕਰੇਗਾ ਜਿਸ ਨੂੰ ਸਟੋਰ ਮਾਲਕ ਚਹੁੰਦਿਆਂ ਹੋਇਆਂ ਵੀ ਰੋਕ ਨਹੀਂ ਸਕਦਾ। ਵੱਖ ਵੱਖ ਖੇਤਰਾਂ ਚੋਂ ਇੱਕੱਤਰ ਹੋਏ ਛੋਟੇ ਕਾਰੋਬਾਰੀ ਮਾਲਕਾਂ ਦਾ ਕਹਿਣਾ ਹੈ ਕਿ ਇਹ ਬਿੱਲ ਉਹਨਾਂ ਨੂੰ ਕਾਰੋਬਾਰ ਤੋਂ ਬਾਹਰ ਕਰ ਦੇਵੇਗਾ। ਛੋਟੇ ਕਾਰੋਬਾਰੀਆਂ ਨੂੰ ਚਿੰਤਾ ਹੈ ਕਿ ਬਿੱਲ ਪਾਸ ਹੋਣ ਨਾਲ ਦੁਕਾਨਾਂ ਦੀ ਚੋਰੀ ਵਧੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਰੱਖਿਆ ਗਾਰਡਾਂ ਨੂੰ ਨਿਯੁਕਤ ਕਰਨਾ ਬਹੁਤ ਮਹਿੰਗਾ ਹੋਵੇਗਾ।

ਅਮਰੀਕੀ ਪੈਟਰੋਲੀਅਮ ਅਤੇ ਸੁਵਿਧਾ ਸਟੋਰ ਐਸੋਸੀਏਸ਼ਨ ਦੇ ਮੈਂਬਰ ਹਰਮਿੰਦਰ ਸਿੰਘ ਨੇ ਕਿਹਾ, ÷ਇਸ ਬਿੱਲ ਨੂੰ ਪਰਚੂਨ ਕਾਰੋਬਾਰੀ ਕਿਲਰ ਐਸਬੀ 553 ਕਿਹਾ ਜਾਣਾ ਚਾਹੀਦਾ ਹੈ।÷ਇਹ ਬਿੱਲ ਇਸ ਬਾਰੇ ਕੁਝ ਨਹੀਂ ਕਹਿੰਦਾ ਕਿ ਅਸੀਂ ਦੁਕਾਨਦਾਰਾਂ ਅਤੇ ਕਾਰੋਬਾਰ ਅਤੇ ਲੁਟੇਰਿਆਂ ਤੋਂ ਸਪਲਾਈ ਕਿਵੇਂ ਸੁਰੱਖਿਅਤ ਰੱਖਾਂਗੇ।÷ ÷ਬਿਲ ਵਿੱਚੋਂ ਇਹ ਦੋ ਚੀਜ਼ਾਂ ਗਾਇਬ ਹਨ। ਇਸ ਲਈ ਅਸੀਂ ਇਸ ਬਿੱਲ ਦਾ ਵਿਰੋਧ ਕਰਦੇ ਹਾਂ। ਇਸ ਮੌਕੇ ਸਟੇਟ ਸੈਨੇਟਰ ਡੇਵ ਕੋਰਟੀਜ਼ ਜਿਸ ਦੁਆਰਾ ਇਹ ਬਿੱਲ ਲਿਆਂਦਾ ਗਿਆ ਸੀ ਨੇ ਸਟੋਰ ਮਾਲਕਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਇਸ ਬਿੱਲ ਦਾ ਉਦੇਸ਼ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣਾ ਹੈ। ਉਨਾਂ ਕਈ ਸਵਾਲਾਂ ਦੇ ਜਵਾਬ ਵੀ ਦਿੱਤੇ ਪਰ ਕਾਰੋਬਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ। ਜਦੋਂ ਕਈ ਕਾਰੋਬਾਰੀ ਉਤੇਜਿਤ ਵੀ ਹੋਏ ਇਸ ਦੌਰਾਨ ਸੇਨੇਟਰ ਨੂੰ ਸਕਿਉਰਿਟੀ ਨੇ ਘੇਰੇ ਚ ਲੈ ਲਿਆ। ਇਸ ਮੌਕੇ ਜਸਕਰਨ ਸਹੋਤਾ ਨੇ ਵੱਖ ਵੱਖ ਬੁਲਾਰਿਆਂ ਨੂੰ ਵਿਚਾਰ ਦੇਣ ਲਈ ਮਾਈਕ ਤੇ ਬੁਲਾਇਆ ਇਨਾਂ ਬੁਲਾਰਿਆਂ ਵਿੱਚ ਹਰਮਿੰਦਰ ਸਿੰਘ, ਜੇਮਜ ਗੇਲੇਗਰ ਅਸੈਂਬਲੀਮੈਂਨ ਯੂਬਾ ਸਿਟੀ, ਬਰਾਇਨ ਡਾਹਲੀ ਰਿਪਬਲਿਕਨ ਗਵਰਨਰ ਸੁਮਨਜੀਤ ਸਹੋਤਾ, ਪਰਮਜੀਤ ਖੈਰਾ ਰੋਜਵਿਲ, ਮਿਸਟਰ ਸਕੌਟ, ਜਸਵਿੰਦਰ ਸਿੰਘ ਯੂਬਾ ਸਿਟੀ, ਰਾਜ ਕਰਨਵੀਰ ਸਿੰਘ ਆਦਿ ਨੇ ਸੰਬੋਧਿਨ ਕੀਤਾ ਬਾਕੀ ਖਾਸ ਸ਼ਾਮਿਲ ਹੋਣ ਵਾਲਿਆਂ ਵਿੱਚ ਹਰਜੋਤ ਸਿੰਘ ਖਾਲਸਾ, ਕਰਮਦੀਪ ਸਿੰਘ ਬੈਂਸ ਕਾਊਂਟੀ ਸੁਪਰਵੀਜਰ ਯੂਬਾ ਸਿਟੀ, ਕੁਲਵੰਤ ਸਿੰਘ ਖਹਿਰਾ, ਬਿੱਲਾ ਸੰਘੇੜਾ, ਗੁਰਜਤਿੰਦਰ ਸਿੰਘ ਰੰਧਾਵਾ, ਐਂਡੀ ਛਿਕਾਰਾ, ਗੁਰਦੇਵ ਸਿੰਘ ਤੂਰ, ਗੁਰਮੀਤ ਸਿੰਘ ਵੜੈਚ, ਕਸ਼ਮੀਰ ਸਿੰਘ, ਬੌਬੀ ਸਿੰਘ ਐਲਨ ਮੇਅਰ ਐਲਕ ਗਰੋਵ ਅਦਿ ਨੇ ਸਮੂਲਿਅਤ ਕੀਤੀ। ਮੁਜਾਹਰੇ ਚ ਸ਼ਾਮਿਲ ਇਕ ਕਾਰੋਬਾਰੀ ਹਰਜੋਤ ਸਿੰਘ ਖਾਲਸਾ ਨੇ ਕਿਹਾ ਕਿ ਪਿਛਲੇ ਸਾਲ, ਰੋਜ਼ਵਿਲ ਗੈਲਰੀਆ ਵਿੱਚ ਇੱਕ ਗਹਿਣਿਆਂ ਦੀ ਦੁਕਾਨ ਵਿੱਚ ਇੱਕ ਤੋੜ-ਫੜ ਕੇ ਚੋਰੀ ਹੋਈ ਸੀ, ਅਤੇ ਕੁਝ ਹਫ਼ਤੇ ਪਹਿਲਾਂ, ਇੱਕ ਵਿਅਕਤੀ ਸਟਾਕਟਨ ਵਿੱਚ ਇੱਕ 7-Eleven ਤੋਂ ਸਿਗਰਟਾਂ ਚੋਰੀ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕੈਮਰੇ 'ਤੇ ਫੜਿਆ ਗਿਆ ਸੀ, ਜਿੱਥੇ ਵੀਡੀਓ ਵਿੱਚ ਵਰਕਰਾਂ ਨੂੰ ਉਸ ਚੋਰ ਨਾਲ ਹੱਥੋਪਾਈ ਹੁੰਦੇ ਹੋਏ ਦਿਖਾਇਆ ਗਿਆ ਸੀ। ਇਸ ਤਰਾਂ ਦੀਆਂ ਚੋਰੀ ਦੀਆਂ ਅਨੇਕਾਂ ਘਟਨਾਵਾਂ



ਹਨ ਜਿਨ੍ਹਾਂ ਨੂੰ ਰੋਕਣ ਲਈ ਇਸ ਬਿੱਲ ਵਿੱਚ ਕੁਝ ਵੀ ਨਹੀਂ ਹੈ। ਬਿੱਲ ਨੂੰ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਲੇਬਰ ਯੂਨੀਅਨ ਤੋਂ ਸਮਰਥਨ ਮਿਲਿਆ। ਦੱਸਣਯੋਗ ਹੈ ਕਿ ਬਿੱਲ ਸੈਨੇਟ ਨੇ ਪਾਸ ਕਰ ਲਿਆ ਹੈ ਅਤੇ 1 ਸਤੰਬਰ ਨੂੰ ਸੁਣਵਾਈ ਲਈ ਅਸੈਂਬਲੀ ਅਪਰੋਪ੍ਰੀਏਸ਼ਨ ਕਮੇਟੀ ਕੋਲ ਜਾਵੇਗਾ। ਉਥੇ ਵੀ ਕਾਰੋਬਾਰੀਆਂ ਵਲੋਂ ਇੱਕਠ ਕਰਕੇ ਬਿੱਲ ਖਿਲਾਫ ਮੁਜਾਹਰਾ ਕਰਨ ਦੀ ਯੋਜਨਾ ਹੈ।


Balsani Welders & Builders
We Design, Manufacture & Ship Nationwide
All Kind of Welding & Fabrication Services Available
Mobile Welding Services
Custom Febrication
Custom Welding
Alnminum Welding
Metal Canopy
Truck/Trailer Welding
Custom Metal Gates
Metal Fences
ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ
'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।
ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।
Wrought Iron Fences
Ornamental Iron Fences
Custom Designed Iron Fences
Black Rod Iron Fences
Wrought Iron Garden Fences
FROM CONCEPTION
- FABRICATION TO INSTALLATION
ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।
S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਇੱਦਾਂ ਮਾਰਿਆਂ ਅਸੀਂ ਮਰਾਂਗੇ ਨਹੀਂ, ਸਾਡੇ ਸੀਨੇ 'ਚ ਉਤਾਰੀ ਹਰ ਗੋਲੀ, ਕਈ ਨਵੇਂ ਯੋਧੇ ਪੈਦਾ ਕਰੇਗੀ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

*ਭਾਈ ਪੰਜਵੜ, ਭਾਈ ਨਿੱਝਰ ਅਤੇ ਵੀਰ ਖੰਡੇ ਨੂੰ ਹਮੇਸ਼ਾਂ ਯਾਦ ਰੱਖੇਗੀ ਸਿੱਖ ਕੌਮ*





ਅੰਮ੍ਰਿਤਸਰ: ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੇ ਅਰਦਾਸ ਸਮਾਗਮ 'ਚ ਅੱਜ ਮੋਗੇ ਦੇ ਗੁ. ਗੁਰੂਸਰ ਪਾਤਸ਼ਾਹੀ ਛੇਵੀਂ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨ ਪੁੱਜੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਜ਼ਿਲ੍ਹਾ ਪ੍ਰਧਾਨ ਭਾਈ ਜਸਕਰਨ ਸਿੰਘ ਪੰਡੋਰੀ ਅਤੇ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਕਿਹਾ ਕਿ ਜੁਝਾਰੂ ਸਿੱਖ ਨੌਜਵਾਨ ਭਾਈ ਅਵਤਾਰ ਸਿੰਘ ਖੰਡਾ ਦਾ ਇੰਗਲੈਂਡ ਵਿੱਚ ਸਰੀਰਕ ਵਿਛੋੜਾ ਸਮੁੱਚੇ ਖ਼ਾਲਸਾ ਪੰਥ ਲਈ ਅਸਹਿ ਹੈ ਤੇ ਇਹ ਭਾਰਤ ਸਰਕਾਰ ਦੀ ਸਾਜਿਸ਼ ਤਹਿਤ ਹੋਇਆ ਹੈ। ਹਿੰਦੁਸਤਾਨ ਦੀ ਸਰਕਾਰ ਭਾਈ ਅਵਤਾਰ ਸਿੰਘ ਖੰਡਾ ਦੀ ਵੈਰਨ ਬਣੀ ਹੋਈ ਸੀ ਤੇ ਭਾਰਤੀ ਮੀਡੀਆ ਵੱਲੋਂ ਲਗਾਤਾਰ ਉਸ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਸੀ। ਭਾਈ ਅਵਤਾਰ ਸਿੰਘ ਖੰਡਾ ਨੇ ਆਪਣਾ ਹਰ ਸਾਹ ਖ਼ਾਲਿਸਤਾਨ ਦੇ ਲੇਖੇ ਲਾਇਆ ਹੈ। ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹਿੰਦ ਸਰਕਾਰ ਵੱਲੋਂ ਇੱਕ ਸਾਜ਼ਿਸ਼ ਤਹਿਤ ਗਿਣ-ਮਿੱਥ ਕੇ ਪੰਥਕ ਅਤੇ ਖ਼ਾਲਿਸਤਾਨੀ ਸੋਚ ਵਾਲੇ ਸਿੰਘਾਂ ਦੇ ਕਤਲ ਕੀਤੇ ਜਾ ਰਹੇ ਹਨ। ਕਤਲ ਕਰਨ ਵਾਲਾ ਚਾਹੇ ਕੋਈ ਵੀ ਹੋਵੇ ਪਰ ਇਸ ਦੇ ਪਿੱਛੇ ਦਿਮਾਗ ਹਿੰਦੁਸਤਾਨੀ ਏਜੰਸੀਆਂ ਦਾ ਹੈ। ਕਿਸੇ ਨੂੰ ਗੋਲੀਆਂ ਨਾਲ ਮਾਰਿਆ ਜਾ ਰਿਹਾ, ਕਿਸੇ ਦਾ ਐਕਸੀਡੈਂਟ ਕਰਵਾਇਆ ਜਾ ਰਿਹਾ, ਕਿਸੇ ਨੂੰ ਜ਼ਹਿਰ ਪਿਲਾਇਆ ਜਾ ਰਿਹਾ, ਕਿਸੇ ਦਾ ਜੇਲ੍ਹਾਂ 'ਚ ਇਲਾਜ ਨਹੀਂ ਕਰਵਾਇਆ ਜਾ ਰਿਹਾ ਤੇ ਕਿਸੇ ਨੂੰ ਜੇਲ੍ਹਾਂ ਧੱਕ ਕੇ ਸਬਕ ਸਿਖਾਇਆ ਜਾ ਰਿਹਾ ਹੈ। ਹੁਣ ਭਾਰਤੀ ਖ਼ੁਫ਼ੀਆ ਏਜੰਸੀਆਂ ਦਾ ਅਗਲਾ ਨਿਸ਼ਾਨਾ ਕੌਣ ਹੋ ਸਕਦਾ ਹੈ ? ਭਾਈ ਹਰਮਿੰਦਰ ਸਿੰਘ ਮਿੰਟੂ ਨਿਹੰਗ, ਭਾਈ ਹਰਮੀਤ ਸਿੰਘ ਪੀ ਐੱਚ ਡੀ, ਭਾਈ ਸੰਦੀਪ ਸਿੰਘ ਦੀਪ ਸਿੱਧੂ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਸਿੱਖ ਕੌਮ ਲਈ ਚੁਣੌਤੀ ਹਨ ਪਰ ਇੱਦਾਂ ਮਾਰਿਆਂ ਅਸੀਂ ਮਰਾਂਗੇ ਨਹੀਂ, ਸਾਡੇ ਸੀਨੇ 'ਚ ਉਤਾਰੀ ਹਰ ਗੋਲ ?ੀ, ਕਈ ਨਵੇਂ ਯੋਧੇ ਪੈਦਾ ਕਰੇਗੀ, ਖੰਡੇ ਖੜਕਦੇ ਰਹਿਣਗੇ, ਸੰਘਰਸ਼ ਜਾਰੀ ਰਹੇਗਾ, ਖ਼ਾਲਿਸਤਾਨ ਅਵੱਸ਼ ਬਣੇਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਭਾਈ ਅਵਤਾਰ ਸਿੰਘ ਖੰਡਾ ਜੋ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਚੋਟੀ ਦੇ ਜੁਝਾਰੂ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੇ ਸਪੁੱਤਰ ਸਨ ਤੇ ਭਾਈ ਅਵਤਾਰ ਸਿੰਘ ਖੰਡੇ ਦਾ ਵੀ ਖ਼ਾਲਿਸਤਾਨੀ ਸੰਘਰਸ਼ ਵਿੱਚ ਵੱਡਾ ਯੋਗਦਾਨ ਹੈ ਤੇ ਉਹਨਾਂ ਦੇ ਮਾਤਾ ਜੀ ਬੀਬੀ ਚਰਨਜੀਤ ਕੌਰ ਅਤੇ ਪਰਿਵਾਰ ਨੇ ਵੀ ਬੇਅੰਤ ਜ਼ੁਲਮ-ਤਸੀਹੇ ਝੱਲੇ ਹਨ ਤੇ ਸਿੱਖੀ ਸਿਦਕ ਅਤੇ ਸਿਰੜ ਨਿਭਾਇਆ ਜਿਸ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

# ਕੋਟਕਪੂਰਾ ਗੋਲੀ ਕਾਂਡ 'ਚ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ 'ਤੇ ਫ਼ੈਸਲਾ ਸੁਰੱਖਿਅਤ



ਚੰਡੀਗੜ੍ਹ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਤੋਂ ਬਾਅਦ ਭੜਕੀ ਭੀੜ 'ਤੇ ਕੋਟਕਪੂਰਾ 'ਚ ਹੋਈ ਪੁਲਸ ਫਾਇਰਿੰਗ ਮਾਮਲੇ 'ਚ ਮੁਲਜ਼ਮ ਬਣਾਏ ਗਏ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ ਮੰਗ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬਹਿਸ ਪੂਰੀ ਹੋਣ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਗਿਆ ਹੈ। ਫ਼ੈਸਲਾ ਆਉਣ ਤੱਕ ਹਾਈਕੋਰਟ ਵਲੋਂ ਉਕਤ ਮਾਮਲੇ 'ਚ ਮਿਲੀ ਰਾਹਤਾਂ ਜਾਰੀ ਰਹਿਣਗੀਆਂ। ਇਸ ਤੋਂ ਪਹਿਲਾਂ ਇਸ ਮਾਮਲੇ 'ਚ ਐੱਸ. ਐੱਸ. ਪੀ. ਫਰੀਦਕੋਟ ਵਲੋਂ ਸਟੇਟਸ ਰਿਪੋਰਟ ਦਿੱਤੀ ਗਈ ਸੀ। ਸੁਖਬੀਰ ਬਾਦਲ ਵਲੋਂ ਪੇਸ਼ ਹੋਏ ਵਕੀਲਾਂ ਨੇ 8 ਅਗਸਤ ਨੂੰ ਜਵਾਬ ਦਾਖ਼ਲ ਕੀਤਾ ਸੀ, ਜਿਸ ਤੋ ਬਾਅਦ ਦੋਵਾਂ ਧਿਰਾਂ ਨਾਲ ਬਹਿਸ ਕੀਤੀ ਗਈ ਅਤੇ ਮੰਗਲਵਾਰ ਨੂੰ ਬਹਿਸ ਪੂਰੀ ਹੋਣ ਤੋਂ ਬਾਅਦ ਕੋਰਟ ਨੇ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਪਿਛਲੀ ਸੁਣਵਾਈ 'ਤੇ ਪਟੀਸ਼ਨਰ ਧਿਰ ਨੇ ਕੋਰਟ 'ਚ ਕਿਹਾ ਸੀ ਕਿ ਸੁਖਬੀਰ ਬਾਦਲ ਨੂੰ ਸਿਆਸੀ ਰੰਜਿਸ਼ ਦੇ ਚਲਦੇ ਇਸ ਮਾਮਲੇ 'ਚ ਫਸਾਇਆ ਗਿਆ ਹੈ, ਜਦੋਂ ਕਿ ਉਨ੍ਹਾਂ ਦੀ ਇਸ 'ਚ ਕੋਈ ਭੂਮਿਕਾ ਨਹੀਂ ਹੈ।

ਕੋਰਟ ਨੂੰ ਦੱਸਿਆ ਗਿਆ ਸੀ ਕਿ ਕੋਟਕਪੂਰਾ ਗੋਲੀਕਾਂਡ ਨੂੰ ਲੈ ਕੇ ਪੇਸ਼ ਕੀਤੀ ਗਈ ਐੱਸ. ਆਈ. ਟੀ. ਦੀ ਰਿਪੋਰਟ ਹਾਈਕੋਰਟ ਖਾਰਜ ਕਰ ਚੁੱਕੀ ਹੈ, ਜਿਸ ਤੋਂ ਬਾਅਦ ਬਣੀ ਨਵੀਂ ਐੱਸ. ਆਈ. ਟੀ. ਨੇ ਪਟੀਸ਼ਨਰ ਨੂੰ ਮੁਲਜ਼ਮ ਬਣਾਇਆ ਸੀ ਜੋ ਕਿ ਆਧਾਰਹੀਣ ਹੈ। ਕੋਟਕਪੂਰਾ ਗੋਲੀਕਾਂਡ ਵਿਚ ਮੁਲਜ਼ਮ ਬਣਾਏ ਗਏ ਉਸ ਸਮੇਂ ਦੇ ਪੁਲਸ ਪ੍ਰਮੁੱਖ ਸੁਮੇਧ ਸਿੰਘ ਸੈਣੀ ਨੂੰ ਵੀ ਇਸ ਮਾਮਲੇ 'ਚ ਮੁਲਜ਼ਮ ਬਣਾਇਆ ਗਿਆ ਸੀ, ਜਿਨ੍ਹਾਂ ਨੂੰ ਅਗਾਊਂ ਜ਼ਮਾਨਤ ਮਿਲੀ ਹੋਈ ਹੈ। ਸੁਮੇਧ ਸੈਣੀ ਦੀ ਵੀ ਅਗਾਊਂ ਜ਼ਮਾਨਤ ਰਾਖਵਾਂ ਰੱਖੇ ਗਏ ਫ਼ੈਸਲੇ 'ਤੇ ਨਿਰਭਰ ਕਰੇਗੀ।

# ਸ਼ਿਮਲਾ ਦੇ ਸਾਬਕਾ ਡਿਪਟੀ ਮੇਅਰ ਭੁੱਖ ਹੜਤਾਲ 'ਤੇ ਬੈਠੇ

*ਹਿਮਾਚਲ 'ਚ ਬਾਰਿਸ਼ ਨੂੰ ਲੈ ਕੇ ਨਵੀਂ ਨੀਤੀ ਦੀ ਕੀਤੀ ਮੰਗ*





ਸ਼ਿਮਲਾ ਮਿਉਂਸਪਲ ਕਾਰਪੋਰੇਸ਼ਨ ਦੇ ਸਾਬਕਾ ਡਿਪਟੀ ਮੇਅਰ ਟੇਕਇੰਦਰ ਪਵਾਰ ਰਾਜ ਵਿੱਚ ਮੀਂਹ ਕਾਰਨ ਹੋਏ ਨੁਕਸਾਨ ਨੂੰ ਲੈ ਕੇ ਹਿਮਾਚਲ ਪ੍ਰਦੇਸ਼ ਦੇ ਵਿਕਾਸ ਮਾਡਲ ਦੀ ਸਮੀਖਿਆ ਦੀ ਮੰਗ ਨੂੰ ਲੈ ਕੇ 24 ਘੰਟੇ ਦੀ ਭੁੱਖ ਹੜਤਾਲ 'ਤੇ ਬੈਠੇ ਹਨ।

ਸ਼ਿਮਲਾ ਮਿਉਂਸਪਲ ਕਾਰਪੋਰੇਸ਼ਨ ਦੇ ਸਾਬਕਾ ਡਿਪਟੀ ਮੇਅਰ ਟੇਕਇੰਦਰ ਪਵਾਰ ਐਤਵਾਰ ਨੂੰ ਇੱਥੇ ਰਿਜ ਗਰਾਊਂਡ 'ਤੇ 24 ਘੰਟੇ ਦੀ ਭੁੱਖ ਹੜਤਾਲ 'ਤੇ ਬੈਠੇ ਅਤੇ ਰਾਜ ਵਿੱਚ ਹਾਲ ਹੀ ਵਿੱਚ ਹੋਈ ਬਾਰਿਸ਼ ਨਾਲ ਹੋਈ ਤਬਾਹੀ ਦੇ ਮੱਦੇਨਜ਼ਰ ਹਿਮਾਚਲ ਪ੍ਰਦੇਸ਼ ਦੇ ਵਿਕਾਸ ਮਾਡਲ ਦੀ ਸਵੈ-ਪੜਚੋਲ ਕਰਨ ਦੀ ਅਪੀਲ ਕੀਤੀ।

ਪਵਾਰ ਨੇ ਇਸ ਮਾਮਲੇ 'ਤੇ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ 'ਚ ਇਕ ਜਾਂਚ ਕਮਿਸ਼ਨ ਦੀ ਮੰਗ ਕੀਤੀ, ਜੋ ਹੜ੍ਹ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕਰੇ ਅਤੇ ਇਸ ਨਾਲ ਨਜਿੱਠਣ ਲਈ ਨਵਾਂ ਨੀਤੀਗਤ ਢਾਂਚਾ ਤਿਆਰ ਕਰੇ।

# ਅਦਾਲਤ ਨੇ ਸੱਜਣ ਕੁਮਾਰ ਵਿਰੁੱਧ ਕਤਲ ਦੀ ਧਾਰਾ 302 ਨੂੰ ਕੀਤਾ ਰੱਦ



ਨਵੀਂ ਦਿੱਲੀ : 1984 ਸਿੱਖ ਦੰਗਿਆਂ ਦੇ ਮਾਮਲੇ ਨੂੰ ਲੈ ਕੇ ਬੁੱਧਵਾਰ ਨੂੰ ਅਦਾਲਤ 'ਚ ਸੁਣਵਾਈ ਹੋਈ। ਜਨਕਪੁਰੀ ਤੇ ਵਿਕਾਸਪੁਰੀ 'ਚ ਸਿੱਖਾਂ ਦੇ ਕਤਲੇਆਮ ਦੇ ਮਾਮਲੇ 'ਚ ਰੋਜ਼ ਐਵੇਨਿਊ ਕੋਰਟ ਨੇ ਸੱਜਣ ਕੁਮਾਰ ਖ਼ ?ਲਾਫ਼ ਤੈਅ ਕੀਤੇ। ਅਦਾਲਤ ਨੇ ਸੱਜਣ ਕੁਮਾਰ ਖ਼ ?ਲਾਫ਼ ਆਈ.ਪੀ.ਸੀ. ਦੀ ਧਾਰਾ 147, 148, 153ਏ, 295 ਆਰ/ਡਬਲਯੂ 149, 307, 308, 325, 395, 436 ਤਹਿਤ ਦੋਸ਼ ਤੈਅ ਕੀਤੇ।

ਅਦਾਲਤ ਨੇ ਸੱਜਣ ਕੁਮਾਰ ਵਿਰੁੱਧ ਕਤਲ ਦੀ ਧਾਰਾ 302 ਨੂੰ ਰੱਦ ਕਰ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 21 ਸਤੰਬਰ ਨੂੰ ਹੋਵੇਗੀ।

ਅਦਾਲਤ ਨੂੰ ਦੱਸਿਆ ਗਿਆ ਕਿ ਸੱਜਣ ਕੁਮਾਰ ਇਸ ਮਾਮਲੇ 'ਚ ਹਿਰਾਸਤ 'ਚ ਨਹੀਂ ਹੈ, ਇਸ ਮਾਮਲੇ 'ਚ ਸੱਜਣ ਕੁਮਾਰ ਜ਼ਮਾਨਤ 'ਤੇ ਹੈ।

ਐੱਸ.ਆਈ.ਟੀ. ਨੇ ਮਾਮਲੇ 'ਚ ਆਈ.ਪੀ.ਸੀ. ਦੀ ਧਾਰਾ 147, 148, 149, 153ਏ, 295, 436, 395, 307, 302, 102-ਬੀ ਦੇ ਤਹਿਤ ਚਾਰਜਸ਼ੀਟ ਦਾਇਰ ਕੀਤੀ ਸੀ। 2015 'ਚ ਐੱਸ.ਆਈ.ਟੀ. ਨੇ ਜਨਕਪੁਰੀ ਅਤੇ ਵਿਕਾਸਪੁਰੀ 'ਚ ਐੱਫ.ਆਈ.ਆਰ. ਦਰਜ ਕਰਕੇ ਸਿੱਖ ਦੰਗਿਆਂ ਦੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ।

ਦੱਸ ਦੇਈਏ ਕਿ ਜਨਕਪੁਰੀ 'ਚ ਦੋ ਸਿੱਖਾਂ, ਸੋਹਣ ਸਿੰਘ ਅਤੇ ਉਨ੍ਹਾਂ ਦੇ ਜਵਾਈ ਅਵਤਾਰ ਸਿੰਘ ਦਾ 1 ਨਵੰਬਰ, 1984 ਨੂੰ ਕਤਲ ਕਰ ਦਿੱਤਾ ਸੀ। ਗੁਰੂਚਰਨ ਸਿੰਘ ਨੂੰ ਵਿਕਾਸਪੁਰੀ ਥਾਣੇ ਦੇ ਇਲਾਕੇ 'ਚ ਸਾੜ ਦਿੱਤਾ ਗਿਆ ਸੀ, ਜਿਸ ਤੋਂ ਬਾਅਦ 30 ਸਾਲ ਬਾਅਦ ਉਸ ਦੀ ਮੌਤ ਹੋ ਗਈ ਸੀ, ਇਸ ਮਾਮਲੇ 'ਚ SIT ਨੇ ਮਈ 2018 'ਚ ਸੱਜਣ ਕੁਮਾਰ ਦਾ ਪੋਲੀਗ੍ਰਾਫੀ ਟੈਸਟ ਵੀ ਕਰਵਾਇਆ ਸੀ।

# ਲਿਬੀਆ 'ਚ ਬੰਦੀ ਬਣਾਏ ਪੰਜਾਬ ਤੇ ਹਰਿਆਣਾ ਦੇ 17 ਨੌਜਵਾਨ ਸੁਰੱਖਿਅਤ ਵਾਪਸ ਲਿਆਂਦੇ



ਨਵੀਂ ਦਿੱਲੀ : ਵਿਦੇਸ਼ ਮੰਤਰਾਲੇ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਲਿਬੀਆ 'ਚ ਇਕ ਹਥਿਆਰਬੰਦ ਗੁੱਟ ਵੱਲੋਂ ਬੰਦੀ ਬਣਾਏ ਗਏ 17 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢ ਕੇ ਭਾਰਤ ਵਾਪਸ ਲਿਆਂਦਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਇਹ ਭਾਰਤੀ ਨਾਗਰਿਕ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਹਨ ਅਤੇ ਉਹ ਐਤਵਾਰ ਸ਼ਾਮ ਦਿੱਲੀ ਪੁੱਜੇ। ਸੂਤਰਾਂ ਨੇ ਦੱਸਿਆ ਕਿ ਟਿਊਨਿਸ਼ 'ਚ ਭਾਰਤੀ ਸਫ਼ਾਰਤਖਾਨੇ ਨੇ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ 'ਚ ਅਹਿਮ ਭੂਮਿਕਾ ਨਿਭਾਈ। ਲਿਬੀਆ 'ਚ ਫਸੇ ਹੋਏ ਭਾਰਤੀ ਨਾਗਰਿਕਾਂ ਦੇ ਪਰਿਵਾਰਕ ਮੈਂਬਰਾਂ ਨੇ 26 ਮਈ ਨੂੰ ਟਿਊਨਿਸ 'ਚ ਭਾਰਤੀ ਸਫ਼ਾਰਤਖਾਨੇ ਦੇ ਧਿਆਨ 'ਚ ਇਹ ਮਾਮਲਾ ਲਿਆਂਦਾ ਸੀ। ਸੂਤਰਾਂ ਨੇ ਕਿਹਾ ਕਿ ਇਟਲੀ ਭੇਜਣ ਦੇ ਨਾਮ 'ਤੇ ਨੌਜਵਾਨਾਂ ਨੂੰ ਲਿਬੀਆ ਭੇਜ ਦਿੱਤਾ ਗਿਆ ਸੀ ਜਿਥੇ ਜ਼ਵਾਰਾ ਸ਼ਹਿਰ 'ਚ ਹਥਿਆਰਬੰਦ ਗੁੱਟ ਨੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਸੀ। ਟਿਊਨਿਸ 'ਚ ਭਾਰਤੀ ਸਫ਼ਾਰਤਖਾਨੇ ਨੇ ਮਈ ਤੇ ਜੂਨ 'ਚ ਲਿਬੀਆ ਦੇ ਅਧਿਕਾਰੀਆਂ ਨਾਲ ਲਗਾਤਾਰ ਮਾਮਲਾ ਚੁੱਕਿਆ। ਲਿਬੀਆ ਪ੍ਰਸ਼ਾਸਨ ਨੇ 13 ਜੂਨ ਨੂੰ ਭਾਰਤੀ ਨਾਗਰਿਕਾਂ ਨੂੰ ਬਚਾਉਣ 'ਚ ਸਫ਼ਲਤਾ ਹਾਸਲ ਕੀਤੀ ਸੀ ਪਰ ਗ਼ੈਰਕਾਨੂੰਨੀ ਢੰਗ ਨਾਲ ਮੁਲਕ 'ਚ ਦਾਖ਼ਲ ਹੋਣ ਦੇ ਦੋਸ਼ ਹੇਠ ਉਨ੍ਹਾਂ ਨੂੰ ਆਪਣੀ ਹਿਰਾਸਤ 'ਚ ਰੱਖਿਆ। ਟਿਊਨਿਸ 'ਚ ਭਾਰਤੀ ਸਫ਼ੀਰ ਅਤੇ ਦਿੱਲੀ 'ਚ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਦਖ਼ਲ ਮਗਰੋਂ ਲਿਬੀਆ ਦੇ ਅਧਿਕਾਰੀ ਉਨ੍ਹਾਂ ਨੂੰ ਰਿਹਾਅ ਕਰਨ ਲਈ ਸਹਿਮਤ ਹੋਏ। ਲਿਬੀਆ 'ਚ ਰਹਿਣ ਦੌਰਾਨ ਭਾਰਤੀ ਸਫ਼ਾਰਤਖਾਨੇ ਨੇ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂਜ਼ਰੂਰਤਾਂ ਦਾ ਧਿਆਨ ਰੱਖਿਆ। ਉਨ੍ਹਾਂ ਕੋਲ ਪਾਸਪੋਰਟ ਨਾ ਹੋਣ ਕਾਰਨ ਹੰਗਾਮੀ ਸਰਟੀਫਿਕੇਟ ਜਾਰੀ ਕੀਤੇ ਗਏ। ਭਾਰਤ ਪਰਤਣ ਲਈ ਟਿਕਟਾਂ ਦਾ ਪ੍ਰਬੰਧ ਵੀ ਭਾਰਤੀ ਸਫ਼ਾਰਤਖਾਨੇ ਨੇ ਕੀਤਾ। ਭਾਰਤੀ 20 ਅਗਸਤ ਨੂੰ ਸੁਰੱਖਿਅਤ ਮੁਲਕ ਪਰਤ ਆਏ।

# ਪੰਜਾਬ ਦੀ ਇਸ ਧੀ ਨੇ ਕੈਨੇਡਾ 'ਚ ਕਰਵਾਈ ਬੱਲੇ-ਬੱਲੇ, ਪੁਲਸ ਅਫ਼ਸਰ ਬਣ ਵਧਾਇਆ ਪੰਜਾਬੀਆਂ ਦਾ ਮਾਣ



ਰਾਏਕੋਟ : ਪੰਜਾਬੀਆਂ ਨੇ ਆਪਣੀ ਮਿਹਨਤ ਦੇ ਬਲ 'ਤੇ ਵਿਦੇਸ਼ਾ 'ਚ ਆਪਣੀ ਧਾਕ ਜਮਾਈ ਹੈ। ਇਸ ਦੀ ਤਾਜ਼ਾ ਮਿਸਾਲ ਰਾਏਕੋਟ 'ਚ ਦੇਖਣ ਨੂੰ ਮਿਲੀ ਹੈ। ਇਸ ਸ਼ਹਿਰ ਦੀ ਵਸਨੀਕ ਸਮਨਦੀਪ ਕੌਰ ਧਾਲੀਵਾਲ ਨੇ ਕੈਨੇਡਾ ਦੇ ਸ਼ਹਿਰ ਸਰੀ 'ਚ ਪੁਲਸ ਵਿਭਾਗ ਦੇ ਕ੍ਰਾਈਮ ਬ੍ਰਾਂਚ 'ਚ ਫੈਡਰਲ ਪੀਸ ਅਧਿਕਾਰੀ ਵਜੋ ਨੌਕਰੀ ਹਾਸਲ ਕੀਤੀ ਹੈ। ਇਸ ਨਾਲ ਉਸ ਨੇ ਕੈਨੇਡਾ 'ਚ ਵੱਸਦੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆ ਸਮਨਦੀਪ ਕੌਰ ਧਾਲੀਵਾਲ ਦੇ ਪਿਤਾ ਜਗਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਨ੍ਹਾ ਦੀ ਧੀ ਸਮਨਦੀਪ ਕੌਰ ਸਨ 2016 'ਚ ਪੜ੍ਹਾਈ ਲਈ ਕੈਨੇਡਾ ਗਈ ਸੀ।

# ਦੰਗਿਆਂ ਦੌਰਾਨ ਪਾਕਿ 'ਚ ਈਸਾਈ ਫਿਰਕੇ ਦੇ ਲੋਕਾਂ ਤੇ ਚਰਚਾਂ ਦਾ ਲਗਭਗ 67 ਕਰੋੜ ਰੁਪਏ ਦਾ ਹੋਇਆ ਨੁਕਸਾਨ




ਗੁਰਦਾਸਪੁਰ : ਈਸਾਈ ਫਿਰਕੇ ਦੇ ਨਾਲ ਇਕਜੁੱਟਤਾ ਵਿਖਾਉਣ ਅਤੇ ਜਿੰਨਾਂ ਪਰਿਵਾਰਾਂ ਦੇ ਘਰ ਸਾੜ ਦਿੱਤੇ ਗਏ ਸੀ, ਉਨ੍ਹਾਂ ਨੂੰ ਮੁਆਵਜ਼ੇ ਦੇ ਚੈੱਕ ਵੰਡਣ, ਹਿੰਸਕ ਭੀੜ ਦੁਆਰਾ ਈਸ਼ਨਿੰਦਾ ਦੇ ਦੋਸ਼ 'ਚ ਦਰਜ਼ਨਾਂ ਘਰਾਂ ਅਤੇ ਚਰਚਾਂ ਨੂੰ ਨਸ਼ਟ ਕਰਨ ਦੇ ਬਾਅਦ, ਬੀਤੀ ਦੇਰ ਸ਼ਾਮ ਪਾਕਿਸਤਾਨ ਦੇ ਕਾਰਜਵਾਹਕ ਪ੍ਰਧਾਨ ਮੰਤਰੀ ਅਨਵਾਰੁਲ ਹੱਕ ਕੱਕੜ ਨੇ ਜਰਨਵਾਲਾ ਦਾ ਦੌਰਾ ਕੀਤਾ। ਹਿੰਸਕ ਭੀੜ ਵੱਲੋਂ ਭੰਨਤੋੜ ਕੀਤੇ ਗਏ ਘੱਟ ਤੋਂ ਘੱਟ 22 ਚਰਚਾਂ ਨੂੰ 29.1 ਕਰੋੜ ਰੁਪਏ ਦਾ ਨੁਕਸਾਨ ਹੋਇਆ, ਜਦਕਿ ਹਿੰਸਾ ਨਾਲ ਪ੍ਰਭਾਵਿਤ 91 ਘਰਾਂ ਦਾ 38.5 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਭੀੜ ਵੱਲੋਂ ਨਸ਼ਟ ਕੀਤੀਆਂ ਗਈਆਂ ਵਸਤੂਆਂ ਦੀ ਸੂਚੀ 'ਚ ਪੱਖੇ, ਏਅਰ ਕੰਡੀਸ਼ਨ, ਜਲ ਫਿਲਟਰ ਯੰਤਰ, ਜਨਰੇਟਰ, ਕਾਲੀਨ, ਫਰਨੀਚਰ ਅਤੇ ਹੋਰ ਉਪਕਰਨ ਸ਼ਾਮਲ ਸੀ। ਦੇਸ਼ 'ਚ ਕਿਤੇ ਵੀ ਆਪਣੀ ਪਹਿਲੀ ਆਧਿਕਾਰਿਤ ਯਾਤਰਾਂ 'ਤੇ ਜਰਨਵਾਲਾ 'ਚ ਆਪਣੇ ਭਾਸ਼ਣ ਦੇ ਦੌਰਾਨ ਕਾਰਜਵਾਹਕ ਪ੍ਰਧਾਨ ਮੰਤਰੀ ਨੇ ਕਿਹਾ ਕਿ ਧਾਰਮਿਕ ਘੱਟ ਗਿਣਤੀ ਦੇ ਜੀਵਨ ਅਤੇ ਸੰਪਤੀ ਦੀ ਰਾਖੀ ਕਰਨਾ ਸੂਬੇ ਦਾ ਕਰਤੱਵ ਹੈ। ਪ੍ਰਧਾਨ ਮੰਤਰੀ ਕੱਕੜ ਨੇ ਕਿਹਾ ਕਿ ਹਰ ਨਾਗਰਿਕ ਦੀ ਸੁਰੱਖਿਆ ਯਕੀਨੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਕਾਰਜਵਾਹਕ ਪ੍ਰਧਾਨ ਮੰਤਰੀ ਨੇ ਅੰਤਰ-ਧਾਰਮਿਕ ਏਕਤਾ ਦੀ ਜ਼ਰੂਰਤ 'ਤੇ ਬਲ ਦਿੱਤਾ ਅਤੇ ਕਿਹਾ ਕਿ ਜੋ ਵੀ ਘੱਟ ਗਿਣਤੀਆਂ ਦੇ ਨਾਲ ਆਨਿਆਂ ਕਰਦਾ ਪਾਇਆ ਜਾਵੇਗਾ, ਉਸ ਨੂੰ ਉਸ ਦੇ ਨਤੀਜੇ ਭੁਗਤਣੇ ਪੈਣਗੇ। ਪ੍ਰਧਾਨ ਮੰਤਰੀ ਨੇ ਕਿਹਾ, ਅੱਤਵਾਦ ਦਾ ਕਿਸੇ ਧਰਮ, ਭਾਸ਼ਾ ਜਾਂ ਖੇਤਰ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਈਸਾਈ ਫਿਰਕੇ ਨੇ ਪਾਕਿਸਤਾਨ ਦੇ ਨਿਰਮਾਣ 'ਚ ਮਹੱਤਵਪੂਰਲ ਭੂਮਿਕਾ ਨਿਭਾਈ ਹੈ । ਪ੍ਰਧਾਨ ਮੰਤਰੀ ਨੇ ਈਸਾਈ ਫਿਰਕੇ ਦੇ ਉਨ੍ਹਾਂ ਮੈਂਬਰਾਂ ਨੂੰ 20 ਲੱਖ ਰੁਪਏ ਦੇ ਚੈਕ ਵੰਡੇ, ਜਿੰਨਾਂ ਦੇ ਘਰ ਹਿੰਸਾ ਦੇ ਦੌਰਾਨ ਨਸ਼ਟ ਹੋ ਗਏ ਸੀ। ਸਮਾਗਮ ਦੇ ਦੌਰਾਨ ਪੰਜਾਬ ਦੇ ਕਾਰਜਵਾਹਕ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਕਿਹਾ ਕਿ ਪੁਲਸ ਸੀਸਟੀਵੀ ਫੁਟੇਜ ਅਤੇ ਜਿਓ ਫੇਸਿੰਗ ਦੀ ਮਦਦ ਨਾਲ ਸ਼ੱਕੀਆਂ ਦੀ ਤਾਲਾਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਕਾਨੂੰਨ ਦੇ ਤਹਿਤ ਸਜ਼ਾ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚਰਚਾਂ ਦਾ ਜੋ ਵੀ ਨੁਕਸਾਨ ਹੋਇਆ ਹੈ, ਉਸ ਨੂੰ ਕੁਝ ਹੀ ਦਿਨਾਂ ਵਿਚ ਉਨ੍ਹਾਂ ਦੀ ਮੂਲ ਸਥਿਤੀ ਵਿਚ ਲਿਆ ਕੇ ਸਬੰਧਤ ਪ੍ਰਸ਼ਾਸਨ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਪੀੜਤ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇਗੀ।

# ਲੋੜ ਪਈ ਤਾਂ 1000 ਸਾਲ ਜੇਲ੍ਹ 'ਚ ਬਿਤਾਉਣ ਨੂੰ ਤਿਆਰ : ਇਮਰਾਨ



ਇਸਲਾਮਾਬਾਦ : ਪਾਕਿਸਤਾਨ ਦੀ ਜ਼ੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਹ ਆਪਣੇ ਦੇਸ਼ ਲਈ 1000 ਸਾਲ ਤੱਕ ਜੇਲ੍ਹ 'ਚ ਰਹਿਣ ਲਈ ਤਿਆਰ ਹਨ। ਇਸ ਸੈਸ਼ਨ ਅਦਾਲਤ ਨੇ ਇਮਰਾਨ (70) ਨੂੰ ਸਰਕਾਰੀ ਤੋਹਫਿਆਂ (ਤੋਸ਼ਾਖਾਨਾ) ਦੀ ਵਿਕਰੀ ਨਾਲ ਹੋਈ ਆਮਦਨ ਨੂੰ ਲੁਕਾਉਣ ਲਈ 5 ਅਗਸਤ ਨੂੰ 3 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਆਮਿਰ ਫਾਰੁਕ ਅਤੇ ਜਸਟਿਸ ਤਾਰਿਕ ਮਹਿਮੂਦ ਜਹਾਂਗਿਰੀ ਦਾ ਬੈਂਚ 22 ਅਗਸਤ ਨੂੰ ਇਮਰਾਨ ਦੀ ਪਟੀਸ਼ਨ 'ਤੇ ਸੁਣਵਾਈ ਕਰੇਗਾ।

ਐਕਸਪ੍ਰੈਸ ਟ੍ਰਿਬਿਊਨ ਅਖ਼ਬਾਰ ਦੀ ਖ਼ਬਰ ਮੁਤਾਬਕ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ) ਪ੍ਰਮੁੱਖ ਇਮਰਾਨ ਖਾਨ ਦੀ ਕਾਨੂੰਨੀ ਟੀਮ ਦੇ ਮੈਂਬਰ ਉਮੀਆਰ ਨਿਆਜ਼ੀ ਨੇ ਖਾਨ ਨਾਲ ਅਟਕ ਜ਼ੇਲ੍ਹ 'ਚ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸ਼ੁੱਕਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਸਿਹਤ ਠੀਕ ਹੈ, ਹਾਲਾਂਕਿ ਉਨ੍ਹਾਂ ਦੀ ਦਾੜ੍ਹੀ ਵਧੀ ਹੋਈ ਹੈ। ਵਕੀਲ ਨੇ ਕਿਹਾ ਕਿ ਉਨ੍ਹਾਂ ਨੇ (ਇਮਰਾਨ) ਨੂੰ ਇਕ ਸ਼ੀਸ਼ਾ ਅਤੇ ਸ਼ੇਵਿੰਗ ਕਿੱਟ ਦਿੱਤੀ ਗਈ। ਨਿਆਜ਼ੀ ਨੇ ਦਾਅਵਾ ਕੀਤਾ ਕਿ ਛੇ ਲੋਕਾਂ ਦੀ ਟੀਮ 'ਚੋਂ ਸਿਰਫ਼ ਉਨ੍ਹਾਂ ਨੂੰ ਹੀ ਸਾਬਕਾ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਆਗਿਆ ਦਿੱਤੀ ਗਈ ਹੈ। ਉਨ੍ਹਾਂ ਨੇ ਅਦਾਲਤ ਦਾ ਆਦੇਸ਼ ਹੋਣ ਦੇ ਬਾਵਜੂਦ ਕਾਨੂੰਨੀ ਟੀਮ ਨੂੰ ਸਾਬਕਾ ਪ੍ਰਧਾਨ ਮੰਤਰੀ ਨੂੰ ਨਹੀਂ ਮਿਲਣ ਦੇਣ ਲਈ 'ਜੇਲਰ ਦੇ ਆਚਰਣ' ਦੇ ਖ਼ ?ਲਾਫ਼ ਅਦਾਲਤ ਦੀ ਮਾਣਹਾਨੀ ਪਟੀਸ਼ਨ ਦਾਇਰ ਕਰਨ ਦਾ ਇਰਾਦਾ ਜਤਾਇਆ।

ਨਿਆਜ਼ੀ ਨੇ ਖਾਨ ਦੇ ਹਵਾਲੇ ਨਾਲ ਕਿਹਾ ਕਿ ਮੈਨੂੰ ਸੁਵਿਧਾਵਾਂ ਨਹੀਂ ਦਿੱਤੇ ਜਾਣ ਦੀ (ਜ਼ੇਲ੍ਹ 'ਚ ) ਪਰਵਾਹ ਨਹੀਂ ਹੈ। ਜੇਕਰ ਮੈਨੂੰ 1,000 ਸਾਲ ਤੱਕ ਵੀ ਜੇਲ੍ਹ 'ਚ ਰੱਖਿਆ ਗਿਆ ਤਾਂ ਕੋਈ ਫਰਕ ਨਹੀਂ ਪੈਂਦਾ ਅਤੇ ਮੈਂ ਇਸ ਦੇ ਲਈ ਤਿਆਰ ਹਾਂ, ਕਿਉਂਕਿ ਆਜ਼ਾਦੀ ਲਈ (ਕਿਸੇ ਨਾ ਕਿਸੇ ਨੂੰ) ਬਲੀਦਾਨ ਦੇਣਾ ਪੈਂਦਾ ਹੈ। ਪਿਛਲੇ ਸਾਲ ਅਪ੍ਰੈਲ 'ਚ ਸੱਤਾ ਤੋਂ ਬੇਦਖਲ ਕੀਤੇ ਜਾਣ ਤੋਂ ਬਾਅਦ ਖਾਨ ਦੇਸ਼ ਭਰ 'ਚ 140 ਤੋਂ ਜ਼ਿਆਦਾ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਖ਼ਿਲਾਫ਼ ਅੱਤਵਾਦ ਹਿੰਸਾ, ਈਸ਼ਨਿੰਦਾ, ਭ੍ਰਿਸ਼ਟਾਚਾਰ ਅਤੇ ਹੱਤਿਆ ਵਰਗੇ ਗੰਭੀਰ ਦੋਸ਼ ਹਨ।

# ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਸ੍ਰ. ਮਨਮੋਹਣ ਸਿੰਘ ਸ਼ੇਰਗਿੱਲ ਦੇ ਦਿਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਮੈਲਬੌਰਨ : ਆਸਟ੍ਰੇਲੀਆ ਵਿੱਚ ਪੰਜਾਬੀ ਭਾਈਚਾਰੇ ਦੀ ਬਹੁਤ ਉੱਘੀ ਸ਼ਖਸੀਅਤ ਸ੍ਰ. ਮਨਮੋਹਣ ਸਿੰਘ ਸ਼ੇਰਗਿੱਲ ਜੀ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਆਸਟਰੇਲੀਆ ਵਿੱਚ ਪੰਜਾਬੀ ਰੇਡੀਓ ਥ੍ਰੀ ਟ੍ਰਿਪਲ ਜ਼ੈੱਡ(ਦੀ ਸ਼ੁਰੂਆਤ ਤੋਂ ਲੈ ਕੇ ਵਿਕਟੋਰੀਅਨ ਸਕੂਲ ਆਫ ਲੈਂਗੂਏਜਿਜ ਵਿੱਚ ਪੰਜਾਬੀ ਨੂੰ ਮਾਨਤਾ ਦੁਆਉਣ ਤੇ ਲਾਗੂ ਕਰਾਉਣ, ਕਰੇਗੀਬਰਨ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਲਈ ਮੋਢੀ ਮੈਂਬਰ ਹੋਣ, ਪੰਜਾਬੀ ਤੇ ਸਿੱਖ ਭਾਈਚਾਰੇ ਵਿੱਚ ਧਰਮ, ਬੋਲੀ ਤੇ ਵਿਰਸੇ ਨੂੰ ਲੈ ਕੇ ਕੀਤੇ ਅਨੇਕਾਂ ਸ਼ਲਾਘਾਯੋਗ ਉਪਰਾਲਿਆਂ ਕਾਰਨ ਬਹੁਤ ਸਤਿਕਾਰਤ ਤੇ ਨਾਮਵਰ ਸ਼ਖਸੀਅਤ ਵਜੋਂ ਜਾਣੇ ਜਾਂਦੇ ਸਨ।

ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਸ੍ਰ. ਮਨਮੋਹਣ ਸਿੰਘ ਸ਼ੇਰਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਭਾਈਚਾਰੇ ਲਈ ਨਾਂ ਪੂਰਾ ਹੋਣ ਵਾਲਾ ਘਾਟਾ ਹੈ। ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਦੇ ਸਰਪ੍ਰਸਤ ਫੁਲਵਿੰਦਰ ਜੀਤ ਸਿੰਘ ਗਰੇਵਾਲ, ਪ੍ਰਧਾਨ ਹਰਮਨਦੀਪ ਸਿੰਘ ਬੋਪਾਰਾਏ, ਉਪ ਪ੍ਰਧਾਨ ਅਮਰਦੀਪ ਕੌਰ, ਮੀਡੀਆ ਸਲਾਹਕਾਰ ਖੁਸ਼ਪ੍ਰੀਤ ਸਿੰਘ ਸੁਨਾਮ, ਸਕੱਤਰ ਸੁਖਜੀਤ ਸਿੰਘ ਔਲਖ ਤੇ ਹੋਰ ਮੈਂਬਰ ਸਾਹਿਬਾਨ ਨੇ ਸ਼ੇਰਗਿੱਲ ਪਰਿਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਵਾਹਿਗੁਰੂ ਵਿੱਛੜੀ ਨੇਕ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਸ੍ਰ. ਮਨਮੋਹਣ ਸਿੰਘ ਸ਼ੇਰਗਿੱਲ ਨਮਿਤ ਅੰਤਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰੇਗੀਬਰਨ ਵਿਖੇ ਐਤਵਾਰ 27 ਅਗਸਤ ਨੂੰ ਹੋਵੇਗੀ।



# 15 ਅਗਸਤ ਸਿੱਖਾਂ ਲਈ ਕਾਲਾ ਦਿਨ ; 1947 ਤੋਂ ਬਾਦ ਸਿੱਖਾ ਨਾਲ ਵਾਰ ਵਾਰ ਵਿਸ਼ਵਾਸਘਾਤ ਕੀਤਾ ਗਿਆ : ਸ. ਰੇਸ਼ਮ ਸਿੰਘ

## ਫਰੀਮਾਂਟ ਕੈਲੀਫੋਰਨੀਆ ਵਿਖੇ 15 ਅਗਸਤ ਪਰੇਡ ਖਿਲਾਫ ਭਾਰੀ ਰੋਸ ਮੁਜਾਹਰਾ












ਫਰੀਮਾਂਟ/ ਕੈਲੀਫੋਰਨੀਆ : ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਅਮਰੀਕਾ ਵੈਸਟ ਦੇ ਜੁਝਾਰੂ ਨੌਜਵਾਨ ਸ: ਰੇਸ਼ਮ ਸਿੰਘ ਜੀ ਦੀ ਅਗਵਾਈ ਵਿੱਚ ਅੱਜ ਫਰੀਮਾਂਟ ਕੈਲੀਫੋਰਨੀਆਂ ਵਿੱਚ ਭਾਰਤੀਆਂ ਵੱਲੋ ਕੱਢੀ ਜਾਂਦੀ ਅਖੌਤੀ ਅਜ਼ਾਦੀ ਪਰੇਡ ਦੇ ਵਿਰੋਧ ਵਿੱਚ ਪ੍ਰੋਟੈਸਟ ਸਮੇ ਖਾਲਸਾਈ ਜਾਹੋ ਜਲਾਲ ਵਿੱਚ ਨੌਜਵਾਂਨਾਂ ਅਤੇ ਸੰਗਤਾਂ ਵੱਲੋ ਅਕਾਸ਼ ਗੂੰਜਾਊ ਨਾਹਰਿਆਂ ਨਾਲ ਬੇ-ਏਰੀਏ ਦੀ ਧਰਤੀ ਕੰਬਣ ਲਾ ਦਿੱਤੀ ਗਈ। ਵਿਸ਼ਵ ਭਰ ਵਿੱਚ ਸਿੱਖਾਂ ਦੇ ਹੱਕਾਂ ਦੀ ਤਰਜਮਾਨੀ ਕਰਨ ਵਾਲੀ ਇੱਕੋ ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਨਾਲ ਵਿਸ਼ਵ ਭਰ ਦੇ ਸਿੱਖਾਂ ਨੂੰ ਜੁੜ ਜਾਣਾ ਚਾਹੀਦਾ ਹੈ। ਕਿਉਂਕਿ ਪੰਜਾਬ ਵਿੱਚ ਸਿੱਖਾਂ ਗੱਲ ਅਤੇ ਹੱਲ ਵੱਲ ਲਿਜਾਣ ਵਾਲੇ ਇੱਕ ਇੱਕ ਨਿਧੜਕ ਲੀਡਰ ਸ੍ਰ. ਸਿਮਰਨਜੀਤ ਸਿੰਘ ਮਾਨ ਬਜ਼ੁਰਗ ਹੋਣ ਦੇ ਬਾਵਜੂਦ ਵੀ ਦਿਨ ਰਾਤ ਲੋਕਾਂ ਵਿੱਚ ਵਿਚਰ ਰਹੇ ਹਨ। ਸਾਰੀ ਜ਼ਿੰਦਗੀ ਪੰਥ ਦੀ ਸੇਵਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਅਮਰੀਕਾ ਦੇ ਸੀਨੀਅਰ ਵਾਈਸ ਪ੍ਰਧਾਨ ਸ. ਰੇਸ਼ਮ ਸਿੰਘ ਨੇ ਕਿਹਾ ਕੀ 15 ਅਗਸਤ ਸਿੱਖਾਂ ਲਈ ਕਾਲਾ ਦਿਨ ਹੈ ਅਤੇ 1947 ਤੋਂ ਬਾਅਦ ਸਿੱਖਾਂ ਨਾਲ ਵਾਰ-ਵਾਰ ਵਿਸ਼ਵਾਸਘਾਤ ਕੀਤਾ ਗਿਆ ਜੋ ਅੱਜ ਵੀ ਜਾਰੀ ਹੈ। ਸਿੱਖਾਂ ਦੇ ਕਾਤਲ ਸੁੱਖ ਸਹੂਲਤਾਂ ਅਤੇ ਪਦਵੀਆਂ ਮਾਣ ਰਹੇ ਹਨ ਅਤੇ ਸਿੱਖਾਂ ਨੂੰ ਕਾਲ ਕੋਠੜੀਆਂ 'ਚ ਸੁਟਿਆ ਜਾ ਰਿਹਾ ਹੈ। ਉਨ੍ਹਾਂ ਸਮੁੱਚੀ ਕੌਮ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਦੀ ਬੇਨਤੀ ਕੀਤੀ।

# ਲੇਹ 'ਚ ਇਕ ਦਰਦਨਾਕ ਹਾਦਸੇ 'ਚ ਫੌਜ ਦੇ 9 ਜਵਾਨ ਸ਼ਹੀਦ


NB SUB RAMESH LAL


NAV MAHENDRA SINGH


NAV VIJAY KUMAR


NK N CHANDRA SEKHAR


NK TEJPAL


GNR MAN MOHAN


GNR ANKIT


GNR TARANDEEP SINGH


GNR BHOITE VAIBHAV

ਲੱਦਾਖ : ਸ਼ਨੀਵਾਰ ਨੂੰ ਕਿਆਰੀ ਕਸਬੇ ਦੇ ਕੋਲ ਭਾਰਤੀ ਫ਼ੌਜ ਦੀ ਇੱਕ ਗੱਡੀ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਨੌਂ ਭਾਰਤੀ ਫੌਜੀ ਜਵਾਨਾਂ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਹੈ। ਇਹ ਖ਼ਬਰ ਲਿਖੇ ਜਾਣ ਤੱਕ ਖ਼ਬਰ ਏਜੰਸੀ ਏਐੱਨਆਈ ਮੌਤਾਂ ਦੀ ਗਿਣਤੀ ਸੱਤ ਅਤੇ ਪੀਟੀਆਈ 8 ਦੱਸ ਰਹੀ ਸੀ। ਕੁਝ ਹੋਰ ਮੀਡੀਆ ਰਿਪੋਰਟਾਂ ਅਨੁਸਾਰ ਇਹ ਗਿਣਤੀ 9 ਵੀ ਦੱਸੀ ਜਾ ਰਹੀ ਹੈ। ਉਂਜ ਰੱਖਿਆ ਵਿਭਾਗ ਲੱਦਾਖ ਵੱਲੋਂ ਵੀ 9 ਮੌਤਾਂ ਦੀ ਪੁਸ਼ਟੀ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਦੱਖਣੀ ਲੱਦਾਖ ਦੇ ਨਯੋਮਾ ਦੇ ਕੇਰੀ ਵਿਖੇ ਸ਼ਨੀਵਾਰ ਸ਼ਾਮ ਨੂੰ ਵਾਪਰਿਆ। ਉਨ੍ਹਾਂ ਨੇ ਦੱਸਿਆ ਕਿ ਘਟਨਾ ਸਥਾਨ 'ਤੇ ਬਚਾਅ ਕਾਰਜ ਚੱਲ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਸ਼ਨੀਵਾਰ ਨੂੰ ਫੌਜ ਦੇ ਜਵਾਨਾਂ ਨੂੰ ਲੈ ਕੇ ਫੌਜੀ ਵਾਹਨਾਂ ਦਾ ਕਾਫਲਾ ਲੇਹ ਤੋਂ ਨਯੋਮਾ ਵੱਲ ਜਾ ਰਿਹਾ ਸੀ। ਕਾਫ਼ਲੇ ਵਿੱਚ ਦੋ ਟਰੱਕ, ਇੱਕ ਐਂਬੂਲੈਂਸ ਅਤੇ ਇੱਕ ਮਾਰੂਤੀ ਜਿਪਸੀ ਸ਼ਾਮਲ ਸੀ। ਇਨ੍ਹਾਂ ਵਿੱਚ ਤਿੰਨ ਅਧਿਕਾਰੀ, ਦੋ ਜੇਸੀਓ ਅਤੇ 34 ਜਵਾਨ ਸ਼ਾਮਲ ਸਨ। ਇਹ ਦਸਤਾ ਫੌਜ ਦਾ ਇੱਕ ਜਾਸੂਸੀ ਦਸਤਾ ਸੀ ਜੋ ਅੱਗੇ ਵਾਲੇ ਖੇਤਰ ਵੱਲ ਜਾ ਰਿਹਾ ਸੀ। ਰਸਤੇ ਵਿੱਚ ਕਿਆੜੀ ਤੋਂ ਕਰੀਬ ਛੇ ਕਿਲੋਮੀਟਰ ਦੂਰ ਕਾਫਲੇ ਦਾ ਇੱਕ ਟਰੱਕ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗਿਆ। ਇਸ ਟਰੱਕ ਵਿੱਚ 10 ਫੌਜੀ ਸਵਾਰ ਸਨ। ਜਿਵੇਂ ਹੀ ਟਰੱਕ ਟੋਏ ਵਿੱਚ ਡਿੱਗਿਆ ਤਾਂ ਹੋਰ ਵਾਹਨ ਵੀ ਰੁਕ ਗਏ ਅਤੇ ਉਨ੍ਹਾਂ ਵਿੱਚ ਸਵਾਰ ਜਵਾਨਾਂ ਨੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਉਸ ਸਮੇਂ ਸੜਕ ਤੋਂ ਲੰਘ ਰਹੇ ਕੁਝ ਹੋਰ ਵਾਹਨ ਵੀ ਉਥੇ ਰੁਕ ਗਏ। ਜਹਾਜ਼ ਵਿਚ ਸਵਾਰ ਲੋਕ ਵੀ ਰਾਹਤ ਕਾਰਜਾਂ ਵਿਚ ਸ਼ਾਮਲ ਹੋ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਆਸਪਾਸ ਦੇ ਕੈਂਪ ਅਤੇ ਪੁਲਿਸ ਥਾਣਿਆਂ ਦੇ ਬਚਾਅ ਦਲ ਵੀ ਮੌਕੇ 'ਤੇ ਪਹੁੰਚ ਗਏ।

ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸ਼ਾਮ ਕਰੀਬ 5.45 ਵਜੇ ਵਾਪਰੀ। ਖਾਈ 'ਚ ਡਿੱਗੀ ਗੱਡੀ 'ਚ ਫਸੇ ਸਾਰੇ ਜਵਾਨ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਅੱਠ ਦੀ ਮੌਤ ਹੋ ਚੁੱਕੀ ਸੀ ਜਦੋਂ ਉਨ੍ਹਾਂ ਨੂੰ ਉਪਰੋਂ ਸੜਕ 'ਤੇ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ ਦੋ ਜ਼ਖ਼ਮੀਆਂ ਨੂੰ ਇਲਾਜ ਲਈ ਲੇਹ ਦੇ ਫ਼ੌਜੀ ਹਸਪਤਾਲ ਲਿਆਂਦਾ ਗਿਆ। ਜਿੱਥੇ ਕੁਝ ਦੇਰ ਬਾਅਦ ਹੀ ਇੱਕ ਦੀ ਮੌਤ ਹੋ ਗਈ। ਇੱਕ ਹੋਰ ਜ਼ਖ਼ਮੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਅਤੇ ਜ਼ਖਮੀ ਹੋਏ ਜਵਾਨ ਫੌਜ ਦੀ 311 ਮੀਡੀਅਮ ਰੈਜੀਮੈਂਟ ਤੋਪਖਾਨੇ ਨਾਲ ਸਬੰਧਤ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, ÷ਲੱਦਾਖ ਵਿੱਚ ਲੇਹ ਨੇੜੇ ਇੱਕ ਹਾਦਸੇ ਵਿੱਚ ਭਾਰਤੀ ਫੌਜ ਦੇ ਜਵਾਨਾਂ ਦੀ ਮੌਤ ਤੋਂ ਦੁਖੀ ਹਾਂ। ਅਸੀਂ ਆਪਣੇ ਦੇਸ਼ ਲਈ ਉਨ੍ਹਾਂ ਦੀ ਮਿਸਾਲੀ ਸੇਵਾ ਨੂੰ ਕਦੇ ਨਹੀਂ ਭੁੱਲਾਂਗੇ। ਮੇਰੇ ਵਿਚਾਰ ਦੁਖੀ ਪਰਿਵਾਰਾਂ ਦੇ ਨਾਲ ਹਨ। ਉਨ੍ਹਾਂ ਨੂੰ ਫੀਲਡ ਹਸਪਤਾਲ ਲਿਜਾਇਆ ਗਿਆ ਹੈ। ਉਸ ਦੇ ਜਲਦੀ ਠੀਕ ਹੋਣ ਲਈ ਪ੍ਰਾਰਥਨਾ ਕਰਦਾ ਹਾਂ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ


Property Address : 27022 River Roadm, Newman CA 95260.


## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਇਸਰੋ ਨੇ ਪੁਲਾੜ 'ਚ ਰਚਿਆ ਇਤਿਹਾਸ, ਚੰਨ 'ਤੇ ਲਹਿਰਾਇਆ ਤਿਰੰਗਾ

## • ਪੁਲਾੜ 'ਚ ਭਾਰਤ ਦੀ ਵੱਡੀ ਛਾਲ, ਚੰਨ ਦੇ ਦੱਖਣੀ ਧਰੁਵ 'ਤੇ ਪੁੱਜਣ ਵਾਲਾ ਪਹਿਲਾ ਦੇਸ਼ ਬਣਿਆ ਭਾਰਤ






ਬੈਂਗਲੁਰੂ- ਭਾਰਤ ਨੇ ਬੁੱਧਵਾਰ ਨੂੰ ਆਪਣੇ ਚੰਦ ਮਿਸ਼ਨ ਚੰਦਰਯਾਨ-3 ਦੇ ਚੰਦਰਮਾ ਦੀ ਸਤ੍ਹਾ 'ਤੇ ਉਤਰਨ ਤੋਂ ਬਾਅਦ ਇਤਿਹਾਸ ਰਚ ਦਿੱਤਾ। ਇਸਰੋ ਨੇ ਆਪਣੇ ਲਾਈਵ ਪ੍ਰਸਾਰਣ ਵਿੱਚ ਇਸ ਦੀ ਜਾਣਕਾਰੀ ਦਿੱਤੀ ਹੈ। ਇਸ ਨਾਲ ਭਾਰਤ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਦੇ ਚੰਦਰਯਾਨ-3 ਨੂੰ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ 14 ਜੁਲਾਈ ਨੂੰ ਚੰਦਰਮਾ 'ਤੇ ਸਾਫਟ ਲੈਂਡਿੰਗ ਨੂੰ ਨਿਸ਼ਾਨਾ ਬਣਾਉਂਦੇ ਹੋਏ ਲਾਂਚ ਕੀਤਾ ਗਿਆ ਸੀ।

ਚੰਦਰ ਦੇ ਦੱਖਣੀ ਧਰੁਵ ਨੂੰ ਲੈਂਡਿੰਗ ਸਾਈਟ ਵਜੋਂ ਚੁਣਿਆ ਗਿਆ ਸੀ ਕਿਉਂਕਿ ਇਸ ਵਿੱਚ ਪਰਛਾਵੇਂ ਵਾਲੇ ਟੋਇਆਂ ਦੇ ਅੰਦਰ ਪਾਣੀ ਅਤੇ ਬਰਫ਼ ਦੀ ਮੌਜੂਦਗੀ ਹੈ। ਚੰਦਰਯਾਨ 3 ਦੀ ਲੈਂਡਿੰਗ ਤੋਂ ਬਾਅਦ, ਵਿਕਰਮ ਲੈਂਡਰ ਚੰਦਰਮਾ ਦੀ ਸਤਹ ਦੀ ਬਣਤਰ, ਚੰਦਰਮਾ ਦੀ ਮਿੱਟੀ ਵਿੱਚ ਪਾਣੀ ਦੀ ਬਰਫ਼ ਦੀ ਮੌਜੂਦਗੀ, ਚੰਦਰਮਾ ਦੇ ਪ੍ਰਭਾਵਾਂ ਦੇ ਇਤਿਹਾਸ ਅਤੇ ਸਮੇਂ ਦੇ ਨਾਲ ਚੰਦਰਮਾ ਦਾ ਵਾਯੂਮੰਡਲ ਕਿਵੇਂ ਵਿਕਸਿਤ ਹੋਇਆ ਹੈ ਬਾਰੇ ਡੂੰਘਾਈ ਨਾਲ ਜਾਣਕਾਰੀ ਪ੍ਰਦਾਨ ਕਰੇਗਾ।

ਇਸਰੋ ਦੇ ਇਸ ਮਿਸ਼ਨ ਦੀ ਸਫਲਤਾ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਨੂੰ ਵਧਾਈ ਦਿੰਦੇ ਹੋਏ ਖੁਸ਼ੀ ਜ਼ਾਹਰ ਕੀਤੀ ਹੈ। ਇਸ ਦੌਰਾਨ ਉਨ੍ਹਾਂ ਆਪਣੇ ਇੱਕ ਸੰਬੋਧਨ ਵਿੱਚ ਕਿਹਾ ਕਿ ਇਸ ਮਿਸ਼ਨ ਤੋਂ ਬਾਅਦ ਹਰ ਭਾਰਤੀ ਦਾ ਸੀਨਾ ਮਾਣ ਨਾਲ ਉੱਚਾ ਹੋ ਗਿਆ ਹੈ।

ਲੈਂਡਰ-ਰੋਵਰ ਚੰਦਰਮਾ 'ਤੇ ਇਕ ਦਿਨ ਕੰਮ ਕਰੇਗਾ। ਯਾਨੀ ਕਿ ਧਰਤੀ ਦੇ 14 ਦਿਨ। ਉੱਥੇ ਹੀ ਪ੍ਰੋਪਲਸ਼ਨ ਮੋਡਿਊਲ 4 ਤੋਂ 5 ਸਾਲਾਂ ਲਈ ਕੰਮ ਕਰ ਸਕਦਾ ਹੈ। ਸੰਭਵ ਹੈ ਕਿ ਇਹ ਤਿੰਨੋਂ ਇਸ ਤੋਂ ਜ਼ਿਆਦਾ ਵੀ ਕੰਮ ਕਰ ਸਕਦੇ ਹਨ, ਕਿਉਂਕਿ ਇਸਰੋ ਦੇ ਜ਼ਿਆਦਾਤਰ ਸੈਟੇਲਾਈਟ ਉਮੀਦ ਤੋਂ ਵੱਧ ਚੱਲੇ ਹਨ।

**ਚੰਦਰਮਾ 'ਤੇ ਕਿੰਨੇ ਦਿਨ ਚੱਲੇਗਾ ਚੰਦਰਯਾਨ-3 ਮਿਸ਼ਨ ? :** ਲੈਂਡਰ-ਰੋਵਰ ਚੰਦਰਮਾ 'ਤੇ ਇਕ ਦਿਨ ਕੰਮ ਕਰੇਗਾ। ਯਾਨੀ ਕਿ ਧਰਤੀ ਦੇ 14 ਦਿਨ। ਉੱਥੇ ਹੀ ਪ੍ਰੋਪਲਸ਼ਨ ਮੋਡਿਊਲ 4 ਤੋਂ 5 ਸਾਲਾਂ ਲਈ ਕੰਮ ਕਰ ਸਕਦਾ ਹੈ। ਸੰਭਵ ਹੈ ਕਿ ਇਹ ਤਿੰਨੋਂ ਇਸ ਤੋਂ ਜ਼ਿਆਦਾ ਵੀ ਕੰਮ ਕਰ ਸਕਦੇ ਹਨ, ਕਿਉਂਕਿ ਇਸਰੋ ਦੇ ਜ਼ਿਆਦਾਤਰ ਸੈਟੇਲਾਈਟ ਉਮੀਦ ਤੋਂ ਵੱਧ ਚੱਲੇ ਹਨ।

## ਪੀਐਮ ਮੋਦੀ ਨੇ ਦੱਖਣੀ ਅਫ਼ਰੀਕਾ ਦੇ ਜੋਹਾਨਸਬਰਗ ਤੋਂ ਇਸਰੋ ਮੁਖੀ ਨੂੰ ਫ਼ੋਨ ਕੀਤਾ



ਚੰਦਰਯਾਨ-3 ਦੀ ਸਫਲਤਾ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੱਖਣੀ ਅਫਰੀਕਾ ਦੇ ਜੋਹਾਨਸਬਰਗ ਤੋਂ ਇਸਰੋ ਦੇ ਮੁਖੀ ਐਸ ਸੋਮਨਾਥ ਨੂੰ ਫੋਨ ਕਰਕੇ ਵਧਾਈ ਦਿੱਤੀ। ਇਸ ਦੌਰਾਨ ਉਨ੍ਹਾਂ ਕਿਹਾ, 'ਤੁਹਾਡਾ ਨਾਮ ਸੋਮਨਾਥ ਚੰਦਰ ਨਾਲ ਜੁੜਿਆ ਹੈ, ਇਸ ਲਈ ਤੁਹਾਡੇ ਪਰਿਵਾਰਕ ਮੈਂਬਰ ਵੀ ਬਹੁਤ ਖੁਸ਼ ਹੋਣਗੇ। ਮੇਰੇ ਵੱਲੋਂ ਤੁਹਾਨੂੰ ਅਤੇ ਤੁਹਾਡੀ ਪੂਰੀ ਟੀਮ ਨੂੰ ਬਹੁਤ-ਬਹੁਤ ਵਧਾਈਆਂ।'

## ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸਰੋ ਨੂੰ ਵਧਾਈ ਦਿੱਤੀ ਹੈ



ਚੰਦਰਯਾਨ-3 ਦੇ ਵਿਕਰਮ ਲੈਂਡਰ ਦੀ ਚੰਦਰਮਾ ਦੀ ਸਤ੍ਹਾ 'ਤੇ ਸਫਲ ਲੈਂਡਿੰਗ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਸਰੋ ਦੇ ਸਾਰੇ ਵਿਗਿਆਨੀਆਂ ਅਤੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ, ਚੰਦਰਯਾਨ-3 ਦੀ ਸਫਲ ਸਾਫਟ ਲੈਂਡਿੰਗ ਨਵੇਂ ਭਾਰਤ ਦੀ ਸਮਰੱਥਾ ਅਤੇ ਸ਼ਕਤੀ ਦਾ ਇੱਕ ਸ਼ਕਤੀਸ਼ਾਲੀ ਪ੍ਰਦਰਸ਼ਨ ਹੈ। ਪ੍ਰਧਾਨ ਮੰਤਰੀ ਦੀ ਦੂਰਅੰਦੇਸ਼ੀ ਅਗਵਾਈ ਅਤੇ ਮਾਰਗਦਰਸ਼ਨ ਵਿੱਚ, ਇਸਰੋ ਦੇ ਵਿਗਿਆਨੀਆਂ ਨੇ ਉਹ ਕਰ ਦਿਖਾਇਆ ਹੈ ਜੋ ਕੋਈ ਹੋਰ ਨਹੀਂ ਕਰ ਸਕਦਾ ਸੀ। ਇਹ ਅਸੰਭਵ ਸੀ। ਅਸੀਂ, ਪਰ ਸਾਡੇ ਦੂਰਦਰਸ਼ੀ ਵਿਗਿਆਨੀਆਂ ਨੇ ਇਸ ਨੂੰ ਸੰਭਵ ਬਣਾਇਆ ਹੈ।

## ਚੰਦਰਯਾਨ-3 ਦੀ ਸਫਲਤਾਪੂਰਵਕ ਲੈਂਡਿੰਗ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿਤੀ ਵਧਾਈ



ਚੰਡੀਗੜ੍ਹ: ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੀ ਤੀਜੀ ਚੰਨ ਮੁਹਿੰਮ ਚੰਦਰਯਾਨ-3 ਦਾ ਲੈਂਡਰ ਮਾਡਿਊਲ (ਐਲ.ਐਮ.) ਬੁਧਵਾਰ ਸ਼ਾਮ ਨੂੰ ਚੰਦਰਮਾ ਦੀ ਸਤ੍ਹਾ 'ਤੇ ਸਫ਼ਲਤਾਪੂਰਵਕ ਉਤਰ ਗਿਆ। ਇਸ ਤੋਂ ਬਾਅਦ ਭਾਰਤ ਇਹ ਪ੍ਰਾਪਤੀ ਹਾਸਲ ਕਰਨ ਵਾਲਾ ਚੌਥਾ ਦੇਸ਼ ਬਣ ਗਿਆ ਹੈ ਅਤੇ ਧਰਤੀ ਦੇ ਇਕਲੌਤੇ ਕੁਦਰਤੀ ਉਪਗ੍ਰਹਿ ਦੇ ਦਖਣੀ ਧਰੁਵ ਤਕ ਪੁੱਜਣ ਵਾਲਾ ਪਹਿਲਾ ਦੇਸ਼, ਜੋ ਹੁਣ ਤਕ ਅਛੂਤਾ ਰਿਹਾ ਹੈ। ਇਸ ਇਤਿਹਾਸਕ ਘੜੀ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰਿਆਂ ਨੂੰ ਵਧਾਈ ਦਿਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੰਦਰਯਾਨ-3 ਦੀ ਚੰਦ ਦੀ ਸਤਹਿ 'ਤੇ ਸਫਲ ਲੈਂਡਿੰਗ ਦੀ ਸਾਰਿਆਂ ਨੂੰ ਵਧਾਈਆਂ। ਅੱਜ ਭਾਰਤ ਨੇ ਇਤਿਹਾਸ ਰਚ ਦਿੱਤਾ ਹੈ।

## ਚੰਨ ਤੇ ਪਹੁੰਚਿਆ ਭਾਰਤ, ਕਿਵੇਂ ਮਿਲੇਗੀ ਅੱਗੇ ਦੀ ਜਾਣਕਾਰੀ

ਭਾਰਤ ਨੇ ਚੰਦਰਯਾਨ-3 ਨੂੰ ਚੰਨ 'ਤੇ ਸਫ਼ਲ ਲੈਂਡਿੰਗ ਕਰਵਾ ਕੇ ਇਤਿਹਾਸ ਰਚ ਦਿੱਤਾ ਹੈ। ਇਸ ਤਰ੍ਹਾਂ ਭਾਰਤ ਹੁਣ ਚੰਨ 'ਤੇ ਪਹੁੰਚਣ ਵਾਲਾ ਚੌਥਾ ਦੇਸ਼ ਬਣ ਗਿਆ ਹੈ। ਇਸ ਦੇ ਨਾਲ ਹੀ ਇਹ ਦੱਖਣੀ ਧਰੁਵ 'ਤੇ ਉਤਰਨ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਭਾਰਤ ਲਈ ਇਹ ਬਹੁਤ ਵੱਡਾ ਪਲ ਹੈ, ਕਿਉਂਕਿ ਪਿਛਲੀ ਵਾਰ ਵਿਕਰਮ ਲੈਂਡਰ ਆਖਰੀ ਸਮੇਂ 'ਤੇ ਕਰੈਸ਼ ਹੋ ਗਿਆ ਸੀ ਪਰ ਇਸ ਵਾਰ ਕੋਈ ਗਲਤੀ ਨਹੀਂ ਕੀਤੀ ਗਈ ਅਤੇ ਚੰਦਰਯਾਨ-3 ਨੇ ਸਫ਼ਲ ਲੈਂਡਿੰਗ ਕਰਵਾਈ ਗਈ।

**ਹੁਣ ਅੱਗੇ ਕੀ ਹੋਵੇਗਾ ? :** ਹੁਣ ਵਿਕਰਮ ਲੈਂਡਰ ਦਾ ਇਕ ਸਾਈਡ ਪੈਨਲ ਮੁੜ ਜਾਵੇਗਾ, ਜਿਸ ਨਾਲ ਪ੍ਰਗਿਆਨ ਰੋਵਰ ਲਈ ਰੈਂਪ ਯਾਨੀ ਉਤਰਨ ਲਈ ਰਸਤਾ ਖੁੱਲ੍ਹ ਜਾਵੇਗਾ। ਹੁਣ ਰੋਵਰ ਨਾਲ ਸਬੰਧਤ ਕੰਮ ਸ਼ੁਰੂ ਕੀਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਰੋਵਰ ਦਾ ਨਾਮ ਪ੍ਰਗਿਆਨ ਹੈ, ਜੋ 6 ਪਹੀਆਂ ਵਾਲਾ ਰੋਬੋਟਿਕ ਵਾਹਨ ਹੈ, ਜੋ ਚੰਦਰਮਾ 'ਤੇ ਚੱਲੇਗਾ ਅਤੇ ਤਸਵੀਰਾਂ ਲਵੇਗਾ। ਚੰਨ ਦਾ ਇਕ ਲੂਨਰ ਡੇਅ ਯਾਨੀ ਚੰਨ 'ਤੇ ਇਕ ਦਿਨ ਧਰਤੀ ਦੇ 14 ਦਿਨਾਂ ਦੇ ਬਰਾਬਰ ਹੁੰਦਾ ਹੈ। ਵਿਗਿਆਨੀਆਂ ਦੀ ਕੋਸ਼ਿਸ਼ ਹੋਵੇਗੀ ਕਿ ਉਹ ਰੋਵਰ ਰਾਹੀਂ ਚੰਨ ਤੋਂ ਭਾਰੀ ਗਿਣਤੀ 'ਚ ਭੇਜੇ ਜਾ ਰਹੇ ਡਾਟਾ ਨੂੰ ਦੇਖਣ। ਇਹ ਡਾਟਾ ਲੈਂਡਰ ਤੋਂ ਭੇਜਿਆ ਜਾ ਰਿਹਾ ਹੋਵੇਗਾ।

ਪ੍ਰਗਿਆਨ 'ਚ ਇਸੋਰ ਦਾ ਲੋਗੋ ਅਤੇ ਤਿਰੰਗਾ ਬਣਿਆ ਹੋਇਆ ਹੈ। ਚੰਨ ਦੀ ਸਤਿਹ 'ਤੇ ਉਤਰਨ ਦੇ 4 ਘੰਟਿਆਂ ਬਾਅਦ ਪ੍ਰਗਿਆਨ ਲੈਂਡਰ ਤੋਂ ਬਾਹਰ ਨਿਕਲੇਗਾ। ਪ੍ਰਗਿਆਨ ਇਕ ਸੈਂਟੀਮੀਟਰ ਪ੍ਰਤੀ ਸਕਿੰਟ ਦੀ ਸਪੀਡ ਨਾਲ ਚੰਨ ਦੀ ਸਤਿਹ 'ਤੇ ਤੁਰੇਗਾ, ਜੋ ਕੈਮਰਿਆਂ ਦੀ ਮਦਦ ਨਾਲ ਪ੍ਰਗਿਆਨ ਚੰਨ 'ਤੇ ਮੌਜੂਦ 'ਤੇ ਚੀਜ਼ਾਂ ਦੀ ਸਕੈਨਿੰਗ ਕਰੇਗਾ।

- ਪ੍ਰਗਿਆਨ ਚੰਨ ਦੇ ਮੌਸਮ ਦਾ ਹਾਲ ਪਤਾ ਕਰੇਗਾ। ਇਸ 'ਚ ਅਜਿਹੇ ਪੇਲੋਡ ਲਗਾਏ ਗਏ ਹਨ, ਜਿਸ ਨਾਲ ਚੰਨ ਦੀ ਸਤਿਹ ਬਾਰੇ ਬਿਹਤਰ ਜਾਣਕਾਰੀ ਮਿਲ ਸਕੇਗੀ। ਇਹ ਇਆਨਸ ਅਤੇ ਇਲੈਕਟ੍ਰਾਨਿਸ ਦੀ ਮਾਤਰਾ ਦਾ ਵੀ ਪਤਾ ਲਗਾਏਗਾ।
- ਜਿਵੇਂ-ਜਿਵੇਂ ਪ੍ਰਗਿਆਨ ਅੱਗੇ ਵਧੇਗਾ, ਚੰਨ ਦੀ ਸਤਿਹ 'ਤੇ ਭਾਰਤੀ ਤਿਰੰਗਾ ਅਤੇ ਇਸਰੋ ਲੋਗੋ ਬਣਦਾ ਚਲਾ ਜਾਵੇਗਾ।

-ਪ੍ਰਗਿਆਨ ਨੂੰ ਇੰਝ ਬਣਾਇਆ ਗਿਆ ਹੈ ਕਿ ਉਹ ਚੰਨ ਦੀ ਸਤਿਹ ਦੀ ਜਾਣਕਾਰੀ ਜੁਟਾ ਸਕੇ। ਪ੍ਰਗਿਆਨ ਇਨ੍ਹਾਂ ਜਾਣਕਾਰੀਆਂ ਨੂੰ ਜੁਟਾ ਕੇ ਲੈਂਡਰ ਤੱਕ ਪਹੁੰਚਾਏਗਾ।

- ਚੰਨ ਦੀ ਸਤਿਹ 'ਤੇ ਅਧਿਐਨ ਕਰਨ ਲਈ ਲੈਂਡਰ ਕੋਲ 2 ਹਫ਼ਤਿਆਂ ਦਾ ਸਮਾਂ ਹੋਵੇਗਾ।

-ਪ੍ਰਗਿਆਨ ਸਿਰਫ਼ ਲੈਂਡਰ ਨਾਲ ਗੱਲ ਕਰ ਸਕਦਾ ਹੈ ਅਤੇ ਇਹ ਲੈਂਡਰ ਹੀ ਹੋਵੇਗਾ, ਜੋ ਧਰਤੀ 'ਤੇ ਡਾਟਾ ਭੇਜੇਗਾ।

**ਚੰਦ 'ਤੇ ਕਦਮ ਰੱਖਣ ਵਾਲੇ 4 ਦੇਸ਼ :** ਚੰਨ ਦੀ ਸਤ੍ਹਾ 'ਤੇ ਹੁਣ ਤੱਕ ਸਿਰਫ਼ ਤਿੰਨ ਦੇਸ਼ ਹੀ ਪਹੁੰਚ ਸਕੇ ਹਨ। ਇਨ੍ਹਾਂ ਵਿਚ ਅਮਰੀਕਾ, ਰੂਸ ਅਤੇ ਚੀਨ ਸ਼ਾਮਲ ਹਨ। ਸੋਵੀਅਤ ਯੂਨੀਅਨ (ਹੁਣ ਰੂਸ) ਚੰਨ'ਤੇ ਕਿਸੇ ਵਸਤੂ ਨੂੰ ਉਤਾਰਨ ਵਾਲਾ ਪਹਿਲਾ ਦੇਸ਼ ਸੀ। 13 ਸਤੰਬਰ 1959 ਨੂੰ ਰੂਸ ਨੇ ਲੂਨਾ 2 ਰਾਕੇਟ ਨੂੰ ਚੰਨ 'ਤੇ ਉਤਾਰਿਆ ਸੀ।

- 20 ਜੁਲਾਈ 1969 ਨੂੰ ਅਮਰੀਕਾ ਨੇ ਅਪੋਲੋ 11 ਮਿਸ਼ਨ ਤਹਿਤ ਚੰਨ 'ਤੇ ਪਹਿਲਾ ਮਨੁੱਖ ਭੇਜਿਆ। ਅਮਰੀਕੀ ਪੁਲਾੜ ਯਾਤਰੀ ਨੀਲ ਆਰਮਸਟ ?ਰਾਂਗ ਚੰਦਰਮਾ 'ਤੇ ਉਤਰਨ ਵਾਲੇ ਪਹਿਲੇ ਇਨਸਾਨ ਬਣ ਗਏ ਸਨ।


-ਚੀਨ ਨੇ 3 ਜਨਵਰੀ 2019 ਨੂੰ ਚੰਨ ਦੇ ਪਿਛਲੇ ਹਿੱਸਿਆਂ 'ਚ ਆਪਣਾ ਚਾਂਗੇ-4 ਖੋਜ ਵਾਹਨ ਉਤਾਰਿਆ। ਚੀਨ ਇਸ ਹਿੱਸੇ ਵਿਚ ਖੋਜ ਵਾਹਨ ਭੇਜਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ।

**ਅਰਥਵਿਵਸਥਾ 'ਤੇ ਪਵੇਗਾ ਕਾਫ਼ੀ ਅਸਰ :** ਪੁਲਾੜ ਯਾਤਰਾ 'ਚ ਲੱਗੇ ਇਸ ਦੇਸ਼ ਲਈ ਇਹ ਸਿਰਫ਼ ਰਾਸ਼ਟਰੀ ਮਾਣ ਦੀ ਗੱਲ ਨਹੀਂ ਹੈ। ਚੰਦਰਯਾਨ-3 ਦੀ ਸਫ਼ਲਤਾ ਦਾ ਭਾਰਤ ਦੀ ਅਰਥਵਿਵਸਥਾ 'ਤੇ ਕਾਫੀ ਅਸਰ ਪੈ ਸਕਦਾ ਹੈ। ਦੁਨੀਆ ਨੇ ਪਹਿਲੇ ਹੀ ਪੁਲਾੜ ਸੰਬੰਧੀ ਕੋਸ਼ਿਸ਼ਾਂ ਨਾਲ ਰੋਜ਼ਾਨਾ ਜੀਵਨ ਵਿਚ ਮਿਲੇ ਫ਼ਾਇਦੇ ਦੇਖੇ ਹਨ, ਜਿਵੇਂ ਕਿ ਸਾਫ਼ ਪੀਣ ਵਾਲੇ ਪਾਣੀ ਤੱਕ ਪਹੁੰਚ ਦੇ ਨਾਲ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਪਾਣੀ ਦੀ ਰੀਸਾਈਕਲਿੰਗ, ਸਟਾਰਲਿੰਕ ਦੁਆਰਾ ਦੁਨੀਆ ਭਰ ਵਿਚ ਇੰਟਰਨੈਟ ਦਾ ਪ੍ਰਸਾਰ, ਸੌਰ ਊਰਜਾ ਉਤਪਾਦਨ ਵਿਚ ਵਾਧਾ ਅਤੇ ਸਿਹਤ ਤਕਨਾਲੋਜੀਆਂ। ਸੈਟੇਲਾਈਟ ਤੋਂ ਮਿਲਣ ਵਾਲੀਆਂ ਤਸਵੀਰਾਂ ਅਤੇ ਨੌਵਹਿਨ ਦੇ ਗਲੋਬਲ ਅੰਕੜਿਆਂ ਦੀ ਵਧਦੀ ਮੰਗ ਦੇ ਨਾਲ ਕਈ ਰਿਪੋਰਟਾਂ ਦਿਖਾਉਂਦੀਆਂ ਹਨ ਕਿ ਦੁਨੀਆ ਪਹਿਲਾਂ ਹੀ ਪੁਲਾੜ ਆਰਥਿਕਤਾ ਦੇ ਤੇਜ਼ ਵਿਕਾਸ ਦੇ ਪੜਾਅ ਵਿਚ ਹੈ।

## ਭਾਰਤ ਨੇ ਰੱਖਿਆ ਚੰਨ ਤੇ ਕਦਮ, ਹੁਣ ਸੂਰਜ ਦੀ ਵਾਰੀ

ਭਾਰਤ ਲਈ ਅੱਜ ਦੀ ਤਾਰੀਖ਼ ਇਤਿਹਾਸ ਬਣ ਗਈ ਹੈ। ਚੰਦਰਮਾ ਦੀ ਸਤ੍ਹਾ 'ਤੇ ਚੰਦਰਯਾਨ-3 ਦੀ ਸਫ਼ਲਤਾਪੂਰਵਕ ਲੈਂਡਿੰਗ ਹੋ ਗਈ ਹੈ। ਮਿਸ਼ਨ ਮੂਨ ਯਾਨੀ ਕਿ ਚੰਦਰਯਾਨ-3 ਦਾ ਲੈਂਡਰ ਵਿਕਰਮ ਚੰਨ 'ਤੇ ਸਫ਼ਲਤਾਪੂਰਵਕ ਕਦਮ ਰੱਖ ਚੁੱਕਾ ਹੈ। ਭਾਰਤ, ਚੰਦਰਮਾ ਦੇ ਦੱਖਣੀ ਧਰੁਵ 'ਤੇ ਸਾਫਟ ਲੈਂਡਿੰਗ ਕਰਾਉਣ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਚੰਨ 'ਤੇ ਪਹੁੰਚਣ ਮਗਰੋਂ ਹੁਣ ਸੂਰਜ ਦੀ ਵਾਰੀ ਹੈ। ਇਸ ਲਈ ਵੀ ਇਸਰੋ ਦੇ ਵਿਗਿਆਨਕਾਂ ਨੇ ਤਿਆਰੀ ਕਰ ਲਈ ਹੈ। ਸਤੰਬਰ ਤੱਕ ਸੂਰਜ ਤੱਕ ਪਹੁੰਚਣ ਲਈ ਆਦਿਤਿਆ ਐੱਲ-1 ਮਿਸ਼ਨ ਦੀ ਲਾਂਚਿੰਗ ਹੋ ਸਕਦੀ ਹੈ।

**ਕੀ ਹੈ ਆਦਿਤਿਆ ਐੱਲ-1 ਮਿਸ਼ਨ ਦਾ ਮਕਸਦ ? :** ਆਦਿਤਿਆ ਐੱਲ-1 ਮਿਸ਼ਨ ਦਾ ਮਕਸਦ ਸੂਰਜ ਦੀ ਤਾਕਤ ਦਾ ਪਤਾ ਲਾਉਣਾ



ਹੈ। ਅਨੁਮਾਨ ਹੈ ਕਿ ਇਸ ਮਿਸ਼ਨ ਦੀ ਲਾਂਚਿੰਗ ਸਤੰਬਰ 2023 ਵਿਚ ਹੋ ਸਕਦੀ ਹੈ। ਦੱਸ ਦੇਈਏ ਕਿ ਧਰਤੀ ਅਤੇ ਸੂਰਜ ਵਿਚਾਲੇ ਦੂਰੀ ਕਰੀਬ 15 ਕਰੋੜ ਕਿਲੋਮੀਟਰ ਹੈ। ਸੂਰਜ ਦੀਆਂ ਕਿਰਨਾਂ ਨੂੰ ਧਰਤੀ ਤੱਕ ਪਹੁੰਚਣ 'ਚ ਕਰੀਬ 8 ਮਿੰਟ ਲੱਗਦੇ ਹਨ। ਜਿੱਥੇ ਆਦਿਤਿਆ ਐੱਲ-1 ਨੂੰ ਤਾਇਨਾਤ ਕੀਤਾ ਜਾਵੇਗਾ, ਉਸ ਥਾਂ ਨੂੰ ਐੱਲ-1 ਬਿੰਦੂ ਆਖਦੇ ਹਨ। ਇਹ ਧਰਤੀ ਤੋਂ 15 ਲੱਖ ਕਿਲੋਮੀਟਰ ਦੂਰ ਹੈ।

**ਅਮਰੀਕਾ ਸਮੇਤ ਇਹ ਇਹ ਦੇਸ਼ ਸੂਰਜ 'ਤੇ ਭੇਜ ਚੁੱਕੇ ਮਿਸ਼ਨ :** ਦਰਅਸਲ ਸੂਰਜ ਨੂੰ ਜਾਣਨ ਲਈ ਦੁਨੀਆ ਭਰ ਤੋਂ ਦੇਸ਼ਾਂ- ਅਮਰੀਕਾ, ਜਰਮਨੀ, ਯੂਰਪੀਅਨ ਸਪੇਸ ਏਜੰਸੀ ਨੇ ਕੁੱਲ ਮਿਲਾ ਕੇ 22 ਮਿਸ਼ਨ ਭੇਜੇ ਹਨ। ਸਭ ਤੋਂ ਜ਼ਿਆਦਾ ਮਿਸ਼ਨ ਅਮਰੀਕਾ ਸਪੇਸ ਏਜੰਸੀ ਨਾਸਾ ਨੇ ਭੇਜੇ ਹਨ। ਆਦਿਤਿਆ ਐੱਲ-1 ਮਿਸ਼ਨ ਜ਼ਰੀਏ ਸੂਰਜ ਦੇ ਉੱਪਰੀ ਵਾਯੂਮੰਡਲ ਤੋਂ ਨਿਕਲਣ ਵਾਲੀਆਂ ਲਪਟਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਇਹ ਲਪਟਾਂ ਸਾਡੇ ਸੰਚਾਰ ਨੈੱਟਵਰਕ ਅਤੇ ਧਰਤੀ 'ਤੇ ਇਲੈਕਟ੍ਰਾਨਿਕ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ।

**ਇਸ ਸਾਲ ਸਤੰਬਰ ਦੀ ਸ਼ੁਰੂਆਤ 'ਚ ਇਸਰੋ ਭੇਜੇਗਾ ਆਦਿਤਿਆ ਐੱਲ-1 ਮਿਸ਼ਨ :** ਸੂਰਜ ਦੀ ਨਿਗਰਾਨੀ ਲਈ ਭੇਜੇ ਜਾ ਰਹੇ ਇਸ ਸੈਟੇਲਾਈਟ ਦੇ ਸਾਰੇ ਉਪਕਰਨਾਂ ਦਾ ਪਰੀਖਣ ਪੂਰਾ ਕਰ ਲਿਆ ਗਿਆ ਹੈ। ਜਲਦੀ ਹੀ ਇਸ ਦਾ ਆਖ਼ਰੀ ਰਿਵਿਊ ਹੋਵੇਗਾ। ਸਭ ਕੁਝ ਠੀਕ ਰਿਹਾ ਤਾਂ ਸਤੰਬਰ ਦੇ ਸ਼ੁਰੂਆਤੀ ਹਫਤੇ ਵਿਚ ਇਸ ਨੂੰ ਪੁਲਾੜ 'ਚ ਭੇਜਿਆ ਜਾ ਸਕਦਾ ਹੈ।

# ਚੰਦਰਯਾਨ- 3 ਦੀ ਕਾਮਯਾਬ ਲੈਂਡਿੰਗ ! ਵੱਖ-ਵੱਖ ਧਰਮਾਂ ਦੇ ਲੋਕਾਂ ਵਲੋਂ ਕੀਤੀ ਪ੍ਰਾਰਥਨਾ; ਵਿਸ਼ਵ ਭਰ ਵਿਚ ਖੁਸ਼ੀ ਦਾ ਮਾਹੌਲ






























ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ

# ਚੰਨ ’ਤੇ ਪਹੁੰਚਿਆ ਚੰਦਰਯਾਨ-3, ਅਜਿਹਾ ਰਿਹਾ ਲਾਂਚ ਤੋਂ ਲੈ ਕੇ ਲੈਂਡਿੰਗ ਤੱਕ ਦਾ ਸਫ਼ਰ








ਚੰਦਰਮਾ ਦੇ ਦੱਖਣੀ ਧਰੁਵ ’ਤੇ ਚੰਦਰਯਾਨ-3 ਦੀ ਸਾਫਟ ਲੈਂਡਿੰਗ ਨਾਲ ਭਾਰਤ ਨੇ ਪੁਲਾੜ ’ਚ ਇਤਿਹਾਸ ਰਚ ਦਿੱਤਾ ਹੈ। ਇਸਰੋ ਮੁਤਾਬਕ ਇਹ ਮਿਸ਼ਨ ਸਮੇਂ ਸਿਰ ਪੂਰਾ ਹੋ ਗਿਆ ਹੈ। ਚੰਦਰਯਾਨ-3 ਦੇ ਸਫਲ ਲੈਂਡਿੰਗ ਨਾਲ ਪੂਰੇ ਦੇਸ਼ ’ਚ ਖੁਸ਼ੀ ਦਾ ਮਾਹੌਲ ਹੈ।

ਚੰਦਰਯਾਨ-3 ਦੇ ਚੰਦਰਮਾ ਦੇ ਨੇੜੇ ਪਹੁੰਚਣ ਨਾਲ ਭਾਰਤ ਦਾ ਨਾਮ ਵੀ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੋ ਗਿਆ ਹੈ। ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ (ਇਸਰੋ) ਦਾ ਸੁਪਨਾ ਵੀ ਇਸ ਨਾਲ ਪੂਰਾ ਹੋ ਗਿਆ।

ਇਹ ਯਾਤਰਾ 14 ਜੁਲਾਈ ਨੂੰ ਚੰਦਰਯਾਨ-3 ਦੇ ਲਾਂਚ ਹੋਣ ਤੋਂ ਬਾਅਦ ਤੋਂ ਚੱਲ ਰਹੀ ਸੀ। ਪੂਰੀ ਦੁਨੀਆ ਇਸ ਦਿਨ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ।

ਪੁਲਾੜ ਏਜੰਸੀ ਮੁਤਾਬਕ ਚੰਦਰਯਾਨ-3 ਦਾ ਲੈਂਡਰ 23 ਅਗਸਤ ਨੂੰ ਸ਼ਾਮ ਕਰੀਬ 6.04 ਵਜੇ ਚੰਦਰਮਾ ਦੀ ਸਤ੍ਹਾ ’ਤੇ ਉਤਰਿਆ ਸੀ। ਇਸ ਲੈਂਡਰ ਵਿੱਚ ਇੱਕ ਰੋਵਰ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿ 14 ਜੁਲਾਈ ਤੋਂ ਹੁਣ ਤੱਕ ਦਾ ਸਫਰ ਕਿਵੇਂ ਰਿਹਾ ਅਤੇ ਕੀ ਹੋਇਆ?

**ਲੈਂਡਿੰਗ ਤੱਕ ਦਾ ਸਫ਼ਰ**

14 ਜੁਲਾਈ 2023 - LVM-C M-D ਵਾਹਨ ਦੀ ਮਦਦ ਨਾਲ, ਚੰਦਰਯਾਨ-3 ਨੂੰ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰੀਕੋਟਾ ਤੋਂ ਸਫਲਤਾਪੂਰਵਕ ਪੰਧ ਵਿੱਚ ਪਹੁੰਚਾਇਆ ਗਿਆ। ਚੰਦਰਯਾਨ-3 ਨੇ ਨਿਸ਼ਚਿਤ ਔਰਬਿਟ ਵਿੱਚ ਆਪਣੀ ਯਾਤਰਾ ਸ਼ੁਰੂ ਕੀਤੀ।

15 ਜੁਲਾਈ 2023 - ISTRAC/ISRO, ਬੈਂਗਲੁਰੂ ਤੋਂ ਪਹਿਲਾ ਔਰਬਿਟ ਵਧਾਉਣ ਦਾ ਅਭਿਆਸ ਸਫਲਤਾਪੂਰਵਕ ਪੂਰਾ ਕੀਤਾ ਗਿਆ। ਜਿਸ ਤੋਂ ਬਾਅਦ ਵਾਹਨ 41762 ਕਿਲੋਮੀਟਰ x 173 ਕਿਲੋਮੀਟਰ ਔਰਬਿਟ ’ਤੇ ਪਹੁੰਚ ਗਿਆ।

17 ਜੁਲਾਈ 2023 - ਦੂਜੇ ਆਰਬਿਟ ਵਿੱਚ ਪ੍ਰਵੇਸ਼ ਕਰਨ ਦੀ ਪ੍ਰਕਿਰਿਆ ਕੀਤੀ ਗਈ। ਚੰਦਰਯਾਨ-3 ਨੇ 41603 ਕਿਲੋਮੀਟਰ x 226 ਕਿਲੋਮੀਟਰ ਆਰਬਿਟ ਵਿੱਚ ਪ੍ਰਵੇਸ਼ ਕੀਤਾ।

22 ਜੁਲਾਈ 2023 - ਇੱਕ ਹੋਰ ਔਰਬਿਟ ਵਿੱਚ ਦਾਖਲ ਹੋਣ ਦੀ ਪ੍ਰਕਿਰਿਆ ਪੂਰੀ ਹੋ ਗਈ। 25 ਜੁਲਾਈ ਨੂੰ, ਇਸਰੋ ਨੇ ਇੱਕ ਵਾਰ ਫਿਰ ਇੱਕ ਆਰਬਿਟ ਤੋਂ ਦੂਜੇ ਆਰਬਿਟ ਵਿੱਚ ਜਾਣ ਦੀ ਪ੍ਰਕਿਰਿਆ ਪੂਰੀ ਕੀਤੀ। ਚੰਦਰਯਾਨ-3 71351 ਕਿਲੋਮੀਟਰ x 233 ਕਿਲੋਮੀਟਰ ਦੀ ਔਰਬਿਟ ’ਤੇ ਪਹੁੰਚ ਗਿਆ।

1 ਅਗਸਤ 2023 - ਇਸਰੋ ਨੇ ‘ਟਰਾਂਸਲੂਨਰ ਇੰਜੈਕਸ਼ਨ’ (ਇੱਕ ਕਿਸਮ ਦਾ ਤੇਜ਼ ਪੁਸ਼) ਸਫਲਤਾਪੂਰਵਕ ਪੂਰਾ ਕੀਤਾ ਅਤੇ ਪੁਲਾੜ ਯਾਨ ਟਰਾਂਸਲੂਨਰ ਆਰਬਿਟ ’ਤੇ ਪਹੁੰਚ ਗਿਆ। ਇਸ ਨਾਲ ਪੁਲਾੜ 288 km x 369328 km ਦੀ ਔਰਬਿਟ ’ਤੇ ਪਹੁੰਚ ਗਿਆ।

5 ਅਗਸਤ 2023 - ਚੰਦਰਯਾਨ-3 ਦਾ ਚੰਦਰ ਔਰਬਿਟ ਇਨਸਰਸ਼ਨ (ਚੰਦਰਮਾ ਦੇ ਪੰਧ ਤੱਕ ਪਹੁੰਚਣ ਦੀ ਪ੍ਰਕਿਰਿਆ) ਸਫਲਤਾਪੂਰਵਕ ਪੂਰਾ ਹੋ ਗਿਆ। 164 km x 18074 km ਦੀ ਔਰਬਿਟ ’ਤੇ ਪਹੁੰਚ ਗਿਆ।

6 ਅਗਸਤ 2023 - ਵਾਹਨ ਨੂੰ ਚੰਦਰਮਾ ਦੀ ਸਤ ?ਹਾ ਦੇ ਨੇੜੇ ਭੇਜਣ ਦੀ ਪ੍ਰਕਿਰਿਆ ਕੀਤੀ ਗਈ। ਇਸ ਤੋਂ ਬਾਅਦ ਚੰਦਰਯਾਨ-3 ਦਾ ਔਰਬਿਟ 170 ਕਿਲੋਮੀਟਰ x 4313 ਕਿਲੋਮੀਟਰ ਰਹਿ ਗਿਆ ਹੈ। ਪੁਲਾੜ ਏਜੰਸੀ ਨੇ ਚੰਦਰਯਾਨ-3 ਨੂੰ ਚੰਦਰਮਾ ਦੇ ਪੰਧ ’ਚ ਪ੍ਰਵੇਸ਼ ਦੌਰਾਨ ਚੰਦਰਯਾਨ-3 ਵੱਲ ਲਿਜਾਏ ਜਾਣ ਦਾ ਵੀਡੀਓ ਸਾਂਝਾ ਕੀਤਾ ਹੈ।

9 ਅਗਸਤ 2023 - ਚੰਦਰਮਾ ਦੇ ਨੇੜੇ ਆਉਣ ਦੀ ਇੱਕ ਹੋਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਚੰਦਰਯਾਨ-3 ਦੀ ਔਰਬਿਟ ਘਟ ਕੇ 174 ਕਿਲੋਮੀਟਰ x 1437 ਕਿਲੋਮੀਟਰ ਹੋ ਗਈ।

14 ਅਗਸਤ 2023 - ਚੰਦਰਮਾ ਦੇ ਨੇੜੇ ਆਉਣ ਦੀ ਇੱਕ ਹੋਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਚੰਦਰਯਾਨ-3 ਚੱਕਰ ਲਗਾਉਣ ਦੇ ਪੜਾਅ ’ਤੇ ਪਹੁੰਚ ਗਿਆ। ਵਾਹਨ 151 ਕਿਲੋਮੀਟਰ x 179 ਕਿਲੋਮੀਟਰ ਦੀ ਔਰਬਿਟ ’ਤੇ ਪਹੁੰਚ ਗਿਆ।

16 ਅਗਸਤ 2023 - ‘ਫਾਇਰਿੰਗ’ ਦੀ ਇੱਕ ਹੋਰ ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ, ਵਾਹਨ ਨੂੰ 153 ਕਿਲੋਮੀਟਰ x 163 ਕਿਲੋਮੀਟਰ ਦੀ ਔਰਬਿਟ ਵਿੱਚ ਲਿਆਂਦਾ ਗਿਆ।

17 ਅਗਸਤ 2023 - ਲੈਂਡਰ ਮੋਡੀਊਲ ਨੂੰ ਪ੍ਰੋਪਲਸ਼ਨ ਮੋਡੀਊਲ ਤੋਂ ਸਫਲਤਾਪੂਰਵਕ ਵੱਖ ਕੀਤਾ ਗਿਆ। ਇਸ ਤੋਂ ਬਾਅਦ, 19 ਅਗਸਤ ਨੂੰ, ਇਸਰੋ ਨੇ ਆਪਣੀ ਔਰਬਿਟ ਨੂੰ ਘਟਾਉਣ ਲਈ ਲੈਂਡਰ ਮਾਡਿਊਲ ਨੂੰ ਡੀ-ਬੂਸਟ ਕਰਨ ਦੀ ਪ੍ਰਕਿਰਿਆ ਕੀਤੀ। ਲੈਂਡਰ ਮੋਡੀਊਲ ਹੁਣ ਚੰਦਰਮਾ ਦੇ ਨੇੜੇ 113 ਕਿਲੋਮੀਟਰ x 157 ਕਿਲੋਮੀਟਰ ਦੀ ਔਰਬਿਟ ’ਤੇ ਪਹੁੰਚ ਗਿਆ ਹੈ।

20 ਅਗਸਤ 2023 - ਲੈਂਡਰ ਮੋਡੀਊਲ ’ਤੇ ਇਕ ਹੋਰ ਡੀ-ਬੂਸਟਿੰਗ ਯਾਨੀ ਔਰਬਿਟ ਰਿਡਕਸ਼ਨ ਪ੍ਰਕਿਰਿਆ ਪੂਰੀ ਕੀਤੀ ਗਈ। ਲੈਂਡਰ ਮੋਡੀਊਲ 25 ਕਿਲੋਮੀਟਰ x 134 ਕਿਲੋਮੀਟਰ ਦੀ ਔਰਬਿਟ ’ਤੇ ਪਹੁੰਚ ਗਿਆ।

21 ਅਗਸਤ 2023 - ਚੰਦਰਯਾਨ-2 ਆਰਬਿਟਰ ਨੇ ਰਸਮੀ ਤੌਰ ’ਤੇ ਚੰਦਰਯਾਨ-3 ਲੈਂਡਰ ਮਾਡਿਊਲ ਦਾ ’ਜੀ ਆਇਆਂ ਨੂੰ ਬੱਡੀ’ (ਜੀ ਆਇਆਂ ਨੂੰ ਦੋਸਤ) ਕਹਿ ਕੇ ਸਵਾਗਤ ਕੀਤਾ। ਦੋਹਾਂ ਵਿਚਕਾਰ ਦੋ-ਪੱਖੀ ਸੰਚਾਰ ਸਥਾਪਿਤ ਹੋਇਆ। ‘ਇਸਰੋ ਟੈਲੀਮੈਟਰੀ, ਟ ?ਰੈਕਿੰਗ ਅਤੇ ਕਮਾਂਡ ਨੈੱਟਵਰਕ’ (ISTRAC) ਵਿੱਚ ਸਥਿਤ ਮਿਸ਼ਨ ਆਪ੍ਰੇਸ਼ਨ ਕੰਪਲੈਕਸ (MOX) ਕੋਲ ਹੁਣ ਲੈਂਡਰ ਮੋਡੀਊਲ ਦੇ ਨਾਲ ਹੋਰ ਸੰਚਾਰ ਚੈਨਲ ਹਨ।

22 ਅਗਸਤ 2023 - ਇਸਰੋ ਨੇ ਚੰਦਰਯਾਨ-3 ਦੇ ਲੈਂਡਰ ਪੋਜੀਸ਼ਨ ਡਿਟੈਕਸ਼ਨ ਕੈਮਰੇ (LPDC) ਤੋਂ ਲਗਭਗ 70 ਕਿਲੋਮੀਟਰ ਦੀ ਉਚਾਈ ਤੋਂ ਚੰਦਰਮਾ ਦੀਆਂ ਤਸਵੀਰਾਂ ਜਾਰੀ ਕੀਤੀਆਂ। ਸਿਸਟਮ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਚੰਦਰਮਾ ਦੇ ਨੇੜੇ ਜਾਣ ਦੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ।

23 ਅਗਸਤ, 2023 - ਚੰਦਰਯਾਨ-3 ਦੇ ਲੈਂਡਰ ਮਾਡਿਊਲ ਨੇ ਸ਼ਾਮ 6:00 ਵਜੇ ਚੰਦਰਮਾ ਦੇ ਦੱਖਣੀ ਧਰੁਵ ’ਤੇ ਸੁਰੱਖਿਅਤ ਅਤੇ ਨਰਮ ਲੈਂਡਿੰਗ ਕੀਤੀ ਅਤੇ ਇਤਿਹਾਸ ਰਚਿਆ।

## ਚੰਦਰਮਾ ਦੀ ਸਤਹਿ ਤੇ ਚੰਦਰਯਾਨ-3 ਦੀ ਲੈਂਡਿੰਗ ਤੇ ਪਾਕਿਸਤਾਨ ਨੇ ਭਾਰਤ ਨੂੰ ਦਿੱਤੀ ਵਧਾਈ

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਅੱਜ ਯਾਨੀ ਕਿ 23 ਤਾਰੀਖ਼ ਨੂੰ ਇਤਿਹਾਸ ਰਚ ਦਿੱਤਾ ਹੈ। ਏਜੰਸੀ ਮੁਤਾਬਕ ਚੰਦਰਯਾਨ-3 ਦੇ ਲੈਂਡਰ ਨੇ ਤੈਅ ਸਮੇਂ ਮੁਤਾਬਕ ਸ਼ਾਮ 6 ਵਜ ਕੇ 4 ਮਿੰਟ ’ਤੇ ਚੰਦਰਮਾ ਦੀ ਸਤ ?ਹਾ ’ਤੇ ਸਫ਼ਲਤਾਪੂਰਵਕ ਲੈਂਡਿੰਗ ਕਰ ਲਈ ਹੈ। ਇਸ ਖ਼ਾਸ ਮੌਕੇ ’ਤੇ ਗੁਆਂਢੀ ਮੁਲਕ ਪਾਕਿਸਤਾਨ ਨੇ ਭਾਰਤ ਨੂੰ ਵਧਾਈ ਦਿੱਤੀ ਹੈ। ਇਸ ਦੌਰਾਨ ਪਾਕਿ ਨੇ ਕਿਹਾ ਕਿ ਅਸੀਂ ’ਭਾਰਤ ਦੇ ਰੁਝਾਨ ਨੂੰ ਵਧਾਈ’ ਦਿੰਦੇ ਹਾਂ। ਦੱਸ ਦੇਈਏ ਕਿ ਚੰਦਰਯਾਨ-3 14 ਜੁਲਾਈ ਨੂੰ ਆਂਧਰਾ ਪ੍ਰਦੇਸ਼ ਦੇ ਸ਼ ?ਰੀਹਰੀਕੋਟਾ ਤੋਂ ਸਫ਼ਲਤਾਪੂਰਵਕ ਪੰਧ ’ਚ ਪਹੁੰਚਾਇਆ ਗਿਆ ਹੈ। 40 ਦਿਨ ਦੀ ਯਾਤਰਾ ਮਗਰੋਂ ਚੰਦਰਯਾਨ-3 ਅੱਜ ਚੰਨ ’ਤੇ ਪਹੁੰਚ ਗਿਆ ਹੈ। ਇਸਰੋ ਨੇ ਲੈਂਡਿੰਗ ਦਾ ਲਾਈਵ ਟੈਲੀਕਾਸਟ ਸ਼ੁਰੂ ਵਿਖਾਇਆ ਹੈ। ਇਸਰੋ ਨੇ ਇਸ ਨੂੰ ਦੇਸ਼ ਅਤੇ ਦੁਨੀਆ ਲਈ ਇਤਿਹਾਸਕ ਪਲ ਦੱਸਿਆ। ਚੰਦਰਯਾਨ-3 ਦੱਖਣੀ ਧਰੁਵ ’ਤੇ ਲੈਂਡ ਕੀਤਾ ਹੈ। ਭਾਰਤ ਦੱਖਣੀ ਧਰੁਵ ’ਚ ਪਹੁੰਚਣ ਵਾਲਾ ਪਹਿਲਾਂ, ਜਦਕਿ ਸਾਫਟ ਲੈਂਡਿੰਗ ਕਰਾਉਣ ਵਾਲਾ ਚੌਥਾ ਦੇਸ਼ ਬਣ ਗਿਆ ਹੈ। ਇਸ ਤੋਂ ਪਹਿਲਾਂ ਅਮਰੀਕਾ, ਰੂਸ ਅਤੇ ਚੀਨ ਇਤਿਹਾਸ ਕਰਿਸ਼ਮੇ ਨੂੰ ਅੰਜ਼ਾਮ ਦੇ ਚੁੱਕੇ ਹਨ। ਇਸਰੋ ਦੇ ਇਸ ਮਹੱਤਵਪੂਰਨ ਮਿਸ਼ਨ ਨਾਲ ਪੂਰੀ ਦੁਨੀਆ ਦੀਆਂ ਉਮੀਦਾਂ ਜੁੜੀਆਂ ਹਨ।

## ਚੰਦਰਯਾਨ-3 ਪੁਲਾੜ ਮਿਸ਼ਨ ’ਤੇ ਟਿੱਪਣੀ ਕਰ ਕੇ ਫਸੇ ਅਦਾਕਾਰ ਪ੍ਰਕਾਸ਼ ਰਾਜ

ਬੈਂਗਲੁਰੂ: ਚੰਦਰਯਾਨ-3 ’ਤੇ ਟਿੱਪਣੀ ਪੋਸਟ ਕਰਨ ਤੋਂ ਬਾਅਦ ਅਭਿਨੇਤਾ ਪ੍ਰਕਾਸ਼ ਰਾਜ ਮੁਸੀਬਤ ’ਚ ਫਸਦੇ ਨਜ਼ਰ ਆ ਰਹੇ ਹਨ। ਅਭਿਨੇਤਾ ਖ਼ਿਲਾਫ਼ ਪੁਲਿਸ ਸ਼ਿਕਾਇਤ ਦਰਜ ਕਰਵਾਈ ਗਈ ਹੈ। ਹਿੰਦੂ ਸੰਗਠਨਾਂ ਦੇ ਨੇਤਾਵਾਂ ਨੇ ਬਾਗਲਕੋਟ ਜ਼ਿਲ੍ਹੇ ਦੇ ਬਨਹੱਟੀ ਥਾਣੇ ’ਚ ਉਨ੍ਹਾਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਅਤੇ ਫੌਰੀ ਕਾਰਵਾਈ ਦੀ ਮੰਗ ਕੀਤੀ ਹੈ।



**ਚੰਦਰਯਾਨ-3 ਦਾ ਉਡਾਇਆ ਮਜ਼ਾਕ ?**

ਮੀਡੀਆ ਰਿਪੋਰਟਾਂ ਮੁਤਾਬਕ ਅਭਿਨੇਤਾ ਪ੍ਰਕਾਸ਼ ਰਾਜ ਨੇ ਕੱਲ੍ਹ ਟਵਿੱਟਰ ’ਤੇ ਇੱਕ ਵਿਵਾਦਪੂਰਨ ਪੋਸਟ ਵਿੱਚ ਇਸਰੋ ਦੇ ਚੰਦਰਮਾ ਮਿਸ਼ਨ ਚੰਦਰਯਾਨ 3 ਦਾ ਮਜ਼ਾਕ ਉਡਾਇਆ ਹੈ। ਅਦਾਕਾਰ ਨੇ ਚੰਦਰਯਾਨ-3 ਦਾ ਮਜ਼ਾਕ ਉਡਾਉਂਦੇ ਹੋਏ ਇੱਕ ਕਾਰਟੂਨ ਪੋਸਟ ਕੀਤਾ ਹੈ। ਪੋਸਟ ਵਿੱਚ ਲੁੰਗੀ ਪਹਿਨੇ ਇੱਕ ਵਿਅਕਤੀ ਇੱਕ ਕੱਪ ਤੋਂ ਦੂਜੇ ਕੱਪ ਵਿੱਚ ਚਾਹ ਪਾਉਂਦੇ ਨਜ਼ਰ ਆ ਰਿਹਾ ਹੈ। ਇਸ ਕਾਰਟੂਨ ਦੇ ਨਾਲ ਉਨ੍ਹਾਂ ਨੇ ਕੈਪਸ਼ਨ ਲਿਖਿਆ ਹੈ - ’ਚੰਦਰਯਾਨ-3 ਦੇ ਵਿਕਰਮ ਲੈਂਡਰ ਤੋਂ ਚੰਦਰਮਾ ਦੀ ਪਹਿਲੀ ਤਸਵੀਰ’। ਹਾਲਾਂਕਿ ਪ੍ਰਕਾਸ਼ ਰਾਜ ਨੇ ਕਾਰਟੂਨ ’ਚ ਦਿਖਾਈ ਦੇਣ ਵਾਲੇ ਵਿਅਕਤੀ ਬਾਰੇ ਕੁਝ ਨਹੀਂ ਕਿਹਾ ਪਰ ਲੋਕਾਂ ਨੇ ਉਨ੍ਹਾਂ ਦੀ ਪੋਸਟ ’ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ।

## ਨਹੀਂ ਰੁਕਣ ਵਾਲਾ ਭਾਰਤ, ਇਸਰੋ ਮੁਖੀ ਬੋਲੇ-ਹੁਣ ਸਾਡੀ ਨਜ਼ਰ ਮੰਗਲ ਗ੍ਰਹਿ ’ਤੇ

ਬੈਂਗਲੁਰੂ : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਮੁਖੀ ਐੱਸ ਸੋਮਨਾਥ ਨੇ ਚੰਦਰਯਾਨ-3 ਦੀ ਸਫਲਤਾ ’ਤੇ ਖੁਸ਼ੀ ਜ਼ਾਹਿਰ ਕਰਦਿਆਂ ਇਸ ਦਾ ਸਿਹਰਾ ਵਿਗਿਆਨੀਆਂ ਨੂੰ ਦਿੱਤਾ, ਜਿਨ੍ਹਾਂ ਨੇ ਇਸ ਉਪਲਬਧੀ ਨੂੰ ਹਾਸਲ ਕਰਨ ਲਈ ਬਹੁਤ ਦੁੱਖ ਅਤੇ ਤਕਲੀਫਾਂ ਨੂੰ ਝੱਲਿਆ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਸਰੋ ਦਾ ਯਾਨ ਆਉਣ ਵਾਲੇ ਸਾਲਾਂ ਵਿੱਚ ਮੰਗਲ ਗ੍ਰਹਿ ’ਤੇ ਉੱਤਰੇਗਾ। ਸੋਮਨਾਥ ਨੇ ਕਿਹਾ ਕਿ ਚੰਦਰਯਾਨ-3 ਦੀ ਸਫਲਤਾ ਇਸਰੋ ਲੀਡਰਸ਼ਿਪ ਅਤੇ ਵਿਗਿਆਨੀਆਂ ਦੀਆਂ ਪੀੜ੍ਹੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ ਅਤੇ ਇਹ ਸਫਲਤਾ ‘ਬਹੁਤ ਵੱਡੀ’ ਅਤੇ ‘ਉਤਸ਼ਾਹਿਤ ਕਰਨ ਵਾਲੀ’ ਹੈ।

**ਭਾਰਤ ਨੇ ਇਹ ਸਫਲਤਾ ਸਿਰਫ਼ 2 ਮਿਸ਼ਨਾਂ ’ਚ ਹਾਸਲ ਕੀਤੀ : ਇਸਰੋ ਮੁਖੀ**

ਉਨ੍ਹਾਂ ਕਿਹਾ ਕਿ ਚੰਦਰਮਾ ਦੀ ਯਾਤਰਾ ਔਖੀ ਹੈ ਤੇ ਅੱਜ ਕਿਸੇ ਵੀ ਦੇਸ਼ ਲਈ ਤਕਨੀਕੀ ਸਮਰੱਥਾ ਹਾਸਲ ਕਰਨ ਦੇ ਬਾਵਜੂਦ ਕਿਸੇ ਵੀ ਖਗੋਲੀ ਪਿੰਡ ’ਤੇ ਵਾਹਨ ਨੂੰ ਸਫਲਤਾਪੂਰਵਕ ਉਤਾਰਨਾ ਮੁਸ਼ਕਿਲ ਕੰਮ ਹੈ। ਇਸਰੋ ਮੁਖੀ ਨੇ ਕਿਹਾ ਕਿ ਭਾਰਤ ਨੇ ਇਹ ਸਫਲਤਾ ਸਿਰਫ਼ 2 ਮਿਸ਼ਨਾਂ ਵਿੱਚ ਹਾਸਲ ਕੀਤੀ ਹੈ। ਚੰਦਰਮਾ ’ਤੇ ਯਾਨ ਉਤਾਰਨ ਦੀ ਪਹਿਲੀ ਕੋਸ਼ਿਸ਼ ’ਚ ਮਿਸ਼ਨ ਚੰਦਰਯਾਨ-2 ਆਖਰੀ ਸਮੇਂ ’ਤੇ ਅਸਫਲ ਹੋ ਗਿਆ ਸੀ, ਜਦਕਿ ਚੰਦਰਯਾਨ-3 ਮਿਸ਼ਨ ਪੂਰੀ ਤਰ੍ਹਾਂ ਸਫਲ ਰਿਹਾ। ਚੰਦਰਯਾਨ-1 ਚੰਦਰਮਾ ਦੀ ਪਰਿਕਰਮਾ ਕਰਨ ਵਾਲਾ ਇਕਮਾਤਰ ਮਨੁੱਖ ਰਹਿਤ ਪੁਲਾੜ ਯਾਨ ਹੋਣਾ ਸੀ।



**ਇਕ ਦਿਨ ਮੰਗਲ ਗ੍ਰਹਿ ’ਤੇ ਹੋਵੇਗੀ ਸਾਫਟ ਲੈਂਡਿੰਗ**

ਸੋਮਨਾਥ ਨੇ ਕਿਹਾ, “ਚੰਦਰਯਾਨ-3 ਮਿਸ਼ਨ ਦੀ ਇਹ ਸਫਲਤਾ ਨਾ ਸਿਰਫ ਚੰਦਰ ਮਿਸ਼ਨ ਲਈ ਸਗੋਂ ਮੰਗਲ ਗ੍ਰਹਿ ’ਤੇ ਜਾਣ ਲਈ ਵੀ ਸਾਡਾ ਆਤਮਵਿਸ਼ਵਾਸ ਵਧਾਏਗੀ। ਇਕ ਦਿਨ ਮੰਗਲ ਗ੍ਰਹਿ ’ਤੇ ਸਾਫਟ ਲੈਂਡਿੰਗ ਹੋਵੇਗੀ ਅਤੇ ਹੋ ਸਕਦਾ ਹੈ ਕਿ ਭਵਿੱਖ ’ਚ ਵੀਨਸ ਅਤੇ ਹੋਰ ਗ੍ਰਹਿਆਂ ’ਤੇ ਵੀ ਅਜਿਹਾ ਯਤਨ ਕੀਤਾ ਜਾਵੇਗਾ।” ਉਨ੍ਹਾਂ ਕਿਹਾ ਕਿ ਚੰਦਰਯਾਨ-3 ਕਠਿਨ ਮਿਸ਼ਨ ਹੈ ਅਤੇ ਅਸੀਂ ਇਸ ਦੇ ਲਈ ਬਹੁਤ ਕਸ਼ਟ ਵਿੱਚੋਂ ਲੰਘੇ।” ਇਸਰੋ ਮੁਖੀ ਨੇ ਕਿਹਾ ਕਿ ਚੰਦਰਯਾਨ-2 ਲਈ ਕੰਮ ਕਰਨ ਵਾਲੇ ਮਹੱਤਵਪੂਰਨ ਵਿਗਿਆਨੀ ਵੀ ਚੰਦਰਯਾਨ-3 ਟੀਮ ਦਾ ਹਿੱਸਾ ਸਨ। ਉਨ੍ਹਾਂ ਕਿਹਾ, “ਜਿਆਦਾਤਰ ਲੋਕ ਚੰਦਰਯਾਨ-2 ਦੇ ਨਾਲ ਸਨ, ਉਹ ਸਾਡੇ ਨਾਲ ਹਨ ਅਤੇ ਚੰਦਰਯਾਨ-3 ’ਚ ਸਾਡੀ ਮਦਦ ਕਰ ਰਹੇ ਹਨ। ਉਹ ਇਸ ਦਾ ਹਿੱਸਾ ਹਨ, ਉਹ ਵੀ ਓਨੇ ਹੀ ਦਰਦ ’ਚੋਂ ਲੰਘੇ ਹਨ।

ਸੋਮਨਾਥ ਨੇ ਦੱਸਿਆ ਕਿ ਇਹ ਵਿਸ਼ਵ ਪੱਧਰੀ ਉਪਕਰਨਾਂ ਦੇ ਨਾਲ ਇਕ ਸੰਪੂਰਨ ‘ਮੇਕ ਇਨ ਇੰਡੀਆ’ ਮਿਸ਼ਨ ਸੀ। ਉਨ੍ਹਾਂ ਕਿਹਾ, “...ਚੰਦਰਯਾਨ-3 ’ਚ ਸਾਡੇ ਕੋਲ ਜੋ ਤਕਨੀਕ ਹੈ, ਉਹ ਚੰਦਰਮਾ ’ਤੇ ਜਾਣ ਵਾਲੀ ਕਿਸੇ ਵੀ ਹੋਰ ਤਕਨੀਕ ਤੋਂ ਘੱਟ ਗੁੰਝਲਦਾਰ ਜਾਂ ਘਟੀਆ ਨਹੀਂ ਹੈ। ਸਾਡੇ ਕੋਲ ਚੰਦਰਯਾਨ-3 ਵਿੱਚ ਦੁਨੀਆ ਦੇ ਸਭ ਤੋਂ ਵਧੀਆ ਸੈਂਸਰ, ਆਪਣੀ ਸ਼੍ਰੇਣੀ ’ਚ ਸਭ ਤੋਂ ਵਧੀਆ (ਯੰਤਰ) ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਗੁੰਝਲਦਾਰ ਮਿਸ਼ਨ ਦੇ ਪੂਰਾ ਹੋਣ ਦੇ ਗਵਾਹ ਬਣਨ ਲਈ ਦੱਖਣੀ ਅਫਰੀਕਾ ਤੋਂ ਆਨਲਾਈਨ ਜੁੜੇ ਅਤੇ ਉਨ੍ਹਾਂ ਵਿਗਿਆਨੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।”

# ਸੈਨਹੋਜ਼ੇ 'ਚ ਭਾਰਤ ਦੀ ਆਜ਼ਾਦੀ ਦਿਵਸ ਤੇ ਭਾਰੀ ਇਕੱਠ

## ਆਜ਼ਾਦੀ ਜਸ਼ਨ 'ਚ ਭਾਰਤ ਦੀਆ ਵੱਖ-ਵੱਖ ਨੇ ਲਿਆ ਹਿੱਸਾ







ਸੈਨਹੋਜੇ ਕੈਲੀਫੋਰਨੀਆ : 12 ਅਗਸਤ ਦਿਨ ਸ਼ਨੀਵਾਰ ਮਿਲਪੀਟਸ ਕੈਲੀਫੋਰਨੀਆ ਵਿਖੇ ਭਾਰਤ ਦੀਆਂ ਵੱਖ ਵੱਖ ਜੰਥੇਬੰਦੀਆਂ ਅਤੇ ਆਜ਼ਾਦੀ ਜਸ਼ਨ ਚ ਭਾਰਤ ਦੀਆ ਵੱਖ ਵੱਖ ਸਟੇਟਾ ਨੇ ਲਿਆ ਹਿੱਸਾ। ਸੈਨਹੋਜ਼ੇ ਕੈਲੀਫੋਰਨੀਆ ਵਿਖੇ ਭਾਰਤ ਦੇ ਆਜ਼ਾਦੀ ਦਿਵਸ ਨੂੰ ਸਮਰਪਿਤ ਵੱਡਾ ਸਮਾਗਮ ਕਰਵਾਇਆ ਗਿਆ। ਜਸ਼ਨਾਂ ਲਈ ਸਜਾਈ ਵਿਸ਼ਾਲ ਸਟੇਜ ਤੋਂ 'ਇੰਡੀਆ ਡੇਅ ਫੈਸਟੀਵਲ ਐਂਡ ਗਰੇਡ ਪਰੇਡ' ਦੀ ਆਰੰਭਤਾ ਸਵੇਰ ਦਸ ਵਜੇ ਹੋਈ ਅਤੇ ਸ਼ਾਮ ਤੱਕ ਗੀਤ-ਸੰਗੀਤ ਨਾਲ ਮਨੋਰੰਜਨ ਦੇ ਪ੍ਰੋਗਰਾਮ ਜਾਰੀ ਰਿਹਾ। ਸ਼ੁਰੂਆਤ ਭਾਰਤ ਦੇ ਰਾਸ਼ਟਰੀ ਗੀਤ ਅਤੇ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ। ਕੌਂਸਲ ਜਨਰਲ ਭਾਰਤ ਦੇ ਕੌਂਸਲ ਜਨਰਲ ਸਨਫਰਾਂਸਿਸਕੋ Dr. T.V. Nagendra Prasad ਨੇ ਆਪਣੇ ਵਿਚਾਰ ਸਾਂਝੇ ਕੀਤੇ। ਗਰੈਂਡ ਪਰੇਡ ਵਿੱਚ ਭਾਰਤੀ ਪਹਿਰਾਵੇ ਵਾਲੇ ਲੋਕਾਂ ਦੀ ਚੋਖੀ ਹਾਜ਼ਰੀ ਦੇਖੀ ਗਈ। ਕਲਾਸੀਕਲ ਡਾਂਸਰ ਵੀ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ। ਇਸ ਸਮੇ ਭਾਰਤੀ ਪੰਜਾਬੀ ਭਾਈਚਾਰੇ ਦੀ ਉਘੀ ਸਖਸ਼ੀਅਤ ਸ਼੍ਰੀ ਰਾਜ ਭਨੋਟ ਅਜਾਦੀ ਦਿਵਸ ਦੀ ਵਧਾਈ ਦਿੱਤੀ।















# ਹਿਮਾਚਲ 'ਚ ਪਏ ਮੀਂਹ ਨੇ ਪੰਜਾਬ ਦੇ ਫਿਕਰ ਵਧਾਏ

## • ਡੈਮਾਂ ਵਿੱਚ ਪਾਣੀ ਦੀ ਆਮਦ ਮੁੜ ਵਧੀ • ਹੜ੍ਹਾਂ ਕਾਰਨ ਸੂਬੇ ਦੇ ਦਸ ਜ਼ਿਲ੍ਹਿਆਂ 'ਚ ਫਸਲਾਂ ਦਾ ਭਾਰੀ ਨੁਕਸਾਨ




ਚੰਡੀਗੜ੍ਹ: ਹਿਮਾਚਲ ਪ੍ਰਦੇਸ਼ 'ਚ ਅੱਜ ਮੀਂਹ ਪੈਣ ਮਗਰੋਂ ਡੈਮਾਂ ਵਿੱਚ ਪਾਣੀ ਦੀ ਆਮਦ ਮੁੜ ਵਧ ਗਈ ਹੈ ਅਤੇ ਅਗਲੇ ਦਿਨ ਭਾਰੀ ਬਾਰਸ਼ ਦੀ ਸੰਭਾਵਨਾ ਹੋਣ ਕਰਕੇ ਪੰਜਾਬ ਲਈ ਆਉਂਦੇ ਦੋ ਦਿਨ ਬੜੇ ਨਾਜ਼ੁਕ ਹਨ। ਮੌਸਮ ਵਿਭਾਗ ਨੇ ਪੰਜਾਬ ਵਿਚ ਵੀ ਆਉਂਦੇ ਪੰਜ ਦਿਨ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਉੱਧਰ ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਵਿਚ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ। ਪੰਜਾਬ 'ਚ ਹੜ੍ਹਾਂ ਨੇ ਸਭ ਤੋਂ ਵੱਡਾ ਨੁਕਸਾਨ ਫ਼ਸਲਾਂ ਦਾ ਕੀਤਾ ਹੈ। ਪਹਿਲੇ ਗੇੜ ਦੇ ਹੜ੍ਹ ਕਾਰਨ ਕਰੀਬ ਛੇ ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਸੀ ਜਦਕਿ ਦੂਜੀ ਵਾਰ ਆਏ ਹੜ੍ਹਾਂ ਕਾਰਨ ਕਰੀਬ ਦੋ ਲੱਖ ਏਕੜ ਤੋਂ ਵੱਧ ਰਕਬਾ ਹੋਣ ਪ੍ਰਭਾਵਿਤ ਹੋਣ ਦੀਆਂ ਖ਼ਬਰਾਂ ਹਨ। ਸੂਬੇ ਦੇ ਦਸ ਜ਼ਿਲ੍ਹਿਆਂ ਵਿਚ ਖੇਤੀ ਸੈਕਟਰ ਨੂੰ ਵੱਡੀ ਸੱਟ ਵੱਜੀ ਹੈ। ਝੋਨੇ ਦੀ ਫ਼ਸਲ ਤੋਂ ਇਲਾਵਾ ਬਾਗ਼ਬਾਨੀ ਅਤੇ ਹਰਾ ਚਾਰਾ, ਸਬਜ਼ੀਆਂ ਦੀ ਫ਼ਸਲ ਤਬਾਹ ਹੋ ਗਈ ਹੈ। ਸੂਬੇ ਵਿੱਚ ਪਹਿਲੇ ਹੜ੍ਹ ਮਗਰੋਂ ਕਰੀਬ ਦੋ ਲੱਖ ਏਕੜ ਰਕਬੇ ਵਿੱਚ ਮੁੜ ਝੋਨੇ ਦੀ ਲੁਆਈ ਹੋਈ ਸੀ ਜਿਸ 'ਚੋਂ ਕਰੀਬ ਇੱਕ ਲੱਖ ਏਕੜ ਫਸਲ ਮੁੜ ਨੁਕਸਾਨੀ ਗਈ ਹੈ। ਸੂਬੇ ਦੇ ਜ਼ਿਲ੍ਹਾ ਸੰਗਰੂਰ, ਪਟਿਆਲਾ, ਰੋਪੜ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਅਤੇ ਤਰਨ ਤਾਰਨ ਵਿਚ ਸਭ ਤੋਂ ਜ਼ਿਆਦਾ ਫ਼ਸਲ ਪ੍ਰਭਾਵਿਤ ਹੋਈ ਹੈ। ਫ਼ਿਰੋਜ਼ਪੁਰ ਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ 30-30 ਹਜ਼ਾਰ, ਕਪੂਰਥਲਾ ਜ਼ਿਲ੍ਹੇ 'ਚ ਕਰੀਬ 60 ਹਜ਼ਾਰ, ਫ਼ਾਜ਼ਿਲਕਾ ਵਿਚ 20 ਹਜ਼ਾਰ ਤੇ ਮੋਗਾ ਵਿਚ 5750 ਏਕੜ ਫ਼ਸਲ ਪ੍ਰਭਾਵਿਤ ਹੋਈ ਹੈ। ਖੇਤੀ ਮਹਿਕਮੇ ਦੇ ਡਾਇਰੈਕਟਰ ਗੁਰਬਿੰਦਰ ਸਿੰਘ ਨੇ ਕਿਹਾ ਕਿ ਪਹਿਲੇ ਹੜ੍ਹ 'ਚ ਕਰੀਬ 6 ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਸੀ ਤੇ ਹੁਣ ਦੁਬਾਰਾ ਰਿਪੋਰਟ ਇਕੱਤਰ ਕਰ ਰਹੇ ਹਾਂ। ਦੂਜੇ ਪਾਸੇ ਪੰਜਾਬ ਵਿਚ ਅੱਜ ਵੀ 92.21 ਐੱਮਐੱਮ ਮੀਂਹ ਪਿਆ ਹੈ ਤੇ ਹੜ੍ਹਾਂ ਕਾਰਨ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਇੱਕ ਹੋਰ ਮੌਤ ਹੋਈ ਹੈ। ਡੈਮਾਂ ਦੀ ਸਥਿਤੀ ਦੇਖੀਏ ਤਾਂ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ 1672.29 ਫੁੱਟ ਹੈ ਅਤੇ ਡੈਮ ਵਿਚ ਪਾਣੀ ਦੀ ਆਮਦ ਹੁਣ 72 ਹਜ਼ਾਰ ਕਿਊਸਿਕ ਹੋ ਗਈ ਹੈ ਜੋ ਕਿ ਲੰਘੇ ਕੱਲ੍ਹ 36 ਹਜ਼ਾਰ ਕਿਊਸਿਕ ਸੀ। ਪੌਂਗ ਡੈਮ ਵਿਚ ਪਾਣੀ ਦੀ ਆਮਦ 58 ਹਜ਼ਾਰ ਕਿਊਸਿਕ ਹੋ ਗਈ ਹੈ ਜੋ ਕਿ ਪਹਿਲਾਂ 23 ਹਜ਼ਾਰ ਕਿਊਸਿਕ ਸੀ। ਸਤਲੁਜ ਤੇ ਬਿਆਸ ਦਾ ਪੱਧਰ ਵੀ ਹੁਣ ਘਟਿਆ ਹੈ। ਸਤਲੁਜ ਵਿੱਚ ਹੁਸੈਨੀਵਾਲਾ ਕੋਲ 1.30 ਲੱਖ ਕਿਊਸਿਕ ਪਾਣੀ ਚੱਲ ਰਿਹਾ ਹੈ ਤੇ ਪਾਕਿਸਤਾਨ ਵਿਚ ਕੁਦਰਤੀ ਵਹਾਅ ਨਾਲ ਪਾਣੀ ਜਾ ਰਿਹਾ ਹੈ। ਹੜ੍ਹਾਂ ਕਾਰਨ ਫ਼ਾਜ਼ਿਲਕਾ ਦੇ ਇੱਕ ਦਰਜਨ ਪਿੰਡਾਂ ਦੇ ਹਾਲਾਤ ਬਦਤਰ ਬਣੇ ਹੋਏ ਹਨ। ਫਿਰੋਜ਼ਪੁਰ, ਕਪੂਰਥਲਾ ਅਤੇ ਫ਼ਾਜ਼ਿਲਕਾ ਵਿੱਚ ਘਰਾਂ ਨੂੰ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਬੀਐੱਸਐੱਫ ਤੇ ਐੱਨਡੀਆਰਐੱਫ ਦੀਆਂ ਟੀਮਾਂ ਰਾਹਤ ਕਾਰਜਾਂ ਵਿਚ ਜੁਟੀਆਂ ਹੋਈਆਂ ਹਨ।

### ਭਾਖੜਾ ਤੇ ਪੌਂਗ ਡੈਮਾਂ 'ਚ ਪਾਣੀ ਦੀ ਆਮਦ ਵਧਣ ਕਾਰਨ ਪੰਜਾਬ ਹਾਈ ਅਲਰਟ 'ਤੇ



ਚੰਡੀਗੜ੍ਹ : ਭਾਖੜਾ ਅਤੇ ਪੌਂਗ ਡੈਮਾਂ 'ਚ ਪਾਣੀ ਦੀ ਆਮਦ ਵਧਣ ਕਾਰਨ ਪੰਜਾਬ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਭਾਖੜਾ ਵਿੱਚ 1.28 ਲੱਖ ਕਿਊਸਿਕ ਅਤੇ ਪੌਂਗ ਡੈਮ ਵਿੱਚ 1.58 ਲੱਖ ਕਿਊਸਿਕ ਦਾ ਵਹਾਅ ਹੈ। ਮੰਗਲਵਾਰ ਨੂੰ ਭਾਖੜਾ ਡੈਮ ਵਿੱਚ 1.05 ਲੱਖ ਕਿਊਸਿਕ ਅਤੇ ਪੌਂਗ ਡੈਮ ਵਿੱਚ 58,702 ਕਿਊਸਿਕ ਸੀ। ਨਤੀਜੇ ਵਜੋਂ ਭਾਖੜਾ ਡੈਮ ਤੋਂ 58,400 ਕਿਊਸਿਕ ਅਤੇ ਪੌਂਗ ਡੈਮ ਤੋਂ 67,083 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸਤਲੁਜ ਅਤੇ ਬਿਆਸ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਉੱਚਾ ਹੈ।

# ਧਰਨੇ ਦੌਰਾਨ ਟਰਾਲੀ ਹੇਠ ਆਇਆ ਬਜ਼ੁਰਗ ਕਿਸਾਨ, ਹਸਪਤਾਲ 'ਚ ਮੌਤ



ਚੰਡੀਗੜ੍ਹ : ਪੰਜਾਬ ਭਰ 'ਚ ਧਰਨਾ ਦੇਣ ਚੰਡੀਗੜ੍ਹ ਪਹੁੰਚ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਪ੍ਰਕਿਰਿਆ ਜਾਰੀ ਰਹੀ। ਪੁਲਿਸ ਨੇ ਸਵੇਰ ਸਾਰ ਹੀ ਕਈ ਕਿਸਾਨ ਆਗੂਆਂ ਨੂੰ ਘਰਾਂ 'ਚ ਹੀ ਕਾਬੂ ਕਰ ਲਿਆ। ਇਸ ਦੌਰਾਨ ਸੰਗਰੂਰ ਦੇ ਲੌਂਗੋਵਾਲ 'ਚ ਪੁਲਿਸ ਅਤੇ ਭਾਰਤੀ ਕਿਸਾਨ ਯੂਨੀਅਨ ਅਤੇ ਅਜਾਦ ਦੇ ਵਰਕਰਾਂ ਵਿਚਾਲੇ ਝੜਪ ਹੋ ਗਈ।

ਇਸ ਦੌਰਾਨ ਅਜਿਹੀ ਭਗਦੜ ਮਚੀ ਕਿ ਪ੍ਰਦਰਸ਼ਨ 'ਚ ਸ਼ਾਮਲ ਇੱਕ ਕਿਸਾਨ ਟਰੈਕਟਰ ਟਰਾਲੀ ਦੀ ਚਪੇਟ 'ਚ ਆ ਗਿਆ। ਦੱਸਿਆ ਜਾ ਰਿਹਾ ਹੈ ਕਿ ਟਰੈਕਟਰ ਟਰਾਲੀ ਵੀ ਕਿਸਾਨਾਂ ਦੀ ਹੀ ਸੀ। ਇਸ ਹਾਦਸੇ 'ਚ ਪਟਿਆਲਾ ਦਾ ਕਿਸਾਨ ਪ੍ਰੀਤਮ ਸਿੰਘ ਟਰਾਲੀ ਦੇ ਟਾਇਰ ਹੇਠਾਂ ਆਕੇ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ। ਉਸਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਇਸ ਹਫ਼ੜਾ-ਦਫੜੀ 'ਚ ਪੁਲਿਸ ਇੰਸਪੈਕਟਰ ਸਣੇ 2 ਲੋਕ ਜਖ਼ਮੀ ਹੋਏ ਹਨ।

ਉੱਧਰ ਘਟਨਾ ਤੋਂ ਬਾਅਦ ਕਿਸਾਨ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ। ਬਜ਼ੁਰਗ ਕਿਸਾਨ ਦੀ ਮੌਤ ਤੋਂ ਬਾਅਦ ਭੜਕੇ ਕਿਸਾਨਾਂ ਥਾਣੇ ਮੂਹਰੇ ਧਰਨਾ ਲਗਾ ਦਿੱਤਾ ਹੈ।

ਦੱਸ ਦੇਈਏ ਕਿ ਮੰਗਲਵਾਰ ਨੂੰ ਚੰਡੀਗੜ੍ਹ 'ਚ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ। ਧਰਨੇ 'ਚ ਸ਼ਾਮਲ ਹੋਣ ਲਈ ਸੋਮਵਾਰ ਨੂੰ ਹੀ ਕਿਸਾਨਾਂ ਦੇ ਚੰਡੀਗੜ੍ਹ 'ਚ ਪਹੁੰਚਣ ਦਾ ਅਨੁਮਾਨ ਸੀ, ਜਿਸਦੀ ਸੂਹ ਪੁਲਿਸ ਨੂੰ ਲੱਗ ਗਈ। ਗੁਰਦਾਸਪੁਰ 'ਚ ਸਵੇਰੇ 5 ਵਜੇ ਕਿਸਾਨਾਂ ਨੂੰ ਹਿਰਾਸਤ 'ਚ ਲੈਣਾ ਸ਼ੁਰੂ ਕਰ ਦਿੱਤਾ ਸੀ। ਤਰਨਤਾਰਨ 'ਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਵਰਨ ਸਿੰਘ ਪੰਧੇਰ, ਸੁਰਜੀਤ ਸਿੰਘ ਬਹਿਰਾਮਕੇ ਸਣੇ ਕਈ ਹੋਰਨਾਂ ਆਗੂਆਂ ਨੂੰ ਘਰ 'ਚ ਨਜ਼ਰਬੰਦ ਕਰ ਦਿੱਤਾ ਗਿਆ। ਪੁਲਿਸ ਦੀ ਇਸ ਕਾਰਵਾਈ ਤੋਂ ਭੜਕੇ ਕਿਸਾਨ ਸੜਕਾਂ 'ਤੇ ਉਤਰ ਆਏ। ਕਿਸਾਨਾਂ ਨੇ ਟੋਲ ਪਲਾਜ਼ਿਆਂ ਨੇੜੇ ਧਰਨੇ ਲਗਾ ਦਿੱਤੇ ਕਿਸਾਨਾਂ ਵਲੋਂ ਜਥੇਬੰਦੀਆਂ ਦੇ ਆਗੂਆਂ ਨੂੰ ਛੱਡਣ ਦੀ ਮੰਗ ਕੀਤੀ ਜਾ ਰਹੀ ਹੈ। ਕਿਸਾਨਾਂ ਦੁਆਰਾ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਟੋਲ-ਪਲਾਜ਼ਿਆਂ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਣਗੇ।

ਕਿਸਾਨ ਆਗੂ ਸੰਜੀਵ ਆਲਮਪੁਰ ਨੇ ਦੱਸਿਆ ਕਿ ਬੀਤੇ ਕੱਲ੍ਹ ਪ੍ਰਸ਼ਾਸਨ ਦੁਆਰਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਲੋਂ ਮੀਟਿੰਗ ਕਰਵਾਈ ਗਈ। ਪਰ ਗਵਰਨਰ ਤੋਂ ਸਿਰਫ਼ ਭਰੋਸੇ ਤੋਂ ਇਲਾਵਾ ਕੋਈ ਰਾਹਤ ਨਹੀਂ ਮਿਲ ਸਕੀ ਸੀ। ਪ੍ਰਸ਼ਾਸਨ ਵਲੋਂ ਦੁਬਾਰਾ ਮੀਟਿੰਗ ਲਈ ਕਿਹਾ ਗਿਆ ਸੀ, ਪਰ ਇਸ ਤੋਂ ਪਹਿਲਾਂ ਸਵੇਰੇ ਹੀ ਕਿਸਾਨ ਆਗੂਆਂ ਨੂੰ ਹਿਰਾਸਤ 'ਚ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ।

### ਪੰਜਾਬ ਸਰਕਾਰ ਤੇ ਕਿਸਾਨਾਂ ਵਿਚਾਲੇ ਸਹਿਮਤੀ

# ਮਰਹੂਮ ਦੇ ਪਰਿਵਾਰ ਨੂੰ 10 ਲੱਖ ਮੁਆਵਜ਼ਾ, ਗ੍ਰਿਫ਼ਤਾਰ ਕਿਸਾਨ ਹੋਣਗੇ ਰਿਹਾਅ ਤੇ ਪਰਚੇ ਕੀਤੇ ਜਾਣਗੇ ਰੱਦ



ਸੰਗਰੂਰ : ਲੌਂਗੋਵਾਲ 'ਚ ਕਿਸਾਨ ਦੀ ਮੌਤ ਮਾਮਲੇ 'ਚ ਅੱਜ ਇਥੇ ਕਿਸਾਨ ਜਥੇਬੰਦੀਆਂ ਤੇ ਪੰਜਾਬ ਪੁਲੀਸ ਦੇ ਉੱਚ ਅਧਿਕਾਰੀਆਂ ਵਿਚਾਲੇ 3 ਘੰਟਿਆਂ ਤੱਕ ਮੀਟਿੰਗ ਚੱਲੀ। ਇਸ ਵਿੱਚ ਸਹਿਮਤੀ ਬਣੀ ਕਿ ਮਰਹੂਮ ਕਿਸਾਨ ਪ੍ਰੀਤਮ ਸਿੰਘ ਦੇ ਪਰਿਵਾਰ ਨੂੰ ਦੱਸ ਲੱਖ ਰੁਪਏ ਮੁਆਵਜ਼ਾ, ਪਰਿਵਾਰ ਦੇ ਇਕ ਜੀਅ ਨੂੰ ਯੋਗਤਾ ਮੁਤਾਬਕ ਸਰਕਾਰੀ ਨੌਕਰੀ ਤੇ ਉਸ ਦੇ ਪਰਿਵਾਰ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਫ਼ੈਸਲਾ ਵੀ ਹੋਇਆ ਕਿ ਲੌਂਗੋਵਾਲ ਵਿੱਚ ਪੁਲੀਸ ਲਾਠੀਚਾਰਜ ਦੌਰਾਨ ਗੰਭੀਰ ਜ਼ਖ਼ਮੀਆਂ ਨੂੰ ਦੋ-ਦੋ ਲੱਖ ਤੇ ਘੱਟ ਜ਼ਖ਼ਮੀਆਂ ਨੂੰ ਇਕ ਇਕ ਲੱਖ ਰੁਪਇਆ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੀਆਂ ਕਿਸਾਨ ਜਥੇਬੰਦੀਆਂ ਗੱਡੀਆਂ ਭੰਨ੍ਹੀਆਂ ਗਈਆਂ ਹਨ, ਉਨ੍ਹਾਂ ਦੀ ਸਰਕਾਰ ਮੁਰੰਮਤ ਕਰਵਾਏਗੀ। ਇਸ ਦੇ ਨਾਲ ਪੰਜਾਬ ਭਰ 'ਚ ਕਿਸਾਨਾਂ 'ਤੇ ਦਰਜ ਪਰਚੇ ਰੱਦ ਹੋਣਗੇ ਤੇ ਕਿਸਾਨਾਂ ਬਿਨ੍ਹਾਂ ਸ਼ਰਤ ਰਿਹਾਈ ਹੋਵੇਗੀ। ਜਥੇਬੰਦੀਆਂ ਨੇ ਐਲਾਨ ਕੀਤਾ ਕਿ ਜਦੋਂ ਤੱਕ ਸਾਰੇ ਕਿਸਾਨਾਂ ਦੀ ਰਿਹਾਈ ਨਹੀਂ ਹੁੰਦੀ ਮਰਹੂਮ ਪ੍ਰੀਤਮ ਸਿੰਘ ਦਾ ਸਸਕਾਰ ਨਹੀਂ ਕੀਤਾ ਜਾਵੇਗਾ।

# ਕਿਸਾਨ ਜਥੇਬੰਦੀਆਂ ਲੋਕਾਂ ਲਈ ਸਮੱਸਿਆਵਾਂ ਪੈਦਾ ਕਰਨ ਦੀ ਬਜਾਏ ਸਰਕਾਰ ਨੂੰ ਸਹਿਯੋਗ ਦੇਣ: ਕੰਗ

ਚੰਡੀਗੜ੍ਹ : ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਲੌਂਗੋਵਾਲ ਵਿੱਚ ਪੁਲੀਸ ਤੇ ਕਿਸਾਨਾਂ ਵਿਚਾਲੇ ਝੜਪ ਦੌਰਾਨ ਹੋਈ ਕਿਸਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਝੜਪ ਦੌਰਾਨ ਜ਼ਖ਼ਮੀ ਹੋਏ ਪੁਲੀਸ ਮੁਲਾਜ਼ਮਾਂ ਅਤੇ ਕਿਸਾਨਾਂ ਪ੍ਰਤੀ ਵੀ ਹਮਦਰਦੀ ਪ੍ਰਗਟ ਕੀਤੀ ਹੈ। ਸ੍ਰੀ ਕੰਗ ਨੇ ਸੰਗਰੂਰ 'ਚ ਹੋਈ ਹਿੰਸਕ ਝੜਪ ਸਬੰਧੀ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ। ਉਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਅਮਨ-ਕਾਨੂੰਨ ਬਣਾਏ ਰੱਖਣ ਲਈ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਸ੍ਰੀ ਕੰਗ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਲੋਕਾਂ ਲਈ ਸਮੱਸਿਆਵਾਂ ਦਾ ਕਾਰਨ ਬਣਨ ਦੀ ਥਾਂ ਸਰਕਾਰ ਨਾਲ ਮਿਲ ਕੇ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣ। ਪੰਜਾਬ 'ਚ ਟੋਲ ਪਲਾਜ਼ੇ ਅਤੇ ਸੜਕਾਂ ਬੰਦ ਹੋਣ ਨਾਲ ਲੋਕ ਪ੍ਰੇਸ਼ਾਨ ਹੋਣਗੇ। ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨਾ ਹਰ ਕਿਸੇ ਦਾ ਜਮਹੂਰੀ ਹੱਕ ਹੈ ਪਰ ਰੋਸ ਪ੍ਰਦਰਸ਼ਨ ਦੌਰਾਨ ਅਮਨ-ਕਾਨੂੰਨ ਦੀ ਵਿਵਸਥਾ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ



ਵੱਖ-ਵੱਖ ਖੇਤਰਾਂ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਗਿਰਦਾਵਰੀ ਦੀ ਪ੍ਰਕਿਰਿਆ ਚੱਲ ਰਹੀ ਹੈ। ਕਿਸਾਨਾਂ ਨੂੰ ਜਲਦੀ ਹੀ ਮੁਆਵਜ਼ੇ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾਵੇਗਾ। 'ਆਪ' ਆਗੂ ਨੇ ਕਿਹਾ ਕਿ ਕਿਸਾਨ ਯੂਨੀਅਨਾਂ ਦੀਆਂ ਜ਼ਿਆਦਾਤਰ ਮੰਗਾਂ ਕੇਂਦਰ ਸਰਕਾਰ ਨਾਲ ਸਬੰਧਤ ਹਨ। ਇਸ ਲਈ ਉਨ੍ਹਾਂ ਨੂੰ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨਾ ਚਾਹੀਦਾ ਹੈ।

# ‘ਬਰਿਕਸ’ ਸੰਮੇਲਨ ਲਈ ਦੱਖਣੀ ਅਫਰੀਕਾ ਪੁੱਜੇ ਪ੍ਰਧਾਨ ਮੰਤਰੀ ਮੋਦੀ

## • ਭਾਰਤੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ • 25 ਨੂੰ ਗਰੀਸ ਲਈ ਹੋਣਗੇ ਰਵਾਨਾ



ਵਾਟਰਕਲੂਫ ਦੇ ਏਅਰਫੋਰਸ ਬੇਸ ’ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਦੇ ਹੋਏ ਦੱਖਣੀ ਅਫਰੀਕਾ ਦੇ ਉਪ ਰਾਸ਼ਟਰਪਤੀ ਪੌਲ ਮੈਸ਼ੇਟਾਈਲ।




ਭਾਰਤੀ ਭਾਈਚਾਰੇ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੌਹੈਨਸਬਰਗ ਦੇ ਸੈਂਡਟਨ ਸਨ ਹੋਟਲ ਪੁੱਜਣ ’ਤੇ ਸਵਾਗਤ ਕਰਦੇ ਹੋਏ।

ਜੋਹੈਨਸਬਰਗ : ਬਰਿਕਸ ਸੰਮੇਲਨ ਵਿਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਦੱਖਣੀ ਅਫ਼ਰੀਕਾ ਪਹੁੰਚ ਗਏ। ਇਸ ਮੌਕੇ ਹਵਾਈ ਅੱਡੇ ’ਤੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਭਾਰਤ ਦੁਨੀਆ ਲਈ ਵਿਕਾਸ ਦਾ ਇੰਜਣ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਗਏ ‘ਮਿਸ਼ਨ-ਮੋਡ’ ਸੁਧਾਰਾਂ ਨਾਲ ਕਾਰੋਬਾਰ ਕਰਨ ਦੀ ਸੌਖ ਵਧੀ ਹੈ। ਮੋਦੀ ਬਰਿਕਸ ਬਿਜ਼ਨਸ ਫੋਰਮ ਦੇ ਆਗੂਆਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ ‘ਸਟਾਰਟਅੱਪਸ’ ਦਾ ਕੇਂਦਰ ਬਣ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜੋਹੈਨਸਬਰਗ ਵਿਚ ਬਣ ਰਹੇ ਸਵਾਮੀਨਾਰਾਇਣ ਮੰਦਰ ਦੇ ਮਾਡਲ ਨੂੰ ਵੀ ਦੇਖਿਆ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਦਾ ਦੱਖਣੀ ਅਫ਼ਰੀਕਾ ਪਹੁੰਚਣ ’ਤੇ ਰਵਾਇਤੀ ਢੰਗ ਨਾਲ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਇੱਥੇ ਪਹੁੰਚਣ ’ਤੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਮਿਲੇ। ਇਸ ਮੌਕੇ ਕਈ ਸਥਾਨਕ ਭਾਰਤੀ ਧਾਰਮਿਕ ਸੰਗਠਨਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਮੋਦੀ ਨੇ ਵਿਸ਼ੇਸ਼ ਸਵਾਗਤ ਲਈ ਲੋਕਾਂ ਦਾ ਧੰਨਵਾਦ ਕੀਤਾ।

ਦੋ ਭਾਰਤੀ ਮਹਿਲਾਵਾਂ ਨੇ ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੂੰ ਰੱਖੜੀ ਵੀ ਬੰਨ੍ਹੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਬਰਿਕਸ ਸੰਮੇਲਨ ਵਾਲੀ ਥਾਂ ਸੈਂਡਟਨ ਸਨ ਹੋਟਲ ਲਈ ਰਵਾਨਾ ਹੋ ਗਏ। ਹੋਟਲ ਵਿਚ ਉਨ੍ਹਾਂ ‘ਬਿਜ਼ਨਸ ਫੋਰਮ’ ਦੇ ਆਗੂਆਂ ਨਾਲ ਗੱਲਬਾਤ ਤੋਂ ਪਹਿਲਾਂ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਮੋਦੀ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਾਮਫੋਸਾ ਦੇ ਸੱਦੇ ਉਤੇ 22-24 ਅਗਸਤ ਤੱਕ ਅਫ਼ਰੀਕੀ ਮੁਲਕ ਦੇ ਦੌਰੇ ਉਤੇ ਪੁੱਜੇ ਹਨ। ਇਸ ਗਰੁੱਪ ਵਿਚ ਬ੍ਰਾ?ਜ਼ੀਲ, ਰੂਸ, ਚੀਨ, ਭਾਰਤ ਤੇ ਦੱਖਣ ਅਫ਼ਰੀਕਾ ਸ਼ਾਮਲ ਹਨ। ਦਿੱਲੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਮੋਦੀ ਨੇ ਕਿਹਾ ਕਿ ਬਰਿਕਸ ਵੱਖ-ਵੱਖ ਖੇਤਰਾਂ ਵਿਚ ਮਜ਼ਬੂਤ ਤਾਲਮੇਲ ਦੀ




ਤਰਜਮਾਨੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਇਸ ਗੱਲ ਦੀ ਕਦਰ ਕਰਦਾ ਹੈ ਕਿ ਬਰਿਕਸ ਪੂਰੇ ‘ਗਲੋਬਲ ਸਾਊਥ’ ਦੀਆਂ ਸਮੱਸਿਆਵਾਂ ਉਤੇ ਵਿਚਾਰ-ਚਰਚਾ ਦਾ ਮੰਚ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਸੰਮੇਲਨ ਵਿਚ ਬਰਿਕਸ ਨੂੰ ਭਵਿੱਖੀ ਤਾਲਮੇਲ ਦੇ ਖੇਤਰਾਂ ਦੀ ਸ਼ਨਾਖ਼ਤ ਕਰਨ ਅਤੇ ਸੰਸਥਾਗਤ ਵਿਕਾਸ ਦੀ ਸਮੀਖਿਆ ਦਾ ਮੌਕਾ ਮਿਲੇਗਾ। ਮੋਦੀ ਨੇ ਟਵੀਟ ਕਰ ਕੇ ਦੱਸਿਆ ਕਿ ਉਹ ਬਰਿਕਸ-ਅਫਰੀਕਾ ਆਊਟਰੀਚ ਤੇ ਬਰਿਕਸ ਪਲੱਸ ਡਾਇਲਾਗ ਸਮਾਗਮਾਂ ਵਿਚ ਵੀ ਹਿੱਸਾ ਲੈਣਗੇ। ਇਸ ਤੋਂ ਪਹਿਲਾਂ ਮੋਦੀ ਦਾ ਅੱਜ ਵਾਰਟਕਲੂਫ ਏਅਰਫੋਰਸ ਬੇਸ ’ਤੇ ਦੱਖਣੀ ਅਫਰੀਕਾ ਦੇ ਉਪ ਰਾਸ਼ਟਰਪਤੀ ਪੌਲ ਮੈਸ਼ੇਟਾਇਲ ਨੇ ਸਵਾਗਤ ਕੀਤਾ। ਇੱਥੇ ਉਨ੍ਹਾਂ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ।

# ਮੋਦੀ ਨੇ ਕਲਿਆਣ ਸਿੰਘ ਦਾ ਰਾਮ ਮੰਦਰ ਦਾ ਸੁਫ਼ਨਾ ਸਾਕਾਰ ਕੀਤਾ : ਸ਼ਾਹ



ਅਲੀਗੜ੍ਹ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਕਾਂਗਰਸ ਨੇ ਆਜ਼ਾਦੀ ਤੋਂ ਬਾਅਦ ਲਗਾਤਾਰ ਕਈ ਦਹਾਕੇ ਰਾਮ ਮੰਦਰ ਦੇ ਮੁੱਦੇ ਨੂੰ ਖਿੱਚਿਆ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਪੀ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਦੇ ਇਸ ਸੁਫ਼ਨੇ ਨੂੰ ਸਾਕਾਰ ਕਰ ਕੇ ਮੰਦਰ ਨਿਰਮਾਣ ਦਾ ਰਾਹ ਪੱਧਰਾ ਕਰ ਦਿੱਤਾ। ਕਲਿਆਣ ਸਿੰਘ ਦੀ ਦੂਜੀ ਬਰਸੀ ਮੌਕੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਦੀ ਗਰੀਬਾਂ ਤੇ ਪੱਛੜਿਆਂ ਨੂੰ ਮਜ਼ਬੂਤ ਕਰਨ ਦੀ ਇੱਛਾ ਵੀ ਪੂਰੀ ਕੀਤੀ ਹੈ। ਕਲਿਆਣ ਸਿੰਘ ਦੀ ਬਰਸੀ ਨੂੰ ਭਾਜਪਾ ‘ਹਿੰਦੂ ਗੌਰਵ ਦਿਵਸ’ ਵਜੋਂ ਮਨਾਉਂਦੀ ਹੈ। ਸ਼ਾਹ ਨੇ ਇਸ ਮੌਕੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਯੂਪੀ ਦੀਆਂ ਸਾਰੀਆਂ 80 ਲੋਕ ਸਭਾ ਸੀਟਾਂ ਤੋਂ ਭਾਜਪਾ ਦੀ ਜਿੱਤ ਯਕੀਨੀ ਬਣਾਉਣ। ਉਨ੍ਹਾਂ ਕਿਹਾ, ‘ਸਤਿਕਾਰਯੋਗ ਬਾਬੂਜੀ (ਕਲਿਆਣ ਸਿੰਘ) ਨੂੰ ਇਸ ਤੋਂ ਵੱਡੀ ਹੋਰ ਕੋਈ ਸ਼ਰਧਾਂਜਲੀ ਨਹੀਂ ਦਿੱਤੀ ਜਾ ਸਕਦੀ। ਮੋਦੀ ਨੂੰ ਮੁੜ ਪ੍ਰਧਾਨ ਮੰਤਰੀ ਬਣਾਓ ਤੇ ਪੂਰੇ ਦੇਸ਼ ਵਿਚ ਇਹ ਸੁਨੇਹਾ ਭੇਜੋ ਕਿ ਉੱਤਰ ਪ੍ਰਦੇਸ਼ ਭਾਜਪਾ ਦਾ ਉਹ ਕਿਲ੍ਹਾ ਹੈ ਜਿਸ ਵਿਚ ਸੰਨ੍ਹ ਨਹੀਂ ਲਾਇਆ ਜਾ ਸਕਦਾ।’ ਗ੍ਰਹਿ ਮੰਤਰੀ ਨੇ ਕਿਹਾ ਕਿ ਜਦ ਕਲਿਆਣ ਸਿੰਘ ਯੂਪੀ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਰਾਮ ਜਨਮਭੂਮੀ ਮੁਹਿੰਮ ਨੂੰ ਹੁਲਾਰਾ ਦਿੱਤਾ। ਜ਼ਿਕਰਯੋਗ ਹੈ ਕਿ ਦਸੰਬਰ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਵੇਲੇ ਕਲਿਆਣ ਸਿੰਘ ਮੁੱਖ ਮੰਤਰੀ ਸਨ ਤੇ ਉਨ੍ਹਾਂ ਇਸ ਘਟਨਾ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ।

# ਦੱਖਣੀ ਅਫਰੀਕਾ ਚ 14.5 ਏਕੜ ’ਚ ਬਣ ਰਿਹੈ ਸਵਾਮੀਨਾਰਾਇਣ ਮੰਦਰ, ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਨਿਰੀਖਣ

ਜੋਹਾਨਸਬਰਗ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ’ਬ੍ਰਿਕਸ ਬਿਜ਼ਨਸ ਫੋਰਮ ਲੀਡਰਸ’ ਸੰਵਾਦ ਤੋਂ ਪਹਿਲਾਂ ਇੱਥੇ ਨਿਰਮਾਣ ਅਧੀਨ ਸਵਾਮੀਨਾਰਾਇਣ ਮੰਦਰ ਦੇ ਇਕ ਮਾਡਲ ਦਾ ਨਿਰੀਖਣ ਕੀਤਾ। ਜੋਹਾਨਸਬਰਗ ਦੇ ਉੱਥਰ ਵਿਚ ਨੌਰਥ ਰਾਈਡਿੰਗ ਵਿਚ ਇਸ ਮੰਦਰ ਦਾ ਨਿਰਮਾਣ 2017 ਤੋਂ ਚੱਲ ਰਿਹਾ ਹੈ ਅਤੇ ਇਸ ਦੇ ਅਗਲੇ ਸਾਲ ਤੱਕ ਪੂਰਾ ਹੋਣ ਦੀ ਉਮੀਦ ਹੈ। ਮੋਦੀ ਨੇ ਬ੍ਰਿਕਸ ਬਿਜ਼ਨਸ ਫੋਰਮ ਲੀਡਰਸ ਸੰਵਾਦ ਤੋਂ ਪਹਿਲਾਂ ਇਕ ਭਾਈਚਾਰਕ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹੋਏ ਮੰਦਰ ਦੇ ਮਾਡਲ ਦਾ ਨਿਰੀਖਣ ਕੀਤਾ। ਇਹ ਮੰਦਰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਸਥਿਤ ਅਜਿਹੇ ਹੀ ਇਕ ਮੰਦਰ ਦੀ ਤਰ੍ਹਾਂ ਹੋਵੇਗਾ ਜੋ ਪੂਰੀ ਤਰ੍ਹਾਂ ਪੱਥਰ ਨਾਲ ਬਣਿਆ ਹੈ ਅਤੇ ਇਸ ਵਿਚ ਕਲਾਸਰੂਮਜ਼ ਅਤੇ ਇੱਕ ਕਲੀਨਿਕ ਵੀ ਹੋਵੇਗਾ।

ਇਸ ਤੋਂ ਪਹਿਲਾਂ, ਪ੍ਰਿਟੋਰੀਆ ਹਿੰਦੂ ਸੇਵਾ ਸਮਾਜ ਅਤੇ ਸਵਾਮੀਨਾਰਾਇਣ ਸੰਸਥਾ ਦੀ ਸਥਾਨਕ ਇਕਾਈ ਦੇ ਮੈਂਬਰਾਂ ਨੇ ਪ੍ਰਿਟੋਰੀਆ



ਦੇ ਵਾਟਰਲੂ ਏਅਰ ਫੋਰਸ ਬੇਸ ’ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਕਰੀਬ 14.5 ਏਕੜ ਵਿੱਚ ਬਣੇ ਸਵਾਮੀਨਾਰਾਇਣ ਮੰਦਰ ਵਿੱਚ 34,000 ਵਰਗ ਮੀਟਰ ਦਾ ਸੱਭਿਆਚਾਰਕ ਕੇਂਦਰ, 3,000 ਦੇ ਬੈਠਣ ਲਈ ਇੱਕ ਆਡੀਟੋਰੀਅਮ, 2,000 ਲੋਕਾਂ ਲਈ ਇੱਕ ਬੈਂਕੁਏਟ ਹਾਲ, ਇੱਕ ਖੋਜ ਸੰਸਥਾ, ਕਲਾਸਰੂਮਜ਼, ਪ੍ਰਦਰਸ਼ਨੀ ਅਤੇ ਮਨੋਰੰਜਨ ਕੇਂਦਰ ਵੀ ਹੋਣਗੇ।

ਦੱਖਣੀ ਅਫਰੀਕਾ ਲਈ ਰਵਾਨਾ ਹੋਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੇ ਸ਼ਨੀਵਾਰ ਨੂੰ ਨਵੀਂ ਦਿੱਲੀ ਵਿੱਚ ਬੀ.ਏ.ਪੀ.ਐੱਸ. ਸਵਾਮੀਨਾਰਾਇਣ ਸੰਸਥਾ ਦੇ ਸਵਾਮੀ ਬ੍ਰਹਮਵਿਹਾਰੀਦਾਸ ਨਾਲ ਮੁਲਾਕਾਤ ਕੀਤੀ ਸੀ। ਪ੍ਰਧਾਨ ਮੰਤਰੀ ਮੋਦੀ ਦੱਖਣੀ ਅਫਰੀਕਾ ਅਤੇ ਗ੍ਰੀਸ ਦੇ 4 ਦਿਨਾਂ ਦੌਰੇ ’ਤੇ ਮੰਗਲਵਾਰ ਨੂੰ ਇੱਥੇ ਪਹੁੰਚੇ। ਇਸ ਦੌਰਾਨ ਉਹ 15ਵੇਂ ਬ੍ਰਿਕਸ ਸਿਖ਼ਰ ਸੰਮੇਲਨ ’ਚ ਹਿੱਸਾ ਲੈਣਗੇ ਅਤੇ ਕਈ ਵਿਸ਼ਵ ਨੇਤਾਵਾਂ ਨਾਲ ਦੁਵੱਲੀ ਬੈਠਕ ਕਰਨਗੇ। ਬ੍ਰਿਕਸ ਸਮੂਹ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਸ਼ਾਮਲ ਹਨ।

# ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਜਸਪ੍ਰੀਤ ਸਿੰਘ ਕਰਮਸਰ ਜੀ ਦੇ ਮਾਤਾ ਜੀ ਸਵ. ਮਾਤਾ ਸਤਵੀਰ ਕੌਰ ਜੀ ਨੂੰ ਦਿੱਤੀ ਸ਼ਰਧਾਂਜਲੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਜਸਪ੍ਰੀਤ ਸਿੰਘ ਕਰਮਸਰ ਜੀ ਦੇ ਮਾਤਾ ਜੀ ਸਵ. ਮਾਤਾ ਸਤਵੀਰ ਕੌਰ ਜੀ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਅੰਤਿਮ ਅਰਦਾਸ ਵਿੱਚ ਹਾਜ਼ਰੀਆਂ ਭਰ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਸ. ਜਸਪ੍ਰੀਤ ਸਿੰਘ ਕਰਮਸਰ ਜੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਤਾਰ ਭੇਂਟ ਕੀਤੀ ਗਈ।





# ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਸਹਾਇਤਾ ਕੇਂਦਰ ਮੁੜ ਸਥਾਪਤ









ਅੰਮ੍ਰਿਤਸਰ : ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਮਗਰੋਂ ਡੈਮਾਂ ਵਿੱਚ ਪਾਣੀ ਛੱਡੇ ਜਾਣ ਕਾਰਨ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਮੁੜ ਹੜ੍ਹ ਆ ਗਏ ਹਨ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਪੀੜਤਾਂ ਦੀ ਸਹਾਇਤਾ ਲਈ ਮੁੜ ਆਪਣੇ ਸਹਾਇਤਾ ਕੇਂਦਰ ਸਥਾਪਤ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਕੁਝ ਜ਼ਿਲ੍ਹਿਆਂ ਵਿੱਚ ਦੁਬਾਰਾ ਹੜ੍ਹ ਆਉਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਵੇਲੇ ਵਿੱਚ ਮਨੁੱਖਤਾ ਦੀ ਸੇਵਾ ਕਰਨਾ ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਹੈ ਅਤੇ ਗੁਰੂਆਂ ਦੇ ਦਰਸਾਏ ਮਾਰਗ ’ਤੇ ਚਲਦਿਆ ਸਿੱਖ ਸੰਸਥਾ ਲੋੜਵੰਦਾਂ ਲਈ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਦੌਰਾਨ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਲਈ ਰਿਹਾਇਸ਼, ਲੰਗਰ ਤੇ ਹੋਰ ਲੋੜੀਂਦੀਆਂ ਵਸਤਾਂ ਦੇ ਪ੍ਰਬੰਧ ਕੀਤੇ ਸਨ। ਇਸ ਦੇ ਨਾਲ-ਨਾਲ ਪਸ਼ੂਆਂ ਲਈ ਚਾਰੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ ਬਾਬਾ ਬਕਾਲਾ ਸਾਹਿਬ ਵਿੱਚ ਕੇਂਦਰ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਪੀੜਤਾਂ ਲਈ ਲੰਗਰ ਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਪੀਲ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਲੋਕ ਮਦਦ ਲਈ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਨ।

ਬਿਆਸ ਦਰਿਆ ਦੇ ਕੰਢੇ ਸ੍ਰੀ ਹਰਗੋਬਿੰਦਪੁਰ ਹਲਕੇ ਵਿੱਚ ਵਸੇ ਪਿੰਡਾਂ ਰੜਾ, ਟਾਹਲੀ, ਟਾਂਡਾ, ਆਦਿ ਅੰਦਰ ਹੜ੍ਹ ਕਾਰਨ ਘਰ ਛੱਡ ਚੁੱਕੇ ਪਰਿਵਾਰਾਂ ਨੂੰ ਅੱਜ ਪੰਜਵੇ ਦਿਨ ਗੁਰਦੁਆਰਾ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੋਂ ਸੇਵਾਦਾਰਾਂ ਤੇ ਵਲੰਟੀਅਰਾਂ ਨੂੰ ਨਾਲ ਲੈ ਲੰਗਰ ਪ੍ਰਸ਼ਾਦੇ ਤੇ ਦੁੱਧ ਦੀ ਸੇਵਾ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੇ ਨਿਰਦੇਸ਼ਾਂ ਅਨੁਸਾਰ ਸਿੱਖ ਸੰਸਥਾ ਵੱਲੋਂ ਮਾਨਵਤਾ ਭਲਾਈ ਦੇ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ।











ਹਲਕਾ ਸ੍ਰੀ ਹਰਗੋਬਿੰਦ ਪੁਰ, ਪਿੰਡ ਫੱਤੂ ਬਰਕਤ, ਮੌਜਪੁਰ, ਮਾੜੀ ਪੰਨੂਆ, ਕਾਹਨੂੰਵਾਨ ਦੀ ਛੰਭ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਰਪਾਲਾਂ ਵੰਡੀਆਂ। ਸਿੱਖ ਸੰਸਥਾ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮਾਨਵਤਾ ਭਲਾਈ ਦੇ ਕਾਰਜ ਕਰ ਰਹੀ ਹੈ।

# ਜੈਪੁਰ ਵਿਖੇ ਸ਼ਰਧਾ ਨਾਲ ਕੱਢੀ ਗਈ 'ਕੰਵਰ ਯਾਤਰਾ'





ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ

ਜੈਪੁਰ ਵਿਚ ਕੰਵਰ ਯਾਤਰਾ ਵਿਚ ਕਾਵਾਰੀਆਂ ਦੇ ਆਉਣ 'ਤੇ ਸ਼ਰਧਾਲੂਆਂ ਨੇ ਜਸ਼ਨ ਮਨਾਇਆ।

ਕੰਵਰ ਯਾਤਰਾ ਇੱਕ ਹਿੰਦੂ ਤੀਰਥ ਯਾਤਰਾ ਹੈ ਜੋ ਗੰਗਾ ਨਦੀ (ਜਾਂ ਪਵਿੱਤਰ ਪਾਣੀ ਦੇ ਨੇੜਲੇ ਸਰੋਤ) ਤੋਂ ਪਵਿੱਤਰ ਪਾਣੀ ਇਕੱਠਾ ਕਰਨ ਅਤੇ ਇਸ ਨੂੰ ਦੇਵਤਾ ਸ਼ਿਵ ਨੂੰ ਭੇਟ ਕਰਨ ਲਈ ਸ਼ਰਵਣ (ਜੁਲਾਈ-ਅਗਸਤ) ਦੇ ਮਹੀਨੇ ਵਿੱਚ ਕੀਤੀ ਜਾਂਦੀ ਹੈ। 'ਕੰਵਰ' ਸ਼ਬਦ ਬਾਂਸ ਦੇ ਖੰਭੇ ਨੂੰ ਦਰਸਾਉਂਦਾ ਹੈ ਜੋ ਪਾਣੀ ਨੂੰ ਚੁੱਕਣ ਲਈ ਵਰਤਿਆ ਜਾਂਦਾ ਹੈ ਅਤੇ ਸ਼ਰਧਾਲੂਆਂ ਨੂੰ 'ਕਵੜ ਯਾਤਰੀ' ਜਾਂ 'ਕੰਵਰੀਆਂ' ਵਜੋਂ ਜਾਣਿਆ ਜਾਂਦਾ ਹੈ।

ਕੰਵਰ ਯਾਤਰਾ ਦੀ ਸ਼ੁਰੂਆਤ ਬਾਰੇ ਬਹੁਤ ਸਾਰੀਆਂ ਕਹਾਣੀਆਂ ਹਨ ਪਰ ਸਭ ਤੋਂ ਪ੍ਰਸਿੱਧ ਇੱਕ ਹਿੰਦੂ ਮਿਥਿਹਾਸ ਵਿੱਚ ਦੁੱਧ ਦੇ ਸਮੁੰਦਰ ਦੇ ਰਿੜਕਣ ਨਾਲ ਜੁੜੀ ਹੋਈ ਹੈ। ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਸਮੁੰਦਰ ਨੂੰ ਰਿੜਕਿਆ, ਤਾਂ ਉਨ੍ਹਾਂ ਨੇ ਅਮਰਤਾ (ਅੰਮ੍ਰਿਤਾ) ਸਮੇਤ ਕਈ ਵੱਖੋ-ਵੱਖਰੀਆਂ ਚੀਜ਼ਾਂ ਜਾਰੀ ਕੀਤੀਆਂ। ਹਾਲਾਂਕਿ, ਉਨ੍ਹਾਂ ਨੇ ਜ਼ਹਿਰ ਹਲਾਲਾ ਸਮੇਤ ਕਈ ਹੋਰ ਚੀਜ਼ਾਂ ਵੀ ਜਾਰੀ ਕੀਤੀਆਂ। ਜ਼ਹਿਰ ਇੰਨਾ ਸ਼ਕਤੀਸ਼ਾਲੀ ਸੀ ਕਿ ਇਸ ਨੇ ਸੰਸਾਰ ਨੂੰ ਤਬਾਹ ਕਰਨ ਦੀ ਧਮਕੀ ਦਿੱਤੀ ਸੀ। ਭਗਵਾਨ ਸ਼ਿਵ, ਜੋ ਜ਼ਹਿਰ ਖਾਣ ਦੀ ਆਪਣੀ ਯੋਗਤਾ ਲਈ ਜਾਣੇ ਜਾਂਦੇ ਹਨ, ਨੇ ਸੰਸਾਰ ਨੂੰ ਬਚਾਉਣ ਲਈ ਸਵੈ-ਇੱਛਾ ਨਾਲ ਜ਼ਹਿਰ ਪੀ ਲਿਆ। ਉਸਨੇ ਜ਼ਹਿਰ ਪੀ ਲਿਆ, ਪਰ ਇਸ ਨਾਲ ਉਸਦਾ ਗਲਾ ਨੀਲਾ ਹੋ ਗਿਆ। ਸ਼ਿਵ ਦੀ ਜ਼ਹਿਰ ਤੋਂ ਉਭਰਨ ਵਿਚ ਮਦਦ ਕਰਨ ਲਈ, ਦੇਵਤਿਆਂ ਨੇ ਉਸ ਨੂੰ ਗੰਗਾ ਨਦੀ ਤੋਂ ਪਵਿੱਤਰ ਜਲ ਲਿਆਇਆ।

ਉਦੋਂ ਤੋਂ, ਕੰਵਰ ਯਾਤਰਾ ਹਿੰਦੂਆਂ ਲਈ ਸ਼ਿਵ ਪ੍ਰਤੀ ਆਪਣੀ ਸ਼ਰਧਾ ਦਿਖਾਉਣ ਅਤੇ ਸੰਸਾਰ ਨੂੰ ਜ਼ਹਿਰ ਤੋਂ ਬਚਾਉਣ ਲਈ ਉਸ ਦਾ ਧੰਨਵਾਦ ਕਰਨ ਦਾ ਇੱਕ ਤਰੀਕਾ ਹੈ। ਤੀਰਥ ਯਾਤਰਾ ਹਿੰਦੂਆਂ ਲਈ ਆਪਣੇ ਆਪ ਨੂੰ ਪਾਪ ਤੋਂ ਸ਼ੁੱਧ ਕਰਨ ਅਤੇ ਸ਼ਿਵ ਤੋਂ ਆਸ਼ੀਰਵਾਦ ਲੈਣ ਦਾ ਇੱਕ ਤਰੀਕਾ ਹੈ।

ਕੰਵਰ ਯਾਤਰਾ ਭਾਰਤ ਵਿੱਚ ਇੱਕ ਪ੍ਰਮੁੱਖ ਤੀਰਥ ਯਾਤਰਾ ਹੈ ਅਤੇ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਹਰ ਸਾਲ ਲੱਖਾਂ ਲੋਕ ਇਸ ਵਿੱਚ ਹਿੱਸਾ ਲੈਂਦੇ ਹਨ।

ਕੰਵਰ ਯਾਤਰਾ ਕਰਨ ਵਾਲੇ ਸ਼ਰਧਾਲੂ ਆਮ ਤੌਰ 'ਤੇ ਗੰਗਾ ਨਦੀ ਤੱਕ ਪਹੁੰਚਣ ਲਈ ਕਈ ਦਿਨਾਂ ਤੱਕ ਚੱਲਦੇ ਹਨ। ਉਹ ਪਾਣੀ ਨੂੰ ਕੰਵਰ ਵਿੱਚ ਲੈ ਜਾਂਦੇ ਹਨ, ਜਿਸ ਵਿੱਚ ਦੋ ਘੜੇ ਲੱਗੇ ਹੋਏ ਹਨ, ਜਿਸ ਵਿੱਚ ਬਾਂਸ ਦਾ ਇੱਕ ਖੰਭਾ ਹੁੰਦਾ ਹੈ। ਸ਼ਰਧਾਲੂ ਅਕਸਰ ਭਜਨ ਗਾਉਂਦੇ ਹਨ ਅਤੇ ਮੰਤਰ ਉਚਾਰਦੇ ਹਨ ਜਦੋਂ ਉਹ ਤੁਰਦੇ ਹਨ, ਅਤੇ ਉਹ ਪ੍ਰਾਰਥਨਾ ਕਰਨ ਲਈ ਰਸਤੇ ਵਿੱਚ ਮੰਦਰਾਂ ਵਿੱਚ ਵੀ ਰੁਕ ਸਕਦੇ ਹਨ। ਜਦੋਂ ਸ਼ਰਧਾਲੂ ਗੰਗਾ ਨਦੀ 'ਤੇ ਪਹੁੰਚਦੇ ਹਨ, ਉਹ ਪਾਣੀ ਵਿੱਚ ਇਸ਼ਨਾਨ ਕਰਦੇ ਹਨ ਅਤੇ ਫਿਰ ਘਰ ਵਾਪਸ ਜਾਣ ਲਈ ਕੁਝ ਪਾਣੀ ਇਕੱਠਾ ਕਰਦੇ ਹਨ। ਫਿਰ ਉਹ ਆਪਣੇ ਸਥਾਨਕ ਮੰਦਰਾਂ ਵਿੱਚ ਸ਼ਿਵ ਨੂੰ ਜਲ ਚੜ੍ਹਾਉਂਦੇ ਹਨ।

ਕੰਵਰ ਯਾਤਰਾ ਸਰੀਰਕ ਅਤੇ ਅਧਿਆਤਮਿਕ ਤੌਰ 'ਤੇ ਮੰਗ ਕਰਨ ਵਾਲੀ ਤੀਰਥ ਯਾਤਰਾ ਹੈ, ਪਰ ਇਹ ਸ਼ਰਧਾਲੂਆਂ ਲਈ ਬਹੁਤ ਲਾਭਦਾਇਕ ਅਨੁਭਵ ਵੀ ਹੈ। ਤੀਰਥ ਯਾਤਰਾ ਉਹਨਾਂ ਲਈ ਆਪਣੀ ਆਸਥਾ ਨਾਲ ਜੁੜਨ ਅਤੇ ਸ਼ਿਵ ਤੋਂ ਆਸ਼ੀਰਵਾਦ ਲੈਣ ਦਾ ਇੱਕ ਤਰੀਕਾ ਹੈ। ਇਹ ਉਹਨਾਂ ਲਈ ਕੁਦਰਤੀ ਸੰਸਾਰ ਦੀ ਸੁੰਦਰਤਾ ਦਾ ਅਨੁਭਵ ਕਰਨ ਅਤੇ ਉਹਨਾਂ ਦੇ ਵਿਸ਼ਵਾਸ ਨੂੰ ਸਾਂਝਾ ਕਰਨ ਵਾਲੇ ਹੋਰ ਲੋਕਾਂ ਨੂੰ ਮਿਲਣ ਦਾ ਇੱਕ ਤਰੀਕਾ ਵੀ ਹੈ।

## ਗੁਰਦੁਆਰਾ ਰਾਮਗੜ੍ਹੀਆ ਕੋਵੈਂਟਰੀ ਵਿਖੇ ਬੁੱਢਾ ਦਲ ਦੇ ਮੁਖੀ ਨੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਵਾਏ




ਸ੍ਰੀ ਅਨੰਦਪੁਰ ਸਾਹਿਬ : ਸਿੱਖ ਕੌਮ ਦੇ ਮਹਾਨ ਜਰਨੈਲ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਰਾਮਗੜ੍ਹੀਆ ਕੋਵੈਂਟਰੀ ਯੂ.ਕੇ ਵਿਖੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਥਾਨਕ ਸੰਗਤਾਂ, ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿੱਚ ਸਿੱਖਾਂ ਦੀ ਵਿਰਾਸਤ ਦੇ ਯਾਦਗਾਰੀ ਧਰੋਹਰ ਗੁਰੂ ਸਾਹਿਬਾਨਾਂ ਅਤੇ ਬੁੱਢਾ ਦਲ ਦੇ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸਤਰ ਵਿਸ਼ੇਸ਼ ਖਿੱਚ ਦਾ ਕੇਂਦਰ ਬਿੰਦੂ ਰਹੇ। ਸਥਾਨਕ ਸੰਗਤਾਂ ਏਨ੍ਹਾਂ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਨ ਲਈ ਕਈ ਦਿਨਾਂ ਤੋਂ ਉਡੀਕ ਕਰ ਰਹੀਆਂ ਸਨ। ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ਼ਸਤਰਾਂ ਦਾ ਇਤਿਹਾਸ ਅਤੇ ਬੁੱਢਾ ਦਲ ਦੇ ਮੁਖੀ ਜਥੇਦਾਰਾਂ ਦੀਆਂ ਲਾ-ਮਿਸਾਲ ਕੁਰਬਾਨੀਆਂ ਦੀ ਵੀ ਸਾਂਝ ਸੰਗਤਾਂ ਨਾਲ ਪਾਈ ਅਤੇ ਖਾਲਸਾਈ ਜੈਕਾਰਿਆਂ ਦੀ ਗੂੰਜ਼ ਵਿੱਚ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਸ੍ਰੀ ਸਾਹਿਬ, ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਢਾਲ, ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਖੰਜਰ, ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦੀ ਸ਼ਮਸ਼ੀਰ, ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਦਸਤਾਰ ਦਾ ਚੱਕਰ ਆਦਿ ਦੇ ਵਾਰੋਵਾਰੀ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ। ਇਸ ਸਮੇਂ ਪੰਥ ਪ੍ਰਸਿੱਧ ਕੀਰਨਤੀਏ ਭਾਈ ਜਗੀਰ ਸਿੰਘ ਜੱਗੀ ਨੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਸਹਿਯੋਗ ਨਾਲ ਵਧੀਆਂ ਪ੍ਰਬੰਧ ਕੀਤੇ।

## ਦਿੱਲੀ ਤੋਂ ਸਿੱਖ ਕੌਮ ਨੂੰ ਮਾਰ ਮੁਕਾਉਣ ਦੀਆਂ ਹਮੇਸ਼ਾਂ ਸਾਜਿਸ਼ਾਂ ਚਲਦੀਆਂ ਰਹੀਆਂ ਹਨ : ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

### ਬੁੱਢਾ ਦਲ ਦੇ ਜਰਨੈਲ ਹੀ ਲਾਲ ਕਿਲ੍ਹੇ 'ਤੇ ਫ਼ਤਿਹ ਦੇ ਕੇਸਰੀ ਨਿਸ਼ਾਨ ਝੁਲਾਉਂਦੇ ਰਹੇ ਹਨ



ਅੰਮ੍ਰਿਤਸਰ : ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਯੂ.ਕੇ. ਦੇ ਗੁਰੂ ਘਰਾਂ ਵਿੱਚ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ। ਜੋ ਬੀਤੀ 12 ਅਗਸਤ ਤੋਂ ਅਰੰਭ ਹੋ ਕੇ 29 ਅਗਸਤ ਤੱਕ ਚਲਣਗੇ। ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੀ ਪ੍ਰਚਾਰ ਯਾਤਰਾ ਸਮੇਂ ਸੰਗਤਾਂ ਨੂੰ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਗੁਰਦੁਆਰਾ ਸਿੰਘ ਸਭਾ ਡਰਬੀ ਪ੍ਰਿੰਸਿਸ ਸਟਰੀਟ ਵਿਖੇ ਸੰਗਤਾਂ ਦੇ ਵੱਡੇ ਇੱਕਠ ਨੂੰ ਸੰਬੋਧਨ ਕਰਦਿਆਂ ਬਾਬਾ ਬਲਬੀਰ ਸਿੰਘ ਨੇ ਕਿਹਾ ਸਿੱਖਾਂ ਲਈ ਦਿੱਲੀ ਸ਼ੁਰੂ ਤੋਂ ਹੀ ਜ਼ੁਲਮਾਂ ਤੇ ਮਨ-ਮਰਜੀਆਂ ਦੇ ਫ਼ਤਵੇ ਜਾਰੀ ਕਰਨ ਵਾਲੀ ਥਾਂ ਰਹੀ ਹੈ। ਦਿੱਲੀ ਦਾ ਲਾਲ ਕਿਲ੍ਹਾ ਪੂਰੇ ਭਾਰਤ ਦੀ ਰਾਜਸੀ ਸੱਤਾ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਇਥੋਂ ਦੇ ਸਿੰਘਾਸਨ ਤੋਂ ਸੱਚ ਹੱਕ ਤੇ ਨਿਆਂ ਦਾ ਪਹਿਰਾ ਦੇਣ ਵਾਲੇ ਗੁਰੂਆਂ, ਭਗਤਾਂ ਅਤੇ ਫਕੀਰਾਂ ਨੂੰ ਸਤਾਉਣ ਦੇ ਮਨਸੂਬੇ ਘੜੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਫਿਰ ਉਹ ਸਮਾਂ ਵੀ ਆਇਆ ਜਦੋਂ ਖਾਲਸੇ ਨੇ ਆਪਣੇ ਪੁਰਾਣੇ ਹਿਸਾਬ ਨੂੰ ਨਿਬੇੜਨ ਲਈ ਅਤੇ ਮੁਗਲਾਂ ਵੱਲੋਂ ਚਾੜੀ ਭਾਜੀ ਨੂੰ ਮੋੜਨ ਲਈ ਕਮਰ ਕੱਸੇ ਕੀਤੇ। ਉਨ੍ਹਾਂ ਕਿਹਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜੀਆ ਅਤੇ ਜਥੇਦਾਰ ਸਰਦਾਰ ਬਘੇਲ ਸਿੰਘ ਨੇ ਖਾਲਸਈ ਫੌਜਾਂ ਨਾਲ ਦਿੱਲੀ ਦੇ ਲਾਲ ਕਿਲ੍ਹੇ ਨੂੰ ਫ਼ਤਹਿ ਕੀਤਾ ਤੇ ਕੇਸਰੀ ਨਿਸ਼ਾਨ ਝੁਲਾ ਕੇ ਖ਼ਾਲਸਾ ਰਾਜ ਕਾਇਮ ਕੀਤਾ ਸੀ। ਸਿੱਖਾਂ ਨੇ 19 ਵਾਰ ਦਿੱਲੀ ਫ਼ਤਹਿ ਕੀਤੀ ਅਤੇ ਫਤਿਹ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨਾਲ ਸੰਬੰਧਿਤ ਅਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਤੇ ਗੁਰਦੁਆਰਿਆਂ ਦੀ ਉਸਾਰੀ ਕਰਵਾਈ।

ਬਾਬਾ ਬਲਬੀਰ ਸਿੰਘ ਨੇ ਕਿਹਾ ਬੁੱਢਾ ਦਲ ਦੇ ਚੌਥੇ ਜਥੇਦਾਰ ਖਾਲਸਾ ਪੰਥ ਵਲੋਂ 'ਸੁਲਤਾਨ-ਉਲ-ਕੌਮ' ਦੇ ਖ਼ਿਤਾਬ ਨਾਲ ਨਿਵਾਜੇ ਗਏ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖ ਰਾਜ ਦੇ ਇੱਕ ਅਨਮੋਲ ਹੀਰੇ ਸਨ। ਆਪ ਜੀ ਨੇ ਅਹਿਮਦ ਸ਼ਾਹ ਦੁੱਰਾਨੀ ਦੇ ਕਬਜ਼ੇ ਵਿਚੋਂ ਅਣਗਿਣਤ ਹਿੰਦੂ ਮਰਦ-ਔਰਤਾਂ ਨੂੰ ਛੁਡਾਇਆ ਅਤੇ ਜੰਗ ਦੇ ਮੈਦਾਨ ਵਿੱਚ 22 ਵੱਡੇ ਜ਼ਖਮ ਖਾ ਕੇ ਵੀ ਬੜੀ ਦਲੇਰੀ ਨਾਲ ਲੜਦੇ ਰਹੇ। ਆਪ ਇੱਕ ਧਰਮਵੀਰ, ਨਿਮਰ, ਦਾਨੀ ਤੇ ਵੱਡੇ ਸਦਾਚਾਰੀ ਸਨ। ਉਨ੍ਹਾਂ ਕਿਹਾ ਕਿ ਗੁਰੂ ਦਾ ਉਪਦੇਸ਼ ਹੈ ਸਿੱਖਾਂ ਨੂੰ ਬਾਣੀ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ।ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਸੰਸਾਰ ਪੱਧਰ ਦੇ ਸਿੱਖ ਮਿਊਜੀਅਮ ਦੇ ਦਰਸ਼ਨ ਵੀ ਕੀਤੇ। ਜਿਸ ਵਿਚ ਗੁਰੂ ਸਾਹਿਬਾਨ ਤੋਂ ਲੈ ਕੇ ਹੁਣ ਤੀਕ ਕੌਮੀ ਸ਼ਹੀਦਾਂ ਦੇ ਚਿੱਤਰ ਸਸ਼ੋਭਤ ਹਨ। ਸ. ਰਘਬੀਰ ਸਿੰਘ ਪ੍ਰਧਾਨ ਅਤੇ ਰਜਿੰਦਰ ਸਿੰਘ ਪੁਰੇਵਾਲ ਜਨਰਲ ਸਕੱਤਰ ਤੇ ਸਮੂਹ ਪ੍ਰਬੰਧਕਾਂ ਨੇ ਬੁੱਢਾ ਦਲ ਨੂੰ ਪੇਸ਼ਕਸ ਕੀਤੀ ਕਿ ਪਟਿਆਲਾ ਵਿਖੇ ਇਸੇ ਤਰਜ ਤੇ ਮਿਊਜੀਅਮ ਬਣਾਇਆ ਜਾਵੇ ਅਸੀਂ ਸਹਿਯੋਗ ਕਰਾਂਗੇ।

# ਯੋਗੀ ਨੇ ਅਯੁੱਧਿਆ ਵਿੱਚ ਰਾਮ ਮੰਦਰ ਨਿਰਮਾਣ ਕਾਰਜ ਦੀ ਪ੍ਰਗਤੀ ਦਾ ਲਿਆ ਜਾਇਜ਼ਾ





ਲਖਨਊ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਅਗਲੇ ਸਾਲ ਸ਼੍ਰੀ ਰਾਮ ਜਨਮ ਭੂਮੀ ਮੰਦਰ ਦੇ ਪ੍ਰਸਤਾਵਿਤ ਉਦਘਾਟਨ ਦੇ ਮੱਦੇਨਜ਼ਰ ਅਯੁੱਧਿਆ ਨੂੰ ਸੁੰਦਰ ਬਣਾਉਣ ਅਤੇ ਉੱਥੇ ਅਤਿ-ਆਧੁਨਿਕ ਸ਼ਹਿਰੀ ਸਹੂਲਤਾਂ ਨੂੰ ਯਕੀਨੀ ਬਣਾਉਣ।

ਇਸ ਤੋਂ ਪਹਿਲਾਂ ਅਯੁੱਧਿਆ ਦਾ ਦੌਰਾ ਕਰਨ ਵਾਲੇ ਆਦਿਤਿਆਨਾਥ ਨੇ ਲਖਨਊ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਅਤੇ ਮੰਦਰ ਦੇ ਸੁਰੱਖਿਆ ਪ੍ਰਬੰਧਨ ਲਈ ਕਾਰਜ ਯੋਜਨਾ 'ਤੇ ਚਰਚਾ ਕਰਨ ਲਈ ਇੱਕ ਉੱਚ ਪੱਧਰੀ ਮੀਟਿੰਗ ਕੀਤੀ।

ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਇਸ ਮੰਦਰ ਦੇ ਉਦਘਾਟਨ ਸਮਾਰੋਹ ਦੀ ਉਡੀਕ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ, 'ਹਰ ਸ਼ਰਧਾਲੂ ਅਯੁੱਧਿਆ ਦੇ ਦਰਸ਼ਨਾਂ ਲਈ ਉਤਸੁਕ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਅਯੁੱਧਿਆ ਦਾ ਵਿਕਾਸ ਤ੍ਰੇਤਾਯੁਗ ਦੀ ਮਹਿਮਾ ਅਨੁਸਾਰ ਕੀਤਾ ਜਾ ਰਿਹਾ ਹੈ।'

ਉਨ੍ਹਾਂ ਕਿਹਾ ਕਿ ਅਯੁੱਧਿਆ ਵਿੱਚ ਪ੍ਰਾਚੀਨ ਸੰਸਕ੍ਰਿਤੀ ਅਤੇ ਸੱਭਿਅਤਾ ਨੂੰ ਸੁਰੱਖਿਅਤ ਰੱਖਣ ਦੇ ਨਾਲ-ਨਾਲ ਸਰਕਾਰ ਭਵਿੱਖ ਦੀਆਂ ਲੋੜਾਂ ਦੇ ਮੱਦੇਨਜ਼ਰ ਅਤਿ-ਆਧੁਨਿਕ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਅਦਿੱਤਿਆਨਾਥ ਨੇ ਕਿਹਾ, 'ਪ੍ਰਧਾਨ ਮੰਤਰੀ ਦੇ ਵਿਜ਼ਨ ਦੇ ਅਨੁਸਾਰ ਤਿਆਰ ਅਯੁੱਧਿਆ ਦੇ ਸਰਵਪੱਖੀ ਵਿਕਾਸ ਲਈ ਹਰ ਪ੍ਰੋਜੈਕਟ ਸਰਕਾਰ ਦੀ ਤਰਜੀਹ ਹੈ।'

ਮੀਟਿੰਗ ਵਿੱਚ ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰਾਮ ਮੰਦਰ ਦੇ ਉਦਘਾਟਨ ਮੌਕੇ ਅਯੁੱਧਿਆ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਜਾਵੇ।

ਮੁੱਖ ਮੰਤਰੀ ਨੇ ਕਿਹਾ, 'ਮੱਟਾਂ ਅਤੇ ਮੰਦਰਾਂ ਨੂੰ ਪੇਂਟ ਕੀਤਾ ਜਾਣਾ ਚਾਹੀਦਾ ਹੈ। ਪੂਰੇ ਸ਼ਹਿਰ ਵਿੱਚ ਨਕਾਬਦਾਰ ਰੋਸ਼ਨੀ ਇੱਕ ਥੀਮ ਅਨੁਸਾਰ ਹੋਣੀ ਚਾਹੀਦੀ ਹੈ। ਸ਼ਹਿਰ ਵਿੱਚ ਕਿਤੇ ਵੀ ਪਾਣੀ ਭਰਨ ਨਹੀਂ ਚਾਹੀਦਾ ਅਤੇ ਨਾਲੀਆਂ ਨੂੰ ਢੱਕਿਆ ਜਾਣਾ ਚਾਹੀਦਾ ਹੈ'।

ਉਨ੍ਹਾਂ ਕਿਹਾ ਕਿ ਅਯੁੱਧਿਆ ਵਿੱਚ ਇਨ੍ਹਾਂ ਦਿਨਾਂ ਵਿੱਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਗਿਣਤੀ ਇੱਥੋਂ ਦੇ ਵਸਨੀਕਾਂ ਨਾਲੋਂ 100 ਗੁਣਾ ਵੱਧ ਹੈ। ਇਸ ਲਈ, ਸ਼ਹਿਰੀ ਵਿਕਾਸ ਵਿਭਾਗ ਨੂੰ ਸਫਾਈ ਲਈ ਵਿਸ਼ੇਸ਼ ਪ੍ਰਬੰਧ ਕਰਨੇ ਪੈਣਗੇ। ਅਯੁੱਧਿਆ ਵਿੱਚ ਵਾਧੂ ਸਫਾਈ ਕਰਮਚਾਰੀ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਜਨਮ ਭੂਮੀ ਮਾਰਗ, ਭਗਤੀ ਮਾਰਗ ਅਤੇ ਰਾਮ ਮਾਰਗ ਦੇ ਨਿਰਮਾਣ ਕਾਰਜ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ ਰੇਹੜੀ-ਫੜੀ ਵਾਲਿਆਂ ਨੂੰ ਮੁੱਖ ਸੜਕਾਂ ਦੇ ਨਾਲ-ਨਾਲ ਦੁਕਾਨਾਂ ਨਹੀਂ ਲਗਾਉਣੀਆਂ ਚਾਹੀਦੀਆਂ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਹੋਣੀ



ਚਾਹੀਦੀ ਹੈ।

ਮੀਟਿੰਗ ਵਿੱਚ ਮੰਦਰ ਦੇ ਸੁਰੱਖਿਆ ਪ੍ਰਬੰਧਾਂ ਲਈ ਕਾਰਜ ਯੋਜਨਾ ਦੀ ਸਮੀਖਿਆ ਕਰਦੇ ਹੋਏ ਆਦਿਤਿਆਨਾਥ ਨੇ ਕਿਹਾ ਕਿ ਮੰਦਰ, ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ।



ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਅਯੁੱਧਿਆ ਵਿੱਚ ਭਗਵਾਨ ਰਾਮ ਦੀ ਪੂਜਾ ਕਰਦੇ ਹੋਏ



ਅਦਾਕਾਰ ਰਜਨੀਕਾਂਤ ਅਯੁੱਧਿਆ ਦੇ ਰਾਮ ਲਾਲਾ ਮੰਦਿਰ 'ਚ ਪੂਜਾ ਕਰਨ ਤੋਂ ਬਾਅਦ ਤਸਵੀਰ ਖਿਚਵਾਉਂਦੇ ਹੋਏ।

# ਭਾਜਪਾ ਵਿਕਾਸ ਅਤੇ ਵਿਰਾਸਤ ਨੂੰ ਨਾਲ ਲੈ ਕੇ ਚੱਲ ਰਹੀ ਹੈ : ਨਰਿੰਦਰ ਮੋਦੀ

ਗੋਰਖਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੋਰਖਪੁਰ ਦਾ ਉਨ੍ਹਾਂ ਦਾ ਦੌਰਾ ਵਿਕਾਸ ਅਤੇ ਵਿਰਾਸਤ ਦੋਵਾਂ ਨੂੰ ਨਾਲ-ਨਾਲ ਲੈ ਕੇ ਜਾਣ ਦੀ ਭਾਜਪਾ ਸਰਕਾਰ ਦੀ ਨੀਤੀ ਦੀ ਮਿਸਾਲ ਹੈ।

ਗੋਰਖਪੁਰ ਵਿੱਚ ਗੀਤਾ ਪ੍ਰੈਸ ਦੇ ਸ਼ਤਾਬਦੀ ਸਮਾਰੋਹ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ, ਜਿਨ੍ਹਾਂ ਨੇ ਜ਼ਿਲ੍ਹੇ ਵਿੱਚ ਵੰਦੇ ਭਾਰਤ ਰੇਲ ਗੱਡੀਆਂ ਨੂੰ ਵੀ ਹਰੀ ਝੰਡੀ ਦਿਖਾਈ, ਕਿਹਾ ਕਿ ਪ੍ਰਕਾਸ਼ਨ ਘਰ ਕਰੋੜਾਂ ਲੋਕਾਂ ਲਈ ਇੱਕ 'ਮੰਦਿਰ' (ਮੰਦਰ) ਤੋਂ ਘੱਟ ਨਹੀਂ ਹੈ।

'ਇਹ ਦੇਸ਼ ਵਿੱਚ ਇੱਕੋ ਇੱਕ ਪ੍ਰਿੰਟਿੰਗ ਪ੍ਰੈਸ ਹੈ ਜੋ ਸਿਰਫ਼ ਇੱਕ ਸੰਸਥਾ ਨਹੀਂ ਹੈ, ਸਗੋਂ ਇੱਕ ਜੀਵਤ ਵਿਸ਼ਵਾਸ ਹੈ' ਉਸਨੇ ਕਿਹਾ।

1923 ਵਿੱਚ ਗੀਤਾ ਪ੍ਰੈਸ ਦੀ ਸਥਾਪਨਾ ਨੂੰ ਇੱਕ 'ਅਧਿਆਤਮਿਕ ਰੌਸ਼ਨੀ' ਵਜੋਂ ਦਰਸਾਉਂਦੇ ਹੋਏ, ਜੋ ਅੱਜ ਵੀ ਮਨੁੱਖਤਾ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ, ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਨੇ 100 ਸਾਲ ਪੂਰੇ ਹੋਣ 'ਤੇ ਪ੍ਰੈਸ ਨੂੰ ਗਾਂਧੀ ਸ਼ਾਂਤੀ ਪੁਰਸਕਾਰ ਪ੍ਰਦਾਨ ਕੀਤਾ ਹੈ। ਗਾਂਧੀ ਜੀ ਗੀਤਾ ਪ੍ਰੈਸ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਸਨ ਅਤੇ ਇਸ ਦੇ ਪ੍ਰਕਾਸ਼ਨ ਕਲਿਆਣ ਪੱਤਰਿਕਾ ਲਈ ਲਿਖਦੇ ਸਨ। ਉਨ੍ਹਾਂ ਨੇ ਹੀ ਕਲਿਆਣ ਪੱਤਰਿਕਾ ਨੂੰ ਬਿਨਾਂ ਕਿਸੇ ਇਸ਼ਤਿਹਾਰ ਦੇ ਪ੍ਰਕਾਸ਼ਿਤ ਕਰਨ ਦਾ ਸੁਝਾਅ ਦਿੱਤਾ ਸੀ। ਗੀਤਾ ਪ੍ਰੈਸ ਨੂੰ ਸਨਮਾਨ ਦੇਣਾ ਦੇਸ਼ ਦੀ ਵਿਰਾਸਤ ਦਾ ਸਨਮਾਨ ਕਰਨ ਦੇ ਬਰਾਬਰ ਹੈ।

ਗੀਤਾ ਪ੍ਰੈਸ ਦੇ ਸੰਸਥਾਪਕਾਂ - ਜੈਦਿਆਲ ਗੋਇੰਦਕਾ ਅਤੇ ਹਨੂੰਮਾਨ ਪ੍ਰਸਾਦ ਪੋਦਾਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, 'ਗੀਤਾ ਪ੍ਰੈਸ ਵਰਗੀਆਂ ਸੰਸਥਾਵਾਂ ਕੇਵਲ ਧਰਮ ਅਤੇ ਕਰਮ ਨਾਲ ਹੀ ਜੁੜੀਆਂ ਨਹੀਂ ਹਨ, ਸਗੋਂ ਉਹਨਾਂ ਦਾ ਇੱਕ



ਗੋਰਖਪੁਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤਰ ਪ੍ਰਦੇਸ਼ ਦੇ ਗੋਰਖਪੁਰ ਵਿੱਚ ਗੀਤਾ ਪ੍ਰੈਸ ਵਿੱਚ ਲੀਲਾ ਚਿੱਤਰ ਮੰਦਰ ਵਿੱਚ ਭਗਵਾਨ ਰਾਮ ਦੀ ਤਸਵੀਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ। (ਫਾਈਲ ਫੋਟੋ)

ਰਾਸ਼ਟਰੀ ਚਰਿੱਤਰ ਵੀ ਹੈ)। ਪ੍ਰੈਸ ਦੇ ਸੰਸਥਾਪਕਾਂ ਨੇ ਬਿਨਾਂ ਕਿਸੇ ਪ੍ਰਚਾਰ ਦੇ ਸਮਾਜ ਲਈ ਨਿਰਸਵਾਰਥ ਯੋਗਦਾਨ ਪਾਇਆ। ਇਸ ਨਾਲ ਬਹੁਤ ਸਾਰੇ ਲੋਕਾਂ ਦੀ ਅਧਿਆਤਮਿਕ ਅਤੇ ਬੌਧਿਕ ਸੰਤੁਸ਼ਟੀ ਹੋਈ ਅਤੇ ਬਹੁਤ ਸਾਰੇ ਸਮਰਪਿਤ ਨਾਗਰਿਕ ਪੈਦਾ ਹੋਏ।

ਗੀਤਾ ਪ੍ਰੈਸ, ਉਸਨੇ ਦਾਅਵਾ ਕੀਤਾ, ਦੇਸ਼ ਨੂੰ ਇਕਜੁੱਟ ਕਰਦਾ ਹੈ ਅਤੇ 15 ਭਾਸ਼ਾਵਾਂ ਵਿੱਚ ਲਗਭਗ 1,600 ਸਿਰਲੇਖ ਪ੍ਰਕਾਸ਼ਤ ਕਰਕੇ ਦੇਸ਼ ਦੇ ਹਰ ਕੋਨੇ ਵਿੱਚ ਆਪਣੀਆਂ 20 ਸ਼ਾਖਾਵਾਂ ਅਤੇ ਸਟੋਰਾਂ ਦੁਆਰਾ ਏਕਤਾ ਨੂੰ ਮਜ਼ਬੂਤ ਕਰਦਾ ਹੈ।

"ਗੀਤਾ ਪ੍ਰੈਸ 'ਏਕੇ ਭਾਰਤ, ਸ੍ਰੇਸ਼ਟ ਭਾਰਤ' (ਇਕ ਭਾਰਤ, ਮਹਾਨ ਭਾਰਤ) ਦੀ ਨੁਮਾਇੰਦਗੀ ਕਰਦੀ ਹੈ।

ਆਜ਼ਾਦੀ ਸੰਗਰਾਮ ਦੌਰਾਨ ਪਬਲਿਸ਼ਿੰਗ ਹਾਊਸ ਦੇ ਯੋਗਦਾਨ ਦਾ ਹਵਾਲਾ ਦਿੰਦੇ ਹੋਏ ਮੋਦੀ ਨੇ ਕਿਹਾ ਕਿ ਜਦੋਂ ਹਮਲਾਵਰ ਬਹੁਤ ਸਮਾਂ ਪਹਿਲਾਂ ਲਾਇਬ੍ਰੇਰੀਆਂ ਨੂੰ ਅੱਗ ਲਗਾ ਰਹੇ ਸਨ ਅਤੇ ਜਦੋਂ ਬ੍ਰਿਟਿਸ਼ ਸ਼ਾਸਨ ਦੌਰਾਨ 'ਗੁਰੂ ਅਤੇ ਗੁਰੂਕੁਲ' ਦੀ ਪ੍ਰੰਪਰਾ ਨੂੰ ਤਬਾਹ ਕੀਤਾ ਜਾ ਰਿਹਾ ਸੀ, ਤਾਂ ਸਾਡੀ ਵਿਰਾਸਤ ਨੂੰ ਅਸਲ ਸਮੇਂ ਵਿੱਚ ਖ਼ਤਰੇ ਦਾ ਸਾਹਮਣਾ ਕਰਨਾ ਪਿਆ ਸੀ।

"ਜ਼ਰਾ ਕਲਪਨਾ ਕਰੋ ਕਿ ਸਾਡਾ ਸਮਾਜ ਗੀਤਾ ਅਤੇ ਰਾਮਾਇਣ ਤੋਂ ਬਿਨਾਂ ਕਿਵੇਂ ਚੱਲ ਸਕਦਾ ਸੀ ?" ਉਸ ਨੇ ਪੁੱਛਿਆ।

ਗੀਤਾ ਦੀ ਇੱਕ ਤੁਕ "ਯਦਾ ਯਦਾ ਹੀ ਧਰਮਸਯ ਗਲਾਨਿਰ ਭਵਤੀ ਭਾਰਤ" (ਪਰਮਾਤਮਾ ਮਨੁੱਖ ਦੇ ਰੂਪ ਵਿੱਚ ਪੈਦਾ ਹੁੰਦਾ ਹੈ ਜਦੋਂ "ਅਧਰਮ" ਸ਼ਕਤੀਸ਼ਾਲੀ ਬਣ ਜਾਂਦਾ ਹੈ) ਦਾ ਹਵਾਲਾ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਗੀਤਾ ਪ੍ਰੈਸ ਨੇ 1923 ਵਿੱਚ "ਚੇਤਨਾ ਅਤੇ ਚਿੰਤਨ" (ਚੇਤਨਾ ਅਤੇ ਵਿਚਾਰ) ਦਾ ਕੰਮ ਸ਼ੁਰੂ ਕੀਤਾ ਸੀ। ਇਹ ਯਕੀਨੀ ਬਣਾਉਣਾ ਕਿ ਸਿਰਫ਼ ਗੀਤਾ ਹੀ ਨਹੀਂ ਬਲਕਿ ਹੋਰ ਗ੍ਰੰਥ ਵੀ ਹਰ ਘਰ ਤੱਕ ਪਹੁੰਚਦੇ ਹਨ।

### ਪੁਰਾਣੇ ਅਕਾਲੀ ਸਿੱਖਾਂ ਦੀ ਸਿੱਖ ਸਿਧਾਂਤਾਂ ਉੱਪਰ ਦ੍ਰਿੜਤਾ ਅਤੇ ਸੰਪਰਦਾਈ ਡੇਰਾਵਾਦੀ ਪ੍ਰਚਾਰ ਦੇ ਅਸਰ ਹੇਠ ਆਮ ਸਿੱਖ ਦੁਬਿਧਾ ਵਿੱਚ ਕਿਵੇਂ ਪਿਆ- ਗਿਆਨੀ ਹੀਰਾ ਸਿੰਘ ਦਰਦ ਦੀ ਹੱਡ ਬੀਤੀ

# ਗੁਰ-ਰੂਪ ਪੰਜ ਪਿਆਰਿਆਂ ਦੇ ਮਾਸ ਛਕਣ ਪ੍ਰਤੀ ਅਸਹਿਮਤੀ ਹੁਕਮ

**ਮਾਸ ਛੱਡਣ ਦਾ ਹੁਕਮ**

ਇਹ ਵੀ ਇਕ ਸੁਆਦਲੀ ਕਹਾਣੀ ਹੈ। ਪੂਰਾ ਧਰਮੀ ਬਣ ਕੇ ਜੀਵਨ ਵਿਚ ਕੁੱਝ ਬਣਨ ਤੇ ਕਰਨ ਦਾ ਸ਼ੌਕ ਬਚਪਨ ਤੋਂ ਹੀ ਮੇਰੇ ਵਿਚ ਰਚ ਗਿਆ ਸੀ। 1913 ਵਿਚ ਮੈਂ ਰਾਵਲ ਪਿੰਡੀ ਖਾਲਸਾ ਹਾਈ ਸਕੂਲ ਵਿਚ ਧਾਰਮਿਕ ਟੀਚਰ ਲੱਗਾ ਹੋਇਆ ਸਾਂ। ਉਦੋਂ ਮੈਂ ਸਮਝਦਾ ਸੀ ਕਿ ਧਰਮ ਕੀ ਕਰੜੀ ਤੋਂ ਕਰੜੀ ਪਾਬੰਦੀ ਨੂੰ ਪੂਰਾ ਕਰਨ ਨਾਲ ਹੀ ਸਿੱਖ਼ੀ ਵਿਚ ਪੂਰਨਤਾ ਹੋ ਸਕਦੀ ਹੈ ਅਤੇ ਧਰਮ ਵਿਚ ਪੂਰਨਤਾ ਪ੍ਰਾਪਤ ਕਰਨ ਵਾਲੇ ਵਿਚ ਰੂਹਾਨੀ ਸ਼ਕਤੀ ਪੈਦਾ ਹੋ ਜਾਂਦੀ ਹੈ। ਉਨ੍ਹਾਂ ਦਿਨਾਂ ਵਿਚ ਚੀਫ ਖਾਲਸਾ ਦੀਵਾਨ ਤੇ ਸਿੰਘ ਸਭਾ ਦੇ ਮੁਕਾਬਲੇ ਪੰਚ ਖਾਲਸਾ ਦੀਵਾਨ ਭਸੌੜ ਤੇ ਭਾਈ ਰਣਧੀਰ ਸਿੰਘ ਜੀ ਦੇ ਜਥੇ ਨੂੰ ਪੱਕੇ ਧਰਮੀ ਮੰਨਿਆ ਜਾਂਦਾ ਸੀ। ਇਹ ਰਹਿਤ ਮਰਯਾਦਾ ਦੀ ਪੱਕਿਆਈ ਤੇ ਧਾਰਮਿਕ ਪਵਿੱਤ੍ਰਤਾ ਉੱਪਰ ਬੜਾ ਜ਼ੋਰ ਦਿੰਦੇ ਸਨ। ਇਹ ਚਾਰ ਦੀ ਥਾਂ ਪੰਜ ਕੁਰਹਿਤਾਂ ਦੱਸਦੇ ਸਨ। ਬੇ-ਅੰਮ੍ਰਿਤੀਏ ਦਾ ਜੂਠਾ ਖਾਣਾ ਇਹ ਪੰਜਵੀਂ ਕੁਰਹਿਤ ਗਿਣਦੇ ਸਨ। ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਦਸਤਾਰ ਸਜਾਉਂਦੇ ਸਨ ਤੇ ਕਹਿੰਦੇ ਸਨ ਕਿ ਜੇ ਕਿਸੇ ਦੀ ਇਸਤਰੀ ਨੇ ਅੰਮ੍ਰਿਤ ਨਾ ਛਕਿਆ ਹੋਵੇ ਤਾਂ ਉਸ ਦੇ ਨਾਲ ਹੀ ਉਸ ਦੇ ਪਤੀ ਨੂੰ ਵੀ ਦੁਬਾਰਾ ਅੰਮ੍ਰਿਤ ਛਕਣਾ ਚਾਹੀਦਾ ਹੈ। ਇਹ ਸਰਬ ਲੋਹ ਦੇ ਬਰਤਨ ਵਰਤਦੇ ਸਨ। ਇਸ ਤਰ੍ਹਾਂ ਇਨ੍ਹਾਂ ਨੇ ਕਈ ਕਰੜੀਆਂ ਰਹਿਤਾਂ ਤੇ ਨੇਮ ਪੰਥ ਵਿਚ ਪੇਸ਼ ਕਰ ਕੇ ਲੋਕਾਂ ਦਾ ਧਿਆਨ ਖਿੱਚ ਲਿਆ ਸੀ।

ਮੈਨੂੰ ਧਰਮ ਤੇ ਧਾਰਮਿਕ ਸਿਧਾਂਤਾਂ ਦਾ ਡੂੰਘਾ ਗਿਆਨ ਨਹੀਂ ਸੀ। ਪਰ ਜਿਸ ਤਰ੍ਹਾਂ ਆਮ ਜੀਵਨ ਵਿਚ ਕੁੱਦ ਕੇ ਮੁਹਰਲੀ ਕਤਾਰ ਵਿਚ ਖੜੇ ਹੋਣ ਲਈ ਮੇਰਾ ਦਿਲ ਉਲਛਦਾ ਰਹਿੰਦਾ ਸੀ, ਇਸੇ ਤਰ੍ਹਾਂ ਧਰਮ ਦੀ ਕਰੜੀ ਤੋਂ ਕਰੜੀ ਮਰਯਾਦਾ ਨੂੰ ਪੂਰਾ ਕਰਨ ਵਿਚ ਪਿੱਛੇ ਰਹਿਣਾ ਵੀ ਮੈਂ ਆਪਣੀ ਹਤਕ ਤੇ ਕਮਜ਼ੋਰੀ ਸਮਝਦਾ ਸੀ। ਇਸ ਵਾਸਤੇ ਜਦੋਂ ਮੈਂ ਬਾਬੂ ਮਲ ਸਿੰਘ ਤੋਂ ਰਣਧੀਰ ਸਿੰਘ ਜੀ ਦੀ ਵਡਿਆਈ ਸੁਣੀ ਤੇ ਸਿੱਖੀ ਵਿਚ ਆਪਣੀਆਂ ਕਮਜ਼ੋਰੀਆਂ ਮਹਿਸੂਸ ਕੀਤੀਆ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਤੇ ਉਨ੍ਹਾਂ ਦੇ ਪਵਿੱਤਰ ਹੱਥੀਂ ਦੁਬਾਰਾ ਅੰਮ੍ਰਿਤ ਛਕਣ ਦਾ ਸ਼ੌਕ ਜਾਗ ਉਠਿਆ।

ਬਾਬੂ ਮਲ ਸਿੰਘ ਹੁਰਾਂ ਨੇ ਚੱਕ ਨੰ: 19 (ਲਾਇਲਪੁਰ) ਵਿਚ ਇਕ ਉਚੇਚਾ ਸਮਾਗਮ ਰੱਖਿਆ। ਸੰਤ ਰਣਧੀਰ ਸਿੰਘ ਜੀ ਦੇ ਜਥੇ ਨੂੰ ਸੱਦਾ ਭੇਜਿਆ ਅਤੇ ਅਖੰਡ ਪਾਠ ਰੱਖ ਕੇ ਪੂਰਨ ਵਿਧੀ ਨਾਲ ਅੰਮ੍ਰਿਤ ਪ੍ਰਚਾਰ ਕਰਨ ਦਾ ਪ੍ਰਬੰਧ ਕੀਤਾ। ਮੈਨੂੰ ਰਾਵਲਪਿੰਡੀ ਤੋਂ ਉਚੇਚਾ ਇਸ ਸਮਾਗਮ ਉੱਤੇ ਬੁਲਾਇਆ ਗਿਆ ਤਾਂ ਜੋ ਮੈਂ ਵੀ ਆਪਣੀ ਪੂਰੀ ਤਰ੍ਹਾਂ ਸੁਧਾਈ ਕਰ ਕੇ ਨਵੇਂ ਸਿਰੇ ਪੂਰਨ ਗੁਰਸਿੱਖਾਂ ਦੇ ਹੱਥੋਂ ਅੰਮ੍ਰਿਤ ਪਾਨ ਕਰ ਕੇ ਆਪਣਾ ਜਨਮ ਸਫਲ ਕਰਾਂ।

ਮੈਂ ਬੜੇ ਚਾਉ ਭਰੇ ਦਿਲ ਨਾਲ ਉਥੇ ਪਹੁੰਚ ਗਿਆ। ਅਖੰਡ ਪਾਠ, ਸ਼ਬਦ ਕੀਰਤਨ, ਜਗਿਯਸੂਆਂ ਦਾ ਸਣ-ਕੇਸੀਂ ਅਸ਼ਨਾਨ, ਨਿਤਨੇਮ ਆਦਿਕ ਸਭ ਮਰਯਾਦਾਂ ਪੂਰੀ ਵਿਧੀ ਨਾਲ ਕਰਨ ਮਗਰੋਂ ਅੰਮ੍ਰਿਤ ਛਕਾਇਆ ਗਿਆ। ਰਹਿਤ ਮਰਯਾਦਾ ਦੀ ਸਿੱਖਿਆ ਦੇਣ ਸਮੇਂ ਪੰਜਾਂ ਪਿਆਰਿਆਂ ਦੇ ਜਥੇਦਾਰ ਭਾਈ ਰਣਧੀਰ ਸਿੰਘ ਨੇ ਕੁਰਹਿਤਾਂ ਚਾਰ ਦੀ ਥਾਂ ਪੰਜ ਦੱਸੀਆਂ। ਇਕ ਕੁਰਹਿਤ ਇਹ ਵੀ ਦੱਸੀ 'ਮਾਸ ਖਾਣਾ ਕੁਰਹਿਤ ਹੈ' ਇਹ ਸੁਣ ਕੇ ਮੈਂ ਹੈਰਾਨ ਹੋ ਗਿਆ। ਮੇਰੇ ਦਿਲ ਉੱਤੇ ਭਾਈ ਰਣਧੀਰ ਸਿੰਘ ਦੇ ਭਜਨੀਕ ਹੋਣ ਦਾ ਬੜਾ ਪ੍ਰਭਾਵ ਪਾਇਆ ਗਿਆ ਸੀ, ਪਰ ਹੁਣ ਮੈਂ ਬੋਲਣੋਂ ਨਾ ਰਹਿ ਸਕਿਆ, 'ਜਥੇਦਾਰ ਜੀ ਮੈਂ ਹੁਣ ਤਕ ਇਹੋ ਪੜਿਆ ਸੁਣਿਆ ਹੈ ਕਿ ਕੁੱਠਾ ਮਾਸ ਖਾਣਾ ਕੁਰਹਿਤ ਹੈ ਪਰ ਤੁਸੀਂ ਮਾਸ ਖਾਣ ਨੂੰ ਹੀ ਕੁਰਹਿਤ ਦੱਸ ਰਹੇ ਹੋ। ਕੀ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਪੁਰਾਤਨ ਸਿੰਘ ਝਟਕਾ ਮਹਾਂ ਪ੍ਰਸ਼ਾਦ ਨਹੀਂ ਛਕਦੇ ਸਨ ?। ਕੀ ਅੰਮ੍ਰਿਤ ਛਕਾਉਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੱਕਰੇ ਨਹੀਂ ਝਟਕਾਏ ਸਨ ? ਮੈਂ ਤਾਂ ਕਿਤੇ ਵੀ ਨਹੀਂ ਪੜਿਆ ਕਿ ਗੁਰੂ ਜੀ ਨੇ ਮਾਸ ਖਾਣਾ ਬੰਦ ਕੀਤਾ ਹੈ।'

ਭਾਈ ਰਣਧੀਰ ਸਿੰਘ- 'ਤਵਾਰੀਖਾਂ ਵਿਚ ਬਹੁਤ ਮਿਲਾਵਟ ਹੈ। ਗੁਰੂ ਗੋਬਿੰਦ ਸਿੰਘ ਨੇ ਪੰਜ ਬੱਕਰੇ ਨਹੀਂ ਸਨ ਝਟਕਾਏ, ਬਲਕਿ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਸੱਚਮੁੱਚ ਝਟਕਾ ਕੇ ਮੁੜ ਆਪਣੀ ਸ਼ਕਤੀ ਨਾਲ ਸੁਰਜੀਤ ਕੀਤਾ ਸੀ। ਮਹਾਂ ਪ੍ਰਸ਼ਾਦ ਕੜਾਹ ਪ੍ਰਸ਼ਾਦ ਨੂੰ ਕਿਹਾ ਜਾਂਦਾ ਹੈ, ਨਾ ਕਿ ਮਾਸ ਨੂੰ। ਗੁਰੂ ਗ੍ਰੰਥ ਸਾਹਿਬ ਵਿਚ ਮਾਸ ਦੀ ਸਾਫ ਮਨਾਹੀ ਹੈ। ਦੇਖੋ'-

ਜੇ ਰਤ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵੇ ਮਾਣਸਾ ਤਿੰਨ ਕਿਉ ਨਿਰਮਲ ਚੀਤ॥

ਮੈਂ- 'ਖਿਮਾ ਕਰਨੀ ਜਥੇਦਾਰ ਜੀ, ਮੇਰੀ ਆਪ ਦੇ ਇਸ ਕਥਨ ਨਾਲ ਤਸੱਲੀ ਨਹੀਂ ਹੋਈ। ਗੁਰਬਾਣੀ ਦੀ ਇਸ ਤੁਕ ਵਿਚ ਮਾਸ ਦੀ ਨਿਖੇਧੀ ਨਹੀਂ ਬਲਕਿ ਜਬਰ ਜ਼ੁਲਮ ਤੇ ਵੱਢੀਆਂ ਨਾਲ ਮਨੁੱਖਾਂ ਦੇ ਲਹੂ ਪੀਣ ਦੀ ਨਿਖੇਧੀ ਹੈ।'

ਮੇਰੀ ਗੱਲ ਸੁਣ ਕੇ ਜਥੇਦਾਰ ਸਾਹਿਬ ਜੋਸ਼ ਵਿਚ ਆ ਗਏ ਤੇ ਬੋਲੇ, 'ਤੁਸੀਂ ਇਥੇ ਜਗਿਆਸੂ ਦੀ ਹੈਸੀਅਤ ਵਿਚ ਸਿੱਖੀ ਦੀ ਦਾਤ ਲੈਣ ਲਈ ਗੁਰੂ ਦੇ ਹਜ਼ੂਰ ਆਏ ਹੋ।' 'ਹਾਂ ਜੀ ਠਕਿ ਹੈ।' 'ਪੰਜ ਪਿਆਰੇ ਗੁਰੂ ਰੂਪ ਹੁੰਦੇ ਹਨ।' 'ਹਾਂ ਜੀ।' ਫਿਰ ਤੁਸੀਂ ਹੁਜਤਾਂ ਕਰਨੀਆਂ ਛੱਡ ਦਿਉ, ਅਸੀਂ ਪੰਜ ਪਿਆਰੇ ਗੁਰੂ-ਰੂਪ ਜੋ ਆਪ ਨੂੰ ਹੁਕਮ ਦਿੰਦੇ ਹਾਂ, ਉਹ ਆਪ ਨੂੰ ਮੰਨਣਾ ਪਏਗਾ। ਅਸੀਂ ਤੁਹਾਨੂੰ



ਗਿਆਨੀ ਹੀਰਾ ਸਿੰਘ ਦਰਦੀ

ਹੁਕਮ ਦਿੰਦੇ ਹਾਂ ਕਿ ਤੁਸੀਂ ਮਾਸ ਨਹੀਂ ਖਾਣਾ। ਮਾਸ ਖਾਉਗੇ ਤਾਂ ਕੁਰਹਿਤੀਏ ਬਣ ਜਾਉਗੇ।'

ਮੈਂ ਚੁੱਪ ਹੋ ਗਿਆ। ਉਨ੍ਹਾਂ ਦੀ ਇਸ ਗੱਲ ਦਾ ਮੈਨੂੰ ਕੋਈ ਉੱਤਰ ਨਾ ਅਹੁੜਿਆ। ਉੱਝ ਵੀ ਮੈਂ ਭਾਈ ਰਣਧੀਰ ਸਿੰਘ ਦੇ ਧਾਰਮਿਕ ਪ੍ਰਭਾਵ ਤੋਂ ਕੁੱਝ ਡਰ ਰਿਹਾ ਸਾਂ, ਮਤਾਂ ਗੁਰੂ ਰੂਪ ਪੰਜ ਪਿਆਰੇ ਮੇਰੇ ਉੱਤੇ ਨਾਰਾਜ਼ ਹੋ ਕੇ ਮੈਨੂੰ ਅੰਮ੍ਰਿਤ ਤੋਂ ਵਾਂਝਿਆਂ ਨਾ ਰੱਖ ਦੇਣ। ਮੈਂ ਸਤਿ ਬਚਨ ਆਖ ਕੇ ਉਨ੍ਹਾਂ ਦਾ ਹੁਕਮ ਪ੍ਰਵਾਨ ਕਰ ਲਿਆ ਅਤੇ ਮਾਸ ਖਾਣਾ ਛੱਡ ਦਿੱਤਾ।

**ਮਾਸ ਛਕਣ ਦਾ ਹੁਕਮ**

ਇਹ ਗੱਲ ਸ਼ਾਇਦ 1917 ਦੀ ਹੈ। ਮੈਂ ਇਸ ਸਮੇਂ ਧਾਰਮਿਕ ਜੀਵਨ ਦੀ ਪਰਪੱਕਤਾ ਦੇ ਦੌਰ ਵਿਚੋਂ ਦੀ ਲੰਘ ਰਿਹਾ ਸਾਂ। ਸੰਤ ਤੇਜਾ ਸਿੰਘ ਅਮਰੀਕਾ ਤੋਂ ਨਵੇਂ ਮੁੜ ਕੇ ਆਏ ਸਨ। ਸੰਤ ਅਤਰ ਸਿੰਘ ਜੀ ਦੇ ਨਿਕਟਵਰਤੀ ਸਨ। ਹੁਣ ਖਾਲਸਾ ਹਾਈ ਸਕੂਲ ਕਲੇਰ ਦੇ ਮੋਢੀ ਪ੍ਰਬੰਧਕ ਸਨ। ਇਨ੍ਹਾਂ ਦੀ ਸੰਗਤ ਦੀ ਖਿੱਚ ਮੈਨੂੰ ਕਲੇਰ ਵਿਚ ਧੂਹ ਕੇ ਲੈ ਆਈ।

ਉਦੋਂ ਖਾਲਸਾ ਹਾਈ ਸਕੂਲ ਕਲੇਰ ਦੇ ਹੈੱਡ ਮਾਸਟਰ ਤਾਰਾ ਸਿੰਘ ਜੀ ਸਨ। ਸ: ਲਾਲ ਸਿੰਘ ਕਮਲਾ ਅਕਾਲੀ, ਗਿ: ਗੁਰਮਖ ਸਿੰਘ ਮੁਸਾਫਰ, ਮਾਸਟਰ ਸੁਜਾਨ ਸਿੰਘ ਸਰਹਾਲੀ ਆਦਿ ਵੀ ਉਥੇ ਅਧਿਆਪਕ ਸਨ। ਮਾਸਟਰ ਤਾਰਾ ਸਿੰਘ ਜੀ ਝੱਟਕਾ ਮਹਾਂ ਪ੍ਰਸ਼ਾਦ ਛਕਣ ਦੈ ਸ਼ੌਕੀਨ ਸਨ। ਉਹ ਤਾਂ ਇਥੋਂ ਤਕ ਕਹਿੰਦੇ ਸਨ ਕਿ ਜਿਹੜਾ ਮਹਾਂ ਪ੍ਰਸ਼ਾਦ ਨਹੀਂ ਛਕਦਾ ਉਹ ਸਿੱਖ਼ ਨਹੀਂ ਹੈ। ਉਨ੍ਹਾਂ ਦਿਨਾਂ ਵਿਚ ਮੈਂ ਉਵੇਂ ਵੀ ਮਹਾਂ ਪ੍ਰਸ਼ਾਦ ਛਕਣਾ ਛੱਡਿਆ ਹੋਇਆ ਸੀ। ਮਾਸਟਰ ਜੀ ਨੂੰ ਅਜੇ ਤੱਕ ਇਹ ਪਤਾ ਨਹੀਂ ਲੱਗਾ ਸੀ ਕਿ ਮੈਂ ਮਾਸ ਨਹੀਂ ਛਕਦਾ।

ਕਲੇਰ ਖਾਲਸਾ ਹਾਈ ਸਕੂਲ ਵਿਚ ਰਹਿੰਦਿਆਂ ਸਹਿਜੇ ਸਹਿਜੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲੱਗ ਗਿਆ ਕਿ ਮੈਂ ਮਾਸ ਨਹੀਂ ਖਾਂਦਾ। ਉਹ ਬੜੇ ਹੈਰਾਨ ਹੋਏ। ਉਹ ਮੇਰੇ ਬੜੇ ਮਿਤਰ ਸਨ। ਉਨ੍ਹਾਂ ਹੋਰ ਮਾਸਟਰਾਂ ਨੂੰ ਕਿਹਾ ਗਿਆਨੀ ਹੀਰਾ ਸਿੰਘ ਦਾ ਇਹ ਭੁਲੇਖਾ ਮੈਂ ਕੱਢਾਂਗਾ।

ਮਾਸਟਰ ਤਾਰਾ ਸਿੰਘ ਦੀ ਥਿਊਰੀ ਸੀ ਕਿ ਜੋ ਝਟਕਾ ਮਾਸ ਨਹੀਂ ਖਾਂਦਾ ਉਹ ਸਿੱਖ ਨਹੀਂ। ਇਕ ਦਿਨ ਨਦੀ ਕਿਨਾਰੇ ਜਾ ਕੇ ਬੱਕਰਾ ਝਟਕਾਉਣ ਤੇ ਛੁੱਟੀ ਮਨਾਉਣ ਦੀ ਤਜਵੀਜ਼ ਹੋਈ। ਸਕੂਲ ਵਿਚ ਹੀ ਮੇਰੇ ਬਾਰੇ ਗੱਲ ਛਿੜ ਪਈ। ਮਾਸਟਰਾਂ ਨੇ ਮਾਸਟਰ ਤਾਰਾ ਸਿੰਘ ਨੂੰ ਕਿਹਾ ਕਿ ਮੈਂ ਪਿਕਨਿਕ ਵਿਚ ਨਹੀਂ ਹੋਣਾ ਕਿਉਂਕਿ ਮੈਂ ਮਾਸ ਨਹੀਂ ਖਾਂਦਾ।

ਮਾਸਟਰ ਤਾਰਾ ਸਿੰਘ ਜੀ ਨੇ ਮੈਨੂੰ ਪੁੱਛਿਆ, 'ਕੀ ਗੱਲ ਹੈ ? ਤੁਸੀਂ ਕਦੋਂ ਤੋਂ ਅਹਿੰਸਾਵਾਦੀ ਬਣ ਗਏ ? ਮੈਂ ਤੁਹਾਨੂੰ ਇਕ ਸੂਰਬੀਰ ਖਾਲਸਾ ਸਮਝਦਾ ਸਾਂ।' 'ਮੈਂ ਅਹਿੰਸਾਵਾਦੀ ਨਹੀਂ ਹਾਂ, ਮਾਸਟਰ ਜੀ।' ਮੈਂ ਉੱਤਰ ਦਿੱਤਾ। 'ਲੋੜ ਪੈਣ 'ਤੇ ਮੈਂ ਮੈਦਾਨੇ ਜੰਗ ਵਿਚ ਜ਼ਾਲਮਾਂ ਵਿਰੁੱਧ ਲੜਨ ਲਈ ਹਰ ਵੇਲੇ ਤਿਆਰ ਹਾਂ।' 'ਫੇਰ ਕੀ ਗੱਲ ਹੈ ? ਕੀ ਮਾਸ ਖਾਣਾ ਤੁਸੀਂ ਪਾਪ ਸਮਝਦੇ ਹੋ ?' ਮੈਂ ਸੋਚਣ ਲੱਗ ਪਿਆ, ਫਿਰ ਆਖਿਆ, 'ਇਹ ਗੱਲ ਤਾਂ ਨਹੀਂ।' ਮਾਸਟਰ ਜੀ ਬੋਲੇ 'ਮੇਰਾ ਖਿਆਲ ਹੈ ਤੁਸੀਂ ਜਦੋਂ ਲਾਇਲਪੁਰ ਰਹਿੰਦੇ ਸੀ ਮੈਨੂੰ ਮਿਲਦੇ ਹੁੰਦੇ ਸੀ, ਸਾਡੇ ਘਰ ਵੀ ਆਉਂਦੇ ਹੁੰਦੇ ਸੀ ਤੇ ਮਾਸ ਛਕਦੇ ਹੁੰਦੇ ਸੀ।' ਮੈਂ ਕਿਹਾ, 'ਇਹ ਵੀ ਠਕਿ ਹੈ।' ਮਾਸਟਰ ਜੀ ਨੇ ਪੁੱਛਿਆ,'ਫਿਰ ਇਹ ਤੁਹਾਨੂੰ ਕੀ ਬੀਮਾਰੀ ਚੰਬੜ ਗਈ ? ਖੁੱਲ੍ਹ ਕੇ ਕਿਉਂ ਨਹੀਂ ਦੱਸਦੇ ?'

ਹੁਣ ਮੈਂ ਮਾਸਟਰ ਤਾਰਾ ਸਿੰਘ ਜੀ ਨੂੰ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ ਕਿ ਕਿਸ ਤਰ੍ਹਾਂ ਮੈਂ ਸਿੱਖੀ ਵਿਚ ਪੂਰਨਤਾ ਪ੍ਰਾਪਤ ਕਰਨ ਦੀ ਲਗਨ ਵਿਚ ਬਾਰ ਵਿਚ ਭਾਈ ਰਣਧੀਰ ਸਿੰਘ ਤੋਂ ਅੰਮ੍ਰਿਤ ਛਕਣ ਗਿਆ ਸਾਂ ਤੇ ਕਿਸ ਤਰ੍ਹਾਂ ਭਾਈ ਰਣਧੀਰ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਗੁਰੂ ਰੂਪ ਦੱਸ ਕੇ ਮੈਨੂੰ ਹੁਕਮ ਦੇ ਕੇ ਮਾਸ ਖਾਣਾ ਬੰਦ ਕੀਤਾ ਸੀ। ਮੈਂ ਕਿਹਾ, ਮੈਂ ਹੁਣ ਗੁਰੂ-ਰੂਪ ਪੰਜ ਪਿਆਰਿਆਂ ਦੇ ਹੁਕਮ ਦਾ ਬੱਧਾ ਹਾਂ। ਇਹ ਹੁਕਮ ਤੋੜ ਕੇ ਮੈਂ ਕਿਵੇਂ ਮਾਸ ਖਾਵਾਂ ?'

ਇਹ ਸੁਣ ਕੇ ਮਾਸਟਰ ਤਾਰਾ ਸਿੰਘ ਜੀ ਖਿੜ ਖਿੜਾ ਕੇ ਹਸ ਪਏ। ਫਿਰ ਬੋਲੇ, 'ਮੈਂ ਤੁਹਾਡੇ ਪੱਕੇ ਸਿੱਖੀ ਵਿਸ਼ਵਾਸ ਉੱਤੇ ਬਹੁਤ ਖੁਸ਼ ਹਾਂ। ਤੁਸੀਂ ਹੁਣ ਵੀ ਇਹ ਗੱਲ ਮੰਨਦੇ ਹੋ ਨਾ ਕਿ ਪੰਜ ਪਿਆਰੇ ਗੁਰੂ-ਰੂਪ ਹੁੰਦੇ ਹਨ ਤੇ ਉਨ੍ਹਾਂ ਦਾ ਹੁਕਮ ਮੰਨਣਾ ਚਾਹੀਦਾ ਹੈ ?' ਮੈਂ ਕਿਹਾ, 'ਹਾਂ ਜੀ, ਕਿਉਂ ਨਹੀਂ ਮੰਨਣਾ ?' 'ਹੱਛਾ ਤਾਂ ਚਲੋ ਗੁਰਦਵਾਰੇ ਵਿਚ।'

ਸਣੇ ਹੋਰ ਸਾਰੇ ਮਾਸਟਰਾਂ ਦੇ ਮੈਨੂੰ ਮਾਸਟਰ ਜੀ ਗੁਰਦਵਰੇ ਵਿਚ ਲੈ ਗਏ। ਚਾਰ ਹੋਰ ਤਿਆਰ ਬਰ ਤਿਆਰ ਸਿੱਖ ਮਾਸਟਰਾਂ ਨੂੰ ਨਾਲ ਲੈ ਕੇ ਮਾਸਟਰ ਜੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠ ਗਏ। ਅਰਦਾਸ ਕਰ ਕੇ ਮਾਸਟਰ ਜੀ ਖੜੇ ਹੋ ਕੇ ਮੈਨੂੰ ਸੰਬੋਧਨ ਕਰ ਕੇ ਬੋਲੇ, 'ਗਿਆਨੀ ਹੀਰਾ ਸਿੰਘ ਸੁਣੋ, ਅਸੀਂ ਪੰਜ ਪਿਆਰੇ ਗੁਰੂ-ਰੂਪ ਗ੍ਰੰਥ ਸਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦਿੰਦੇ ਹਾਂ ਕਿ ਤੁਸੀਂ ਮਾਸ ਜ਼ਰੂਰ ਖਾਇਆ ਕਰੋ ਕਿਉਂਕਿ ਜੋ ਸਿੱਖ ਝਟਕਾ ਮਾਸ ਨਹੀਂ ਖਾਂਦੇ ਉਹ ਸਿੱਖ ਨਹੀਂ ਹੁੰਦੇ।

ਇਹ ਸੁਣ ਕੇ ਮੇਰੀਆਂ ਅੱਖਾਂ ਖੁਲ੍ਹ ਗਈਆਂ। ਮਾਸਟਰ ਜੀ ਦੀ ਅਮਲੀ ਦਲੀਲ ਨੇ ਮੈਨੂੰ ਮੇਰੀ ਭੁੱਲ ਸਾਫ ਕਰ ਦਿੱਤੀ। ਮੈਂ ਮਹਿਸੂਸ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਨੇ ਉਦੋਂ ਪੰਜ ਪਿਆਰਿਆਂ ਵਿਚ ਗੁਰੂ ਰੂਪ ਦਾ ਅਧਿਕਾਰ ਮੰਨ ਕੇ ਜੋ ਮੈਨੂੰ ਹੁਕਮ ਦਿੱਤਾ ਸੀ ਉਹ ਉਨ੍ਹਾਂ ਦੇ ਅਖਤਿਆਰ ਤੋਂ ਬਾਹਰ ਸੀ। ਮਾਸਟਰ ਜੀ ਨੇ ਤਾਂ ਇਕ ਉਸ ਦਲੀਲ ਨਾਲ ਮੇਰਾ ਭੁਲੇਖਾ ਕੱਢਨ ਲਈ ਸਾਰਾ ਪ੍ਰਬੰਧ ਕੀਤਾ ਸੀ। ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗੱਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ ਰੂਪ ਬਣ ਕੇ ਹਰ ਕਿਸਮ ਦੇ ਹੁਕਮ ਦੇ ਸਕਦੇ ਹਨ।

ਖੇਰ ਉਸ ਦਿਨ ਤੋਂ ਮਾਸ ਖਾਣਾ ਆਰੰਭ ਕਰ ਦਿੱਤਾ ਪਰ ਇਤਿਹਾਸ, ਬਾਣੀ ਦੇ ਸਿਧਾਂਤਾਂ ਦੇ ਮੁਤਾਲਿਆ ਮਗਰੋਂ ਮੈਂ ਇਸ ਨਤੀਜੇ ਉੱਤੇ ਪੁੱਜ ਗਿਆ ਕਿ ਮਾਸ ਖਾਣ ਜਾਂ ਨਾ ਖਾਣ ਦਾ ਧਰਮ ਨਾਲ ਕੋਈ ਸਬੰਧ ਨਹੀਂ। ਇਸ ਦਾ ਸਬੰਧ ਵਧੇਰੇ ਸਿਹਤ ਤੇ ਨਿੱਜੀ ਰੁਚੀਆਂ ਨਾਲ ਹੈ। ਗੁਰੂ, ਪੰਜ ਪਿਆਰੇ ਅਤੇ ਸਿੱਖ ਮਰਯਾਦਾ ਦੀਆਂ ਰਹਿਤਾਂ ਤੇ ਨੇਮਾਂ ਉੱਪਰ ਮੈਂ ਮਗਰੋਂ ਸਮਾਜਿਕ ਤੇ ਇਤਿਹਾਸਕ ਤੌਰ ਉੱਤੇ ਵਿਚਾਰ ਕਰਦਾ ਰਿਹਾ। ਬੁੱਧ, ਇਸਾਈ ਇਸਲਾਮ ਤੇ ਹਿੰਦੂ ਮੱਤ ਦੇ ਇਤਿਹਾਸ ਵੀ ਪੜ੍ਹੇ, ਜਿਸ ਤੋਂ ਮੈਂ ਇਸ ਸਿੱਟੇ ਉੱਤੇ ਪੁੱਜਿਆ ਕਿ ਹਰ ਇਕ ਮਜ਼ ?ਹਬੀ ਪ੍ਰਥਾ ਤੇ ਰਿਵਾਜ ਉੱਪਰ ਸਮਾਜਿਕ, ਇਤਿਹਾਸਕ ਅਸਰ ਪੈਂਦੇ ਰਹਿੰਦੇ ਹਨ ਤੇ ਇਨ੍ਹਾਂ ਵਿਚ ਤਬਦੀਲਆਂ ਵੀ ਹੁੰਦੀਆਂ ਰਹਿੰਦੀਆਂ ਹਨ। ਆਰਥਿਕ ਜਮਾਤਾਂ, ਧਰਮ ਤੇ ਮਜ਼੍ਹਬ ਦੇ ਰਿਵਾਜਾਂ ਨੂੰ ਆਪਣੇ ਲਾਭ ਲਈ ਵਰਤਦੀਆਂ ਰਹਿੰਦੀਆਂ ਹਨ। ਧਰਮ ਦਾ ਤੱਤ ਤੇ ਰੂਪ ਦੋਹਾਂ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਹੀ ਅਸਲੀਅਤ ਲੱਭ ਸਕਦੀ ਹੈ। ਕੇਵਲ ਪ੍ਰਤੱਖ ਦਿਸਦੇ ਮਜ਼੍ਹਬੀ ਰੂਪਾਂ ਨਾਲ ਕਾਫੀ ਭੁਲੇਖੇ ਤੇ ਗੁਮਰਾਹੀਆਂ ਫੈਲਾਈਆਂ ਜਾਂਦੀਆਂ ਹਨ।

ਗੁਰਮੁਖ ਸਿੰਘ ਮਿਚਨੀ
ਸਿੰਘ ਸਭਾ ਕਨੇਡਾ
ਪੂਰਨਪੁਰ ਉੱਤਰ ਪ੍ਰਦੇਸ਼

# ਪਰਵਾਸੀ ਲੇਖਿਕਾ ਗੁਰਦੀਸ਼ ਕੌਰ ਗਰੇਵਾਲ (ਕੈਲਗਿਰੀ) ਦੀ ਅੱਠਵੀਂ ਕਿਤਾਬ

## ਗੋਸਲ ਪ੍ਰਕਾਸ਼ਨ ਨੇ ਛਾਪੀ 'ਆ ਨੀ ਚਿੜੀਏ' ਰਿਲੀਜ਼

ਲੁਧਿਆਣਾ, (ਬਲਬੀਰ ਸਿੰਘ ਬੱਬੀ) ਗੋਸਲ ਪ੍ਰਕਾਸ਼ਨ ਵੱਲੋਂ ਪ੍ਰਵਾਸੀ ਲੇਖਿਕਾ ਗੁਰਦੀਸ਼ ਕੌਰ ਗਰੇਵਾਲ ਦੀ ਛਾਪੀ ਅੱਠਵੀਂ ਪੁਸਤਕ 'ਆ ਨੀ ਚਿੜੀਏ' ਅੱਜ ਇੱਥੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਰਿਲੀਜ਼ ਕੀਤੀ ਗਈ। ਗੋਸਲ ਪ੍ਰਕਾਸ਼ਨ ਦੇ ਐਮ. ਡੀ ਗੁਰਦੀਪ ਸਿੰਘ ਮੰਡਹਾਰ ਨੇ ਦੱਸਿਆ ਕਿ ਪੁਸਤਕ ਵਿੱਚ ਬੱਚਿਆਂ ਲਈ 29 ਕਵਿਤਾਵਾਂ ਹਨ ਜੋ ਸ਼ਾਨਦਾਰ ਤਸਵੀਰਾਂ ਲਗਾ ਕੇ ਛਾਪੀ ਗਈ ਹੈ। ਅੱਜ ਦੇ ਰਿਲੀਜ਼ ਸਮਾਗਮ ਵਿੱਚ ਸੰਤ ਸਮਾਜ ਦੇ ਆਗੂ ਸ਼ਮਸੇਰ ਸਿੰਘ ਜਗੇੜਾ, ਗੁਰੂ ਨਾਨਕ ਗਰੁੱਪ ਆਫ ਕਾਲਜ਼ ਦੇ ਮਾਲਕ ਡਾ. ਬਲਵਿੰਦਰ ਸਿੰਘ ਵਾਲੀਆ, ਵਿਸ਼ਵ ਕਵੀ ਸਭਾ ਦੇ ਪ੍ਰਧਾਨ ਜੋਗਿੰਦਰ ਸਿੰਘ ਕੰਗ, ਸਭਾ ਦੇ ਜਨਰਲ ਸਕੱਤਰ ਐਡਵੋਕੇਟ ਕਿਰਪਾਲ ਸਿੰਘ ਕਾਲੜਾ, ਸਰਬਜੀਤ ਸਿੰਘ ਵਿਰਦੀ, ਅਮਰਜੀਤ ਸਿੰਘ ਸ਼ੇਰਪੁਰੀ, ਬਲਕੌਰ ਸਿੰਘ ਗਿੱਲ, ਅਮਰਜੀਤ ਕੌਰ ਨੂਰੀ, ਗੁਰਵਿੰਦਰ ਸਿੰਘ ਗਿੱਲ, ਹਰਦੇਵ ਸਿੰਘ ਕਲਸੀ, ਭੁਪਿੰਦਰ ਸਿੰਘ ਸੈਣੀ, ਸੁਰਜੀਤ ਸਿੰਘ ਜੀਤ, ਐਡਵੋਕੇਟ ਦਰਸਨ ਸਿੰਘ ਰਾਏ, ਗੁਰੂ ਨਾਨਕ ਆਯੂਰਵੈਦਿਕ ਕਾਲਜ਼ ਦੇ ਪ੍ਰਿੰਸੀਪਲ ਮੈਡਮ ਸ਼ਰਮਾ, ਪ੍ਰਭਕਿਰਨ ਸਿੰਘ,ਤੋਂ ਇਲਾਵਾ ਕਾਲਜ਼ ਦੇ ਬਹੁਤ ਸਾਰੇ ਵਿਦਿਆਰਥੀ ਹਾਜਿਰ ਸਨ।




ਬੁਲਾਰਿਆਂ ਨੇ ਕਿਤਾਬ ਵਾਰੇ ਗੱਲ ਕਰਦੇ ਹੋਏ ਕਿਹਾ ਕਿ ਅੱਜ ਸਮੇਂ ਦੀ ਵੱਡੀ ਲੋੜ ਹੈ ਕਿ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਿਆ ਜਾਵੇ। ਇਸ ਲਈ ਉਹਨਾਂ ਦੇ ਪੱਧਰ ਦੀਆਂ ਕਿਤਾਬਾਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ ਇਸ ਲਈ ਲੇਖਿਕਾ ਗੁਰਦੀਸ਼ ਕੌਰ ਗਰੇਵਾਲ ਤੇ ਗੋਸਲ ਪ੍ਰਕਾਸ਼ਨ ਵਾਲੇ ਵਧਾਈ ਦੇ ਹੱਕਦਾਰ ਹਨ।

*1984 ਸਿੱਖ ਨਸਲਕੁਸ਼ੀ*

# ਅਦਾਲਤ ਦੇ ਬਾਹਰ ਸਿੱਖਾਂ ਦੇ ਕਾਤਿਲ ਜਗਦੀਸ਼ ਟਾਈਟਲਰ ਦਾ ਪਿੱਟ ਸਿਆਪਾ

## • ਅਦਾਲਤ ਦੇ ਬਾਹਰ ਬੁਚੱੜ ਜਗਦੀਸ਼ ਟਾਈਟਲਰ ਦੇ ਖਿਲਾਫ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ










ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ



ਨਵੀਂ ਦਿੱਲੀ: ਅੱਜ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦਿੱਲੀ ਦੀ ਰੌਜ਼ ਐਵੇਨਿਊ ਕੋਰਟ ਦੇ ਬਾਹਰ ਧਰਨਾ ਦਿੱਤਾ।

ਸੁਣਵਾਈ ਦੌਰਾਨ ਅਦਾਲਤ ਨੇ ਸ੍ਰੀ ਟਾਈਟਲਰ ਨੂੰ ਸੈਸ਼ਨ ਅਦਾਲਤ ਵੱਲੋਂ ਲਾਈ ਸ਼ਰਤ ਅਨੁਸਾਰ ਜ਼ਮਾਨਤ ਬਾਂਡ ਭਰਨ ਲਈ ਕਿਹਾ। ਇਸ ਤੋਂ ਬਾਅਦ, ਉਸ ਨੂੰ ਸੈਸ਼ਨ ਕੋਰਟ ਦੇ ਨਿਰਦੇਸ਼ਾਂ ਅਨੁਸਾਰ 1 ਲੱਖ ਦਾ ਜ਼ਮਾਨਤ ਬਾਂਡ ਭਰਨਾ ਹੋਵੇਗਾ।

ਟਾਈਟਲਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿੱਚ ਸੈਸ਼ਨ ਅਦਾਲਤ ਨੇ ਸ਼ੁੱਕਰਵਾਰ ਨੂੰ ਉੱਤਰੀ ਦਿੱਲੀ ਦੇ ਇੱਕ ਗੁਰਦੁਆਰੇ ਵਿੱਚ ਅੱਗ ਲਗਾਉਣ ਦੇ ਮਾਮਲੇ ਵਿੱਚ ਅਗਾਊਂ ਜ਼ਮਾਨਤ ਦੇ ਦਿੱਤੀ ਸੀ।

ਕੇਂਦਰੀ ਜਾਂਚ ਬਿਊਰੋ ਨੇ 20 ਮਈ ਨੂੰ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 1984 ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ। ਸੰਸਦ ਨੂੰ ਚਾਰਜਸ਼ੀਟ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਸੀ.ਬੀ.ਆਈ. ਦੀ ਜਾਂਚ ਦੌਰਾਨ ਰਿਕਾਰਡ 'ਤੇ ਸਬੂਤ ਸਾਹਮਣੇ ਆਏ ਕਿ 1 ਨਵੰਬਰ 1984 ਨੂੰ ਉਕਤ ਦੋਸ਼ੀਆਂ ਨੇ ਦਿੱਲੀ ਦੇ ਆਜ਼ਾਦ ਮਾਰਕਿਟ ਸਥਿਤ ਗੁਰਦੁਆਰਾ ਪੁਲ ਬੰਗਸ਼ ਵਿਖੇ ਇਕੱਠੀ ਹੋਈ ਭੀੜ ਨੂੰ ਕਥਿਤ ਤੌਰ 'ਤੇ ਭੜਕਾਇਆ, ਭੜਕਾਇਆ ਅਤੇ ਉਕਸਾਇਆ, ਜਿਸ ਦੇ ਨਤੀਜੇ ਵਜੋਂ ਗੁਰਦੁਆਰਾ ਪੁਲ ਬੰਗਸ਼ ਨੂੰ ਸਾੜ ਦਿੱਤਾ ਗਿਆ ਅਤੇ ਕਤਲ ਕਰ ਦਿੱਤਾ ਗਿਆ। ਦੁਕਾਨਾਂ ਨੂੰ ਸਾੜਨ ਅਤੇ ਲੁੱਟਣ ਤੋਂ ਇਲਾਵਾ ਭੀੜ ਵੱਲੋਂ ਕਤਲੇਆਮ ਕੀਤਾ ਗਿਆ ਇਥੇ ਇਹ ਜਿਕਰਯੋਗ ਹੈ ਕੀ ਭਾਰਤ ਸਰਕਾਰਾ ਅਤੇ ਉਸਦੇ ਕਰਿਦਿਆ ਵਲੋਂ ਪੂਰੇ ਭਾਰਤ ਚ ਲਗਾਤਾਰ ਤਿੰਨ ਦਿੱਨ ਸਿੱਖਾਂ ਦੀਆ ਧੀਆ ਭੈਣਾ ਮਾਵਾਂ ਦਾ ਬਲਾਤਕਾਰ ਕੀਤਾ ਗਿਆ ਗਲਾ ਚ ਟਾਇਰ ਪਾਕੇ ਸਾੜਿਆ ਗਿਆ ਸਭ ਕੁਝ ਲੁੱਟ ਲਿਆ ਗਿਆ ਅੱਜ ਤੱਕ ਕਿਸੇ ਨੂੰ ਸਜਾ ਨਹੀ ਹੋਈ

# ਜੂਨੀਅਰ ਮਹਿਲਾ ਹਾਕੀ: ਭਾਰਤ ਨੇ ਸਪੇਨ ਨੂੰ 2-1 ਨਾਲ ਹਰਾਇਆ

## ਭਾਰਤ ਲਈ ਅਨੂ ਤੇ ਸਾਕਸ਼ੀ ਰਾਣਾ ਨੇ ਕੀਤੇ ਇੱਕ-ਇੱਕ ਗੋਲ





ਡਸੇਲਡੋਰਫ (ਜਰਮਨੀ) : ਭਾਰਤੀ ਜੂਨੀਅਰ ਮਹਿਲਾ ਹਾਕੀ ਟੀਮ ਨੇ ਅੱਜ ਇੱਥੇ ਚਾਰ ਦੇਸ਼ਾਂ ਦੇ ਟੂਰਨਾਮੈਂਟ 'ਚ ਸਪੇਨ ਨੂੰ 2-1 ਨਾਲ ਹਰਾ ਦਿੱਤਾ। ਭਾਰਤ ਲਈ ਅਨੂ (21ਵੇਂ ਮਿੰਟ) ਅਤੇ ਸਾਕਸ਼ੀ ਰਾਣਾ (47ਵੇਂ ਮਿੰਟ) ਨੇ ਇਕ-ਇਕ ਗੋਲ ਕੀਤਾ। ਸਪੇਨ ਲਈ ਇੱਕੋ-ਇੱਕ ਗੋਲ ਲੀਮਾ ਟੈਰੇਸਾ (23ਵਾਂ) ਨੇ ਕੀਤਾ। ਮੈਚ ਦੇ ਪਹਿਲੇ ਕੁਆਰਟਰ ਵਿੱਚ ਦੋਵਾਂ ਟੀਮਾਂ ਨੇ ਲੈਅ ਹਾਸਲ ਕਰ ਕੇ ਦਬਦਬਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਭਾਰਤੀ ਟੀਮ ਨੇ ਜ਼ਿਆਦਾ ਹਮਲਾ ਕਰਨ 'ਤੇ ਧਿਆਨ ਦਿੱਤਾ ਪਰ ਸਪੇਨ ਦੇ ਡਿਫੈਂਸ ਨੇ ਉਸ ਨੂੰ ਗੋਲ ਕਰਨ ਦਾ ਮੌਕਾ ਨਹੀਂ ਦਿੱਤਾ। ਪਹਿਲਾ ਕੁਆਰਟਰ ਗੋਲ ਰਹਿਤ ਰਹਿਣ ਤੋਂ ਬਾਅਦ ਦੂਜੇ ਕੁਆਰਟਰ ਵਿਚ ਦੋਵੇਂ ਟੀਮਾਂ ਨੇ ਖੇਡ ਦੀ ਰਫ਼ਤਾਰ ਵਧਾਉਣ 'ਤੇ ਜ਼ੋਰ ਦਿੱਤਾ। ਇਸ ਦੌਰਾਨ ਭਾਰਤੀ ਟੀਮ ਨੇ ਲੀਡ ਲੈਣ ਲਈ ਪੂਰਾ ਜ਼ੋਰ ਲਾਇਆ ਅਤੇ ਉਸ ਨੂੰ ਇਸ ਦਾ ਫਾਇਦਾ ਵੀ ਮਿਲਿਆ। ਅਨੂ ਨੇ 21ਵੇਂ ਮਿੰਟ ਵਿੱਚ ਮੈਦਾਨੀ ਗੋਲ ਕਰ ਕੇ ਟੀਮ ਦਾ ਖਾਤਾ ਖੋਲ੍ਹਿਆ। ਹਾਲਾਂਕਿ ਭਾਰਤੀ ਟੀਮ ਦੀ ਇਹ ਲੀਡ ਜ਼ਿਆਦਾ ਦੇਰ ਨਹੀਂ ਰਹੀ ਅਤੇ ਦੋ ਮਿੰਟ ਬਾਅਦ ਹੀ ਟੈਰੇਸਾ ਦੇ ਮੈਦਾਨੀ ਗੋਲ ਨੇ ਸਕੋਰ 1-1 ਨਾਲ ਬਰਾਬਰ ਕਰ ਦਿੱਤਾ। ਮੈਚ ਦੇ ਤੀਜੇ ਕੁਆਰਟਰ ਵਿੱਚ ਵੀ ਦੋਵਾਂ ਟੀਮਾਂ ਦੇ ਡਿਫੈਂਸ ਨੇ ਸ਼ਾਨਦਾਰ ਖੇਡ ਦਿਖਾਈ।

# ਮਰਹੂਮ ਦੋਸਤ ਦੀ ਨਾਬਾਲਗ ਧੀ ਨੂੰ ਗਰਭਵਤੀ ਕਰਨ ਵਾਲਾ ਦਿੱਲੀ ਮਹਿਲਾ ਤੇ ਵਿਕਾਸ ਵਿਭਾਗ ਦਾ ਡਿਪਟੀ ਡਾਇਰੈਕਟਰ ਮੁਅੱਤਲ

## ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ, ਪਤਨੀ ਖ਼ਿਲਾਫ਼ ਵੀ ਕੇਸ ਦਰਜ






ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

ਨਵੀਂ ਦਿੱਲੀ : ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਸਰਕਾਰ ਦੇ ਉਸ ਅਧਿਕਾਰੀ ਨੂੰ ਮੁਅੱਤਲ ਕਰਨ ਦਾ ਹੁਕਮ ਜਾਰੀ ਕੀਤਾ, ਜਿਸ ’ਤੇ ਨਾਬਾਲਗ ਨਾਲ ਕਈ ਵਾਰ ਬਲਾਤਕਾਰ ਕਰਨ ਅਤੇ ਉਸ ਨੂੰ ਗਰਭਵਤੀ ਕਰਨ ਦਾ ਦੋਸ਼ ਹੈ। ਇਸ ਦੌਰਾਨ ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਵਿੱਚ ਮੁੱਖ ਸਕੱਤਰ ਤੋਂ ਸ਼ਾਮ 5 ਵਜੇ ਤੱਕ ਰਿਪੋਰਟ ਮੰਗੀ ਹੈ। ਪੁਲੀਸ ਨੇ ਐਤਵਾਰ ਨੂੰ ਕਿਹਾ ਸੀ ਕਿ ਦਿੱਲੀ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀ ਖ਼ਿਲਾਫ਼ ਆਪਣੇ ਦੋਸਤ ਦੀ ਨਾਬਾਲਗ ਧੀ ਨਾਲ ਕਈ ਵਾਰ ਬਲਾਤਕਾਰ ਕਰਨ ਅਤੇ ਉਸ ਨੂੰ ਗਰਭਵਤੀ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੀੜਤਾ ਦੇ ਪਿਤਾ ਦਾ 1 ਅਕਤੂਬਰ 2020 ਨੂੰ ਦੇਹਾਂਤ ਹੋ ਗਿਆ ਸੀ ਅਤੇ ਉਦੋਂ ਤੋਂ ਉਹ ਮੁਲਜ਼ਮ ਅਤੇ ਉਸ ਦੇ ਪਰਿਵਾਰ ਨਾਲ ਉਨ੍ਹਾਂ ਦੇ ਘਰ ਰਹਿ ਰਹੀ ਸੀ। ਮੁਲਜ਼ਮ ਦਿੱਲੀ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਹੈ।

**ਮੁਲਜ਼ਮ ਦੀ ਪਤਨੀ ਖ਼ਿਲਾਫ਼ ਵੀ ਕੇਸ ਦਰਜ :** ਮੁਲਜ਼ਮ ਨੇ 2020 ਤੋਂ 2021 ਦਰਮਿਆਨ ਪੀੜਤਾ ਨਾਲ ਕਥਿਤ ਤੌਰ ‘ਤੇ ਵਾਰ-ਵਾਰ ਬਲਾਤਕਾਰ ਕੀਤਾ, ਜਿਸ ਦੌਰਾਨ ਮੁਲਜ਼ਮ ਦੀ ਪਤਨੀ ਨੇ ਵੀ ਕਥਿਤ ਤੌਰ ‘ਤੇ ਉਸ ਦੀ ਮਦਦ ਕੀਤੀ। ਪੁਲੀਸ ਸੂਤਰ ਨੇ ਕਿਹਾ ਕਿ ਮੁਲਜ਼ਮ ਦੀ ਪਤਨੀ ਖ਼ਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ। ਪੀੜਤਾ 12ਵੀਂ ਵਿੱਚ ਪੜ੍ਹਦੀ ਹੈ। ਉਹ ਮੁਲਜ਼ਮ ਨੂੰ ਗਿਰਜਾਘਰ ਵਿੱਚ ਮਿਲੀ, ਜਿੱਥੇ ਉਹ ਅਕਸਰ ਆਉਂਦਾ ਰਹਿੰਦਾ ਸੀ। 2020 ‘ਚ ਪੀੜਤਾ ਦੇ ਪਿਤਾ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਹ ਡਿਪ੍ਰੈਸ਼ਨ ‘ਚ ਚਲੀ ਗਈ। ਮੁਲਜ਼ਮ ਉਸ ਦੀ ਮਦਦ ਕਰਨ ਦੇ ਬਹਾਨੇ ਆਪਣੇ ਘਰ ਲੈ ਗਿਆ। ਪੁਲੀਸ ਨੇ ਦੱਸਿਆ ਕਿ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਪੀੜਤਾ ਗਰਭਵਤੀ ਹੋਈ ਤਾਂ ਮੁਲਜ਼ਮ ਵੱਲੋਂ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ। ਪੀੜਤਾ ਨੇ ਜਦੋਂ ਸਾਰੀ ਗੱਲ ਮੁਲਜ਼ਮ ਦੀ ਪਤਨੀ ਨੂੰ ਸੁਣਾਈ ਤਾਂ ਉਸ ਨੇ ਉਸ ਦੀ ਮਦਦ ਕਰਨ ਦੀ ਬਜਾਏ ਉਸ ਦੇ ਭਰੂਣ ਦਾ ਗਰਭਪਾਤ ਕਰਵਾ ਦਿੱਤਾ। ਔਰਤ ਨੇ ਆਪਣੇ ਪੁੱਤਰ ਤੋਂ ਬਾਜ਼ਾਰ ਤੋਂ ਗਰਭਪਾਤ ਦੀਆਂ ਗੋਲੀਆਂ ਮੰਗਵਾਈਆਂ ਤੇ ਲੜਕੀ ਨੂੰ ਦਿੱਤੀਆਂ। ਫਿਲਹਾਲ ਲੜਕੀ ਦਾ ਹਸਪਤਾਲ ‘ਚ ਇਲਾਜ ਚੱਲ ਰਿਹਾ ਹੈ। ਪੁਲੀਸ ਨੇ ਉਸ ਦੇ ਬਿਆਨ ਦਰਜ ਕਰ ਲਏ ਹਨ ਅਤੇ ਇੱਕ ਵਾਰ ਜਦੋਂ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਂਦੀ ਹੈ, ਪੁਲੀਸ ਉਸ ਨੂੰ ਸਥਾਨਕ ਮੈਜਿਸਟ ?ਰੇਟ ਕੋਲ ਬਿਆਨ ਦਰਜ ਕਰਵਾਉਣ ਲਈ ਲੈ ਜਾਵੇਗੀ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਕਰਵਾਏ ਨੈਤਿਕ ਸਿੱਖਿਆ ਇਮਤਿਹਾਨ ’ਚ ਜ਼ਿਲ੍ਹਾ ਹੁਸ਼ਿਆਰਪੁਰ ਦੇ 45 ਸਕੂਲਾਂ ਦੇ 4000 ਵਿਦਿਆਰਥੀਆਂ ਨੇ ਹਿੱਸਾ ਲਿਆ



ਹੁਸ਼ਿਆਰਪੁਰ, (ਰਵਿੰਦਰ ਸਿੰਘ) : ਪਿਛਲੇ 5 ਦਹਾਕਿਆਂ ਤੋਂ ਨਿਰੋਲ ਧਾਰਮਿਕ ਅਤੇ ਸਮਾਜ ਸੇਵੀ ਕਾਰਜਾਂ ਲਈ ਯਤਨਸ਼ੀਲ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਜਿੱਥੇ ਸਮਾਜ ਵਿੱਚ ਅਨੇਕਾਂ ਲੋਕ ਭਲਾਈ ਕਾਰਜ ਨਿਰੰਤਰ ਜਾਰੀ ਹਨ, ਉੱਥੇ ਜੱਥੇਬੰਦੀ ਦੀ ਅਕਾਦਮਿਕ ਕੌਂਸਲ ਵਲੋਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਅੰਡੇਮਾਨ ਦੇ ਸਕੂਲਾਂ ਵਿਚ ਕਰਵਾਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਜਿਲ੍ਹਾ ਹੁਸ਼ਿਆਰਪੁਰ ਜ਼ੋਨ ਦੇ 45 ਸਕੂਲਾਂ ਦੇ 4000 ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਹੁਸ਼ਿਆਰਪੁਰ ਜ਼ੋਨ ਦੇ ਜ਼ੋਨਲ ਪ੍ਰਧਾਨ ਨਵਪ੍ਰੀਤ ਸਿੰਘ ਮੰਡਿਆਲਾ ਨੇ ਦੱਸਿਆ ਕਿ ਇਸ ਇਮਤਿਹਾਨ ਲਈ ਪਹਿਲੀ ਤੋਂ ਬਾਰਵੀਂ ਕਲਾਸ ਤੱਕ ਦੇ ਸਿਲੇਬਸ ਲਈ ਪੁਸਤਕਾਂ ਮਾਰਗਿ ਮੋਤੀ, ਗੁਣਤਾਸ ਅਤੇ ਬਾਲ-ਵਿਰਸਾ ਨਿਰਧਾਰਤ ਕੀਤੀਆਂ ਗਈਆਂ ਸਨ। ਜੋ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪਹਿਲਾਂ ਮੁੱਹਈਆ ਕਰਵਾਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਇਮਤਿਹਾਨ ਦੀ ਸਫਲਤਾ ਲਈ ਸਭ ਤੋਂ ਪਹਿਲਾਂ ਅਕਾਲਪੁਰਖ ਜੀ ਦਾ ਸ਼ੁਕਰਾਨਾ ਅਤੇ ਫੇਰ ਪੂਰੀ ਜ਼ੋਨਲ ਟੀਮ ਦਾ ਖਾਸ ਤੌਰ ਤੇ ਜਗਜੀਤ ਸਿੰਘ ਗਣੇਸ਼ਪੁਰ, ਹਰਵਿੰਦਰ ਸਿੰਘ ਨੰਗਲ ਈਸ਼ਰ, ਸੰਦੀਪ ਸਿੰਘ, ਡਾ. ਅਰਬਿੰਦ ਸਿੰਘ ਧੂਤ, ਪ੍ਰਿੰ: ਰੁਪਿੰਦਰਜੀਤ ਸਿੰਘ, ਰਵਿੰਦਰ ਸਿੰਘ, ਨਰਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਆਸ ਕਿਰਨ ਡਰੱਗ ਕਾਊਂਸਲਿੰਗ ਅਤੇ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੇ ਸਮੁੱਚੇ ਸਟਾਫ ਅਤੇ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ, ਅਧਿਆਪਕਾਂ ਅਤੇ ਪੇਪਰ ਕਰਵਾਉਣ ਦੀ ਡਿਊਟੀ ਨਿਭਾਉਣ ਵਾਲੇ ਸਮੂਹ ਸਹਿਯੋਗੀਆਂ ਦਾ ਧੰਨਵਾਦ। ਇਸ ਸਮੇਂ ਜਥੇਬੰਦੀ ਦੇ ਪ੍ਰੋ. ਆਪਿੰਦਰ ਸਿੰਘ ਮਾਹਿਲਪੁਰੀ, ਡਾਕਟਰ ਮਨਮੋਹਣਜੀਤ ਸਿੰਘ, ਕਮਲਜੀਤ ਸਿੰਘ ਹੁਰਾਂ ਦੱਸਿਆ ਕਿ ਸਮੁੱਚੇ ਨੈਤਿਕ ਸਿੱਖਿਆ ਇਮਤਿਹਾਨ (ਸਕੂਲ) ਵਿੱਚ 1430 ਸਕੂਲਾਂ ਦੇ 98000 ਵਿਦਿਆਰਥੀਆਂ ਨੇ ਹਿੱਸਾ ਲਿਆ ਹੈ। ਉਨ੍ਹਾਂ ਇਮਤਿਹਾਨ ਦੀ ਸਫ਼ਲਤਾ ਲਈ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਕੀਤੇ ਉਦਮਾਂ ਲਈ ਧੰਨਵਾਦ ਕੀਤਾ। ਉਨ੍ਹਾਂ ਹੋਰ ਦੱਸਿਆ ਕਿ ਜ਼ੋਨਲ ਪੱਧਰ ’ਤੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਗਦ, ਕਿਤਾਬਾਂ ਰੂਪੀ ਆਕਰਸ਼ਕ ਇਨਾਮ ਅਤੇ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ।

## ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਹੋਈ ਤਿੰਨ ਦਿਨਾਂ ਸਕੂਲ ਖੇਡਾਂ ਦੀ ਸ਼ੁਰੂਆਤ



ਟਾਂਡਾ ਉੜਮੁੜ (ਰਵਿੰਦਰ ਸਿੰਘ) : ਮਾਨ ਸਰਕਾਰ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਦੇਖਦੇ ਹੋਏ ਖੇਡਾਂ ਪ੍ਰਤੀ ਵੀ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਇਸੇ ਲਈ ਹੀ ਸਕੂਲ ਖੇਡਾਂ ਦੇ ਨਾਲ ਨਾਲ ਪੇਂਡੂ ਖੇਡਾਂ ਨੂੰ ਵੀ ਮੁੜ ਤੋਂ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਅੱਜ ਇਥੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਹੇਠ, ਐਮ. ਐਸ. ਕੇ.ਡੇ ਬੋਰਡਿਗ ਸਕੂਲ ਕੋਟਲੀ ਜੰਡ ਵਿਖੇ ਤਿੰਨ ਦਿਨਾਂ ਸਕੂਲ ਖੇਡਾਂ ਦੇ ਆਰੰਭ ਮੌਕੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਖੇਡਾਂ ਵਿੱਚ ਪੂਰੀ ਖੇਡ ਭਾਵਨਾ ਨਾਲ ਖੇਡਣਾ । ਇਸ ਮੌਕੇ ਉਨ੍ਹਾਂ ਨਾਲ ਕੋਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸ਼ਲ, ਗੁਰਦੀਪ ਸਿੰਘ ਹੈਪੀ, ਸਚਿਨ ਪੁਰੀ ਤੋਂ ਇਲਾਵਾ ਸ਼ਤੀਸ਼ ਜੋੜਾ, ਸੋਨੂੰ ਮਾਰਸ਼ਲ, ਡਾ. ਬਲਵਿੰਦਰ ਸਿੰਘ ਮਰਵਾਹਾ ਵੀ ਹਾਜਰ ਸਨ। ਖੇਡਾਂ ਦੀ ਸ਼ੁਰੂਆਤ ਮੌਕੇ ਬੋਲਦਿਆਂ, ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਅੱਜ ਪਹਿਲੇ ਦਿਨ ਲੜਕੀਆਂ ਦੇ ਖੋ ਖੋ ਦੇ ਮੁਕਾਬਲੇ ਕਰਵਾਏ ਜਾਣੇ ਹਨ ਜਿਸ ਵਿੱਚ 15 ਸਕੂਲਾਂ ਦੇ ਖਿਡਾਰੀ ਭਾਗ ਲੈ ਰਹੇ ਹਨ। ਉਨ੍ਹਾਂ ਹਾਜ਼ਰ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਕੋਚ ਪ੍ਰਦੀਪ ਸਿੰਘ ਵੱਲੋਂ ਬੱਚਿਆਂ ਦੇ ਮੁਕਾਬਲੇ ਸ਼ੁਰੂ ਕਰਵਾਏ ਗਏ ਜਿਸ ਵਿੱਚ 14 ਸਾਲਾਂ ਵਰਗ ਉਮਰ ਵਿੱਚ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡਡੀਆਂ ਅਤੇ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ, ਫਾਈਨਲ ਮੁਕਾਬਲੇ ਵਿੱਚ ਪਹੁੰਚੇ, 17 ਸਾਲਾਂ ਉਮਰ ਵਰਗ ਵਿੱਚ ਦੂਸਰੇ ਨੰਬਰ ਲਈ ਮੁਕਾਬਲਾ ਸੈਂਟ ਮੈਰੀ ਸਕੂਲ ਟਾਂਡਾ ਅਤੇ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆ ਵਿਚਕਾਰ ਹੋਵੇਗਾ ਇਸ ਵਰਗ ਵਿੱਚ ਫਾਇਨਲ ਮੁਕਾਬਲਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਅਤੇ ਜੇਤੂ ਟੀਮ ਵਿੱਚਕਾਰ ਹੋਵੇਗਾ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਆਈਆਂ ਹੋਈਆਂ ਟੀਮਾਂ ਦਾ ਧੰਨਵਾਦ ਕੀਤਾ ਇਸ ਮੌਕੇ ਪਰਦੀਪ ਸਿੰਘ, ਅਮਨਪ੍ਰੀਤ ਸਿੰਘ, ਸਿਮਰਨਜੀਤ ਕੌਰ, ਗੁਰਸ਼ਰਨ ਕੌਰ, ਨਰਿੰਦਰ ਕੌਰ, ਕੋਚ ਹਰਪ੍ਰੀਤ ਸਿੰਘ, ਅਮਰਦੀਪ ਕੌਰ, ਬਲਜਿੰਦਰ ਸਿੰਘ ਭਿੰਡਰ, ਸਰਬਜੋਤ ਸਿੰਘ ਹਾਜ਼ਰ ਸਨ।



# ਉੱਘੇ ਲੇਖਕ ਗੁਰਜੰਟ ਸਿੰਘ ਬਰਨਾਲਾ ਦਾ ਗੁਰਦੁਆਰਾ ਖਾਲਸਾ ਦਰਬਾਰ ਬਰਲਿੰਗਟਨ ਨਿਊਜਰਸੀ ਪਹੁੰਚਣ ਤੇ ਗੁਰਦੁਆਰਾ ਸਾਹਿਬ ਦੀ ਸਮੂਹ ਮੈਨਜਮੈਂਟ ਵੱਲੋਂ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ








ਨਿਊਜਰਸੀ, (ਸਾਡੇ ਲੋਕ/ਰਾਜ ਗੋਗਨਾ) : ਬੀਤੇਂ ਦਿਨ ਪੰਜਾਬ ਤੋਂ ਬਰਨਾਲਾ ਦੇ ਨਾਲ ਸੰਬੰਧਤ ਉੱਘੇ ਲੇਖਕ ਸ: ਗੁਰਜੰਟ ਸਿੰਘ ਬਰਨਾਲਾ ਜੋ ਅੱਜਕਲ੍ਹ ਕੈਨੇਡਾ ਤੋ ਬਾਅਦ ਅਮਰੀਕਾ ਦੇ ਦੋ ਹਫਤੇ ਦੇ ਦੌਰੇ ਤੇ ਹਨ ਉਹਨਾਂ ਵੱਲੋਂ ਲਿਖੀ ਪੁਸਤਕ ਜਫਰਨਾਮਾਂ ਦਾ ਪੰਜਾਬੀ ਵਿੱਚ ਅਨੁਵਾਦ ਤੇ ਛੰਦ-ਬੰਦ ਕਵਿਤਾ ਦੇ ਬਦਲੇ ਸਨਮਾਨ ਦਿੱਤਾ ਗਿਆ ਇੱਥੇ ਦੱਸਣਯੋਗ ਹੈ ਕਿ 'ਜਫਰਨਾਮਾਂ' ਜੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਬਾਦਸ਼ਾਹ ਔਰੰਗਜੇਬ ਬਨੂੰ ਲਿਖ ਕੇ ਭਾਈ ਧਰਮ ਸਿੰਘ ਅਤੇ ਭਾਈ ਦਯਾ ਸਿੰਘ ਰਾਹੀਂ ਦੱਖਣ ਵੱਲ ਭੇਜਿਆ ਸੀ, ਗੁਰੂ ਜੀ ਵੱਲੋਂ ਫ਼ਾਰਸੀ ਭਾਸ਼ਾ ਵਿੱਚ ਲਿਖਿਆ ਹੋਇਆ ਸੀ ਇਸ ਦਾ ਇਸ ਨਾਮੀਂ ਉੱਘੇ ਲੇਖਕ ਸ੍ਰ. ਗੁਰਜੰਟ ਸਿੰਘ ਬਰਨਾਲਾ ਨੇ ਪੰਜਾਬੀ ਵਿੱਚ ਅਨੁਵਾਦ ਕਰਕੇ ਸਰਲ ਅਤੇ ਸੌਖੀ ਪੰਜਾਬੀ ਭਾਸ਼ਾ ਵਿੱਚ ਛੰਦ- ਬੰਦ ਕਵਿਤਾ ਦਾ ਰੂਪ ਦਿੱਤਾ ਸੀ ।ਇਸ ਤੋ ਪਹਿਲੇ ਸ: ਗੁਰਜੰਟ ਸਿੰਘ ਬਰਨਾਲਾ ਦਾ ਕੈਨੇਡਾ ਦੇ ਸ੍ਰੀ ਗੁਰੂ ਘਰ ਦੀ ਕਮੇਟੀ ਵੱਲੋਂ ਵਿਸ਼ੇਸ ਤੌਰ 'ਤੇ ਸਨਮਾਨ ਕੀਤਾ ਗਿਆ ਉਸ ਤੋ ਬਾਅਦ ਅਮਰੀਕਾ ਦੀ ਗੁਰਦੁਆਰਾ ਸਿੱਖ ਫਾਊਡੇਸ਼ਨ ਵਰਜੀਨੀਆ ਦੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੋ ਬਾਅਦ ਪੇਨਸਿਲਵੈਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਦੇ ਅਪਰਡਰਬੀ ਦੇ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਦੇ ਸਨਮਾਨ ਤੋ ਬਾਅਦ ਨਿਊਜਰਸੀ ਸੂਬੇ ਦੇ ਸ਼ਹਿਰ ਬਰਲਿੰਗਟਨ ਦੇ ਗੁਰਦੁਆਰਾ ਖ਼ਾਲਸਾ ਦਰਬਾਰ ਦੇ ਗੁਰੂ ਘਰ ਦੀ ਕਮੇਟੀ ਵੱਲੋਂ ਵਿਸ਼ੇਸ ਤੌਰ ਤੇ ਸੱਦਾ ਦੇ ਕੇ ਗੁਰੂ ਘਰ ਵਿਖੇਂ ਉਹਨਾਂ ਵੱਲੋ ਲਿਖੀ ਪੁਸਤਕ ਜ਼ਫਰਨਾਮਾ



ਦੇ ਪੰਜਾਬੀ ਅਨੁਵਾਦ ਦੇ ਬਦਲੇ ਸਨਮਾਨ ਕੀਤਾ ਗਿਆ। ਇਸ ਸਮੇਂ ਭਾਈ ਸੁਰਜੀਤ ਸਿੰਘ ਦਿਉਲ ਅਤੇ ਗੁਰਪ੍ਰੀਤ ਸਿੰਘ (ਗੰਡਾ ਸਿੰਘ ਵਾਲਾ) ਗੁਰੂ ਘਰ ਦੀ ਸਮੂਹ ਮੈਨਜਮੈਂਟ ਅਤੇ ਉੱਘੇ ਸਮਾਜ ਸੇਵੀ ਰਾਜਬਿੰਦਰ ਸਿੰਘ ਬਦੇਸਾ, ਗੁਰਮੀਤ ਸਿੰਘ ਗਿੱਲ , ਸਿਕੰਦਰ ਸਿੰਘ ਸੋਹੀ ,ਮਨਜੀਤ ਸਿੰਘ ਗਿੱਲ,ਕੁਲਵਿੰਦਰ ਸਿੰਘ ਸੋਹੀ, ਗੁਰਇੱਕਪ੍ਰੀਤ ਸਿੰਘ (ਗੰਡਾ ਸਿੰਘ ਵਾਲਾ), ਰਣਬੀਰ ਸਿੰਘ (ਮੋਹਲਗੁਆਰਾ) ਗੁਰਦੁਆਰਾ ਸਾਹਿਬ ਬਰਲਿੰਗਟਨ (ਨਿਊਜਰਸੀ) ਦੇ ਮੀਤ ਗ੍ਰੰਥੀ ਗਿਆਨੀ ਰਣਜੀਤ ਸਿੰਘ, ਢਾਡੀ ਜਥਾ ਕੁਲਵੰਤ ਸਿੰਘ ਪੰਡੋਰੀ ਵਾਲੇ, ਸ਼ਾਮ ਸਿੰਘ (ਦਿੱਲੀ ਵਾਲੇ), ਪੰਥਜੀਤ ਸਿੰਘ, ਅਤੇ ਰਣਜੀਤ ਸਿੰਘ ਸੇਵਾਦਾਰ ਵੀ ਨਾਲ ਮੌਜੂਦ ਸਨ।

## ਕੇਂਦਰੀ ਕਾਨੂੰਨ ਅਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਪੰਜਾਬ ਅਤੇ ਹਰਿਆਣਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ 'ਚ ਹੋਏ ਸ਼ਾਮਲ



ਚੰਡੀਗੜ੍ਹ: 21 ਅਗਸਤ ਨੂੰ ਪੰਜਾਬ ਅਤੇ ਹਰਿਆਣਾ ਬਾਰ ਐਸੋਸੀਏਸ਼ਨ ਦੀ ਤਰਫੋਂ ਕਾਨੂੰਨ ਅਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਨੂੰ ਸੱਦਾ ਦਿੱਤਾ ਗਿਆ ਸੀ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਸੀਨੀਅਰ ਆਗੂ, ਵਕੀਲ ਅਤੇ ਉੱਚ ਅਧਿਕਾਰੀ ਸ਼ਾਮਲ ਹੋਏ ਸਨ। ਐਡਵੋਕੇਟ ਪ੍ਰੋਟੈਕਸ਼ਨ ਐਕਟ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਮੰਤਰੀ ਨੇ ਇਸ 'ਤੇ ਜਲਦ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਮੰਤਰੀ ਨੂੰ ਵਿਸ਼ੇਸ਼ ਤੌਰ 'ਤੇ ਦੱਸਿਆ ਗਿਆ ਕਿ ਅੱਜ ਤੱਕ ਕਦੇ ਵੀ ਇੰਨੀ ਵੱਡੀ ਗਿਣਤੀ ਵਿੱਚ ਵਕੀਲ ਮੁੱਖ ਮਹਿਮਾਨ ਨੂੰ ਸੁਣਨ ਲਈ ਇਕੱਠੇ ਨਹੀਂ ਹੋਏ।

## ਭਾਰਤੀ ਫੌਜ ਨੇ ਹਮਲਾਵਰ ਹੈਲੀਕਾਪਟਰਾਂ ਨਾਲ ਕੀਤਾ ਵੱਡਾ ਅਭਿਆਸ

ਭਾਰਤ ਦੀਆਂ ਤਿੰਨ-ਸੇਵਾਵਾਂ - ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਨੇ ਗੁਆਂਢੀ ਦੇਸ਼ ਚੀਨ ਨਾਲ ਲੰਬੇ ਸਮੇਂ ਤੱਕ ਚੱਲੀ ਫੌਜੀ ਟੱਕਰ ਦੇ ਦੌਰਾਨ ਉੱਚ ਪੱਧਰੀ ਲੜਾਈ ਦੀ ਤਿਆਰੀ ਬਣਾਈ ਰੱਖੀ ਹੈ।



ਭਾਰਤੀ ਫੌਜ ਨੇ ਵੀਰਵਾਰ ਨੂੰ ਕਿਹਾ ਕਿ ਉਸਦੀ ਪੱਛਮੀ ਕਮਾਂਡ ਨੇ ਇੱਕ ਵੱਡਾ ਅਭਿਆਸ ਕੀਤਾ, ਜਿਸ ਵਿੱਚ ਬਖਤਰਬੰਦ ਅਤੇ ਮਸ਼ੀਨੀ ਫੌਜ ਅਤੇ ਹਮਲਾਵਰ ਹੈਲੀਕਾਪਟਰ ਸ਼ਾਮਲ ਸਨ।

ਭਾਰਤੀ ਹਥਿਆਰਬੰਦ ਬਲਾਂ ਦੇ ਤਿੰਨ ਵਿੰਗ ਹਾਲ ਹੀ ਦੇ ਦਿਨਾਂ ਵਿੱਚ ਅਜਿਹੇ ਸਮੇਂ ਵਿੱਚ ਨਿਯਮਤ ਅਭਿਆਸ ਕਰ ਰਹੇ ਹਨ ਜਦੋਂ ਬੀਜਿੰਗ ਨਾਲ ਨਵੀਂ ਦਿੱਲੀ ਦਾ ਫੌਜੀ ਸਟੈਂਡ ਚੌਥੇ ਸਾਲ ਵਿੱਚ ਚਲਾ ਗਿਆ ਹੈ।

ਹਾਲਾਂਕਿ ਪਿਛਲੇ ਹਫਤੇ ਹੋਈ ਦੋਹਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਦੀ ਆਖਰੀ ਬੈਠਕ ਤੋਂ ਕੁਝ ਸਕਾਰਾਤਮਕ ਸੰਕੇਤ ਸਾਹਮਣੇ ਆਏ ਹਨ।

ਇਸ ਤੋਂ ਬਾਅਦ, ਇੱਕ ਭੂ-ਰਾਜਨੀਤਿਕ ਪੰਡਿਤ ਨੇ ਸਪੂਤਨਿਕ ਇੰਡੀਆ ਨੂੰ ਦੱਸਿਆ ਕਿ ਸਾਂਝੇ ਬਿਆਨ ਵਿੱਚ ਸ਼ਬਦ 'ਉਤਸ਼ਾਹਜਨਕ' ਸਨ।

## ਸਿੰਧੀ ਭਾਈਚਾਰੇ ਦੇ ਮੈਂਬਰ ਧਾਰਮਿਕ ਜਲੂਸ ਕੱਢਿਆ



ਅਹਿਮਦਾਬਾਦ : ਅਹਿਮਦਾਬਾਦ ਵਿੱਚ ਚੱਲੀਹੋ ਸਾਹਿਬ ਤਿਉਹਾਰ ਦੀ ਸਮਾਪਤੀ ਮੌਕੇ ਇੱਕ ਧਾਰਮਿਕ ਜਲੂਸ ਦੌਰਾਨ ਸਿੰਧੀ ਭਾਈਚਾਰੇ ਦੇ ਮੈਂਬਰ ਮਿੱਟੀ ਦੇ ਬਰਤਨ ਲੈ ਕੇ ਜਾਂਦੇ ਹਨ।

## ਸਿੱਖ ਰੈਜੀਮੈਂਟਲ ਸੈਂਟਰ ਵਿਖੇ ਅਗਨੀਵੀਰਾਂ ਦੇ ਪਾਇਨੀਅਰ ਬੈਚ ਦੀ ਪਾਸਿੰਗ ਆਊਟ ਪਰੇਡ





ਰਾਮਗੜ੍ਹ (ਝਾਰਖੰਡ) : ਸਿੱਖ ਰੈਜੀਮੈਂਟਲ ਸੈਂਟਰ ਨੇ ਸ਼ਨੀਵਾਰ ਨੂੰ ਅਗਨੀਵੀਰਾਂ ਦੇ ਪਹਿਲੇ ਬੈਚ ਦੀ ਪਾਸਿੰਗ ਆਊਟ ਪਰੇਡ ਦੀ ਸਮਾਪਤੀ ਕੀਤੀ, ਜਿਨ੍ਹਾਂ ਨੇ ਰੈਜੀਮੈਂਟਲ ਸੈਂਟਰ ਵਿਖੇ 'ਨਿਸ਼ੇ ਕਰ ਆਪਣੀ ਜੀਤ' ਦੇ ਮਾਟੋ ਨਾਲ ਆਪਣੀ ਸਖ਼ਤ ਸਿਖਲਾਈ ਪੂਰੀ ਕੀਤੀ। ਕਾਰੋਨ, ਇੱਕ ਅਧਿਕਾਰਤ ਬਿਆਨ ਅਨੁਸਾਰ।

ਵੱਕਾਰੀ ਹਰਬਖਸ਼ ਡ੍ਰਿਲ ਸਕੁਏਅਰ ਵਿਖੇ ਆਯੋਜਿਤ ਸਮਾਰੋਹ ਵਿੱਚ, ਅਭਿਆਸ, ਅਨੁਸ਼ਾਸਨ ਅਤੇ ਪੇਸ਼ੇਵਰਤਾ ਦਾ ਇੱਕ ਪ੍ਰੇਰਨਾਦਾਇਕ ਪ੍ਰਦਰਸ਼ਨ ਦੇਖਿਆ ਗਿਆ, ਜੋ ਕਿ ਸਿਖਲਾਈ ਯਾਤਰਾ ਦੌਰਾਨ ਹਰੇਕ ਅਗਨੀਵੀਰ ਵਿੱਚ ਪਾਏ ਗਏ ਮੂਲ ਮੁੱਲਾਂ ਨੂੰ ਦਰਸਾਉਂਦਾ ਹੈ।

ਅਗਨੀਵੀਰਾਂ ਦੇ ਪਰਿਵਾਰਕ ਮੈਂਬਰ, ਇੰਸਟ੍ਰਕਟਰ ਫੈਕਲਟੀ ਅਤੇ ਰਾਮਗੜ੍ਹ ਜ਼ਿਲ੍ਹੇ ਦੇ ਮਹਿਮਾਨ ਇਸ ਮਹੱਤਵਪੂਰਨ ਮੌਕੇ ਦੇ ਗਵਾਹ ਬਣਨ ਲਈ ਇਕੱਠੇ ਹੋਏ ਅਤੇ ਅਗਨੀਵੀਰਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਸ਼ਲਾਘਾ ਕੀਤੀ।

ਇੰਸਟ੍ਰਕਟਰਾਂ ਅਤੇ ਸਲਾਹਕਾਰਾਂ ਦੀ ਯੋਗ ਅਗਵਾਈ ਹੇਠ, ਅਗਨੀਵੀਰਾਂ ਨੇ ਹਥਿਆਰ, ਰਣਨੀਤਕ ਸਿਖਲਾਈ, ਲੀਡਰਸ਼ਿਪ ਅਤੇ ਨੈਤਿਕ ਨੈਤਿਕਤਾ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਪਣੇ ਹੁਨਰ ਨੂੰ ਨਿਖਾਰਿਆ ਹੈ। ਉੱਤਮਤਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਅਤੇ ਉਨ੍ਹਾਂ ਦੀ ਅਦੁੱਤੀ ਭਾਵਨਾ ਨੇ ਬਿਨਾਂ ਸ਼ੱਕ ਉਨ੍ਹਾਂ ਨੂੰ ਭਾਰਤੀ ਫੌਜ ਦੇ ਵਧੀਆ ਨੁਮਾਇੰਦਿਆਂ ਵਜੋਂ ਵੱਖਰਾ ਕੀਤਾ।

# ਰਾਵੀ ਦਰਿਆ ਰਾਹੀਂ ਪਾਕਿਸਤਾਨ ਤੋਂ ਤਸਕਰੀ ਕੀਤੀ ਗਈ 41 ਕਿਲੋ ਹੈਰੋਇਨ ਸਮੇਤ 3 ਕਾਬੂ







ਅੰਮ੍ਰਿਤਸਰ : ਪੁਲਿਸ ਨੇ ਪਾਇਆ ਕਿ ਮੁਲਜ਼ਮ ਪਾਕਿਸਤਾਨੀ ਤਸਕਰਾਂ ਦੇ ਸੰਪਰਕ ਵਿੱਚ ਸਨ; ਹਾਲ ਹੀ ਵਿੱਚ ਪਾਣੀ ਦਾ ਪੱਧਰ ਵਧਣ 'ਤੇ ਦਰਿਆਈ ਰਸਤੇ ਰਾਹੀਂ ਹੋਰ ਖੇਪਾਂ ਦੀ ਤਸਕਰੀ ਕੀਤੀ ਗਈ ਸੀ

ਇੱਕ ਸੂਹ 'ਤੇ ਕਾਰਵਾਈ ਕਰਦੇ ਹੋਏ, ਪੰਜਾਬ ਪੁਲਿਸ ਦੀ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਨੇ ਬੁੱਧਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਹਿਮਦ ਮੰਡਰਾ ਵਿਖੇ ਇਸ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ। ਪੁਲਿਸ ਨੇ ਰਾਵੀ ਦਰਿਆ ਰਾਹੀਂ ਪਾਕਿਸਤਾਨ ਤੋਂ ਤਸਕਰੀ ਕੀਤੀ 41 ਕਿਲੋ ਹੈਰੋਇਨ ਬਰਾਮਦ ਕੀਤੀ ਹੈ।

ਮੁਲਜ਼ਮਾਂ ਦੀ ਪਛਾਣ ਪਿੰਡ ਘੁਮਰਾਈ ਦੇ 27 ਸਾਲਾ ਅਗਿਆਪਾਲ ਸਿੰਘ, ਰਣਜੋਧ ਸਿੰਘ ਉਰਫ਼ ਰਾਣਾ (26) ਵਾਸੀ ਮਹਿਮਦ ਮੰਦਰਾ ਅਤੇ ਸੰਦੀਪ ਸਿੰਘ ਪਿੰਡ ਪੰਜਗਰਾਈਂ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ।

ਅੰਮ੍ਰਿਤਸਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਐਸਟੀਐਫ ਦੇ ਸਹਾਇਕ ਇੰਸਪੈਕਟਰ ਜਨਰਲ (ਏਆਈਜੀ), ਮੁਖਤਿਆਰ ਰਾਏ ਨੇ ਕਿਹਾ, "ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਵਵਿੰਦਰ ਮਹਾਜਨ ਦੀ ਅਗਵਾਈ ਵਿੱਚ ਸਾਡੀ ਟੀਮ ਨੇ ਤਸਕਰਾਂ ਦੇ ਗਠਜੋੜ ਨੂੰ ਤੋੜਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਸੀ। ਸਰਹੱਦ ਪਾਰ ਤੋਂ ਹੈਰੋਇਨ ਦੀ ਸਪਲਾਈ ਲਈ ਪਾਕਿਸਤਾਨੀ ਨਾਗਰਿਕ। ਇਸ ਕਾਰਵਾਈ ਦੌਰਾਨ ਸੂਚਨਾ ਮਿਲੀ ਕਿ ਅਗਿਆਪਾਲ ਜੋ ਕਿ ਨਸ਼ਾ ਤਸਕਰੀ ਦਾ ਸਰਗਨਾ ਹੈ, ਨੇ ਆਪਣੇ ਦੋ ਸਾਥੀਆਂ ਸਮੇਤ ਪਾਕਿਸਤਾਨ ਤੋਂ ਆਈ ਹੈਰੋਇਨ ਦੀ ਖੇਪ ਮਿਲੀ ਹੈ, ਜੋ ਪਿੰਡ ਮਹਿਮਦ ਮੰਡਰਾ ਵਿਖੇ ਰੱਖੀ ਹੋਈ ਸੀ। ਸਾਡੀ ਟੀਮ ਨੇ ਛਾਪਾ ਮਾਰ ਕੇ ਰਣਜੋਧ ਦੇ ਘਰੋਂ 41 ਕਿਲੋ ਹੈਰੋਇਨ ਬਰਾਮਦ ਕੀਤੀ। ਤਿੰਨਾਂ ਨੂੰ ਹੈਰੋਇਨ ਦੀ ਬਰਾਮਦਗੀ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਗਿਆਪਾਲ ਪਾਕਿਸਤਾਨੀ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਸੀ। " ਬਰਾਮਦ ਕੀਤੀ ਗਈ ਹੈਰੋਇਨ ਨੂੰ ਰਾਵੀ ਦਰਿਆ ਰਾਹੀਂ ਤਸਕਰੀ ਕੀਤੀ ਗਈ ਸੀ ਜਦੋਂ ਹਾਲ ਹੀ ਵਿੱਚ ਪਾਣੀ ਦਾ ਪੱਧਰ ਵਧਿਆ ਸੀ। ਅਸੀਂ ਨਦੀ ਦੇ ਰਸਤੇ ਦੀ ਜਾਂਚ ਕਰ ਰਹੇ ਹਾਂ। ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਅਜਿਹੀਆਂ ਪੰਜ ਤੋਂ ਛੇ ਖੇਪਾਂ ਪਹਿਲਾਂ ਵੀ ਪਾਕਿਸਤਾਨ ਤੋਂ ਤਸਕਰੀ ਕਰ ਚੁੱਕੀਆਂ ਹਨ। ਅਸੀਂ ਮੁਲਜ਼ਮਾਂ ਦੇ ਅਗਾਂਹਵਧੂ ਸਬੰਧਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਾਂ, ਏਆਈਜੀ ਰਾਏ ਨੇ ਕਿਹਾ।

# ਪੰਜਾਬ-ਪੰਜਾਬੀ-ਪੰਜਾਬੀਅਤ !






































ਇਹ ਲੁਧਿਆਣਾ ਦੇ ਪ੍ਰਸਿੱਧ ਸ਼ਾਪਿੰਗ ਮਾਲ 'ਪੈਵਿਲੀਅਨ ਮਾਲ' ਦੀਆਂ ਤਸਵੀਰਾਂ ਹਨ। ਇਸ ਸ਼ਾਪਿੰਗ ਮਾਲ ਵਿੱਚ ਫ਼ਰਵਰੀ 2023 ਤੋਂ ਪਹਿਲਾਂ ਇੱਕ ਵੀ ਦੁਕਾਨ ਦਾ ਸਾਇਨ ਬੋਰਡ ਪੰਜਾਬੀ ਵਿੱਚ ਨਹੀਂ ਸੀ।

ਲੁਧਿਆਣਾ ਦੇ ਭਾਸ਼ਾ ਵਿਭਾਗ ਦੁਆਰਾ ਇਸ ਸ਼ਾਪਿੰਗ ਮਾਲ ਸਮੇਤ ਲੁਧਿਆਣਾ ਦੇ ਸਾਰੇ ਸ਼ਾਪਿੰਗ ਮਾਲਜ਼ ਦੇ ਪ੍ਰਬੰਧਕਾਂ ਨਾਲ ਇਸ ਬਾਬਤ ਸੰਪਰਕ ਕੀਤਾ ਗਿਆ ਸੀ। ਤਸਵੀਰਾਂ ਇਸ ਸ਼ਲਾਘਯੋਗ ਕੰਮ ਦੀਆਂ ਗਵਾਹੀ ਭਰਦੀਆਂ ਹਨ।

# ਯੂਕਰੇਨ ਦੇ ਜਿਊਂਦੇ ਸ਼ਹੀਦ











ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ

**ਉਹ ਦਿਨ ਦੂਰ ਨਹੀਂ ਜਦੋਂ ਇਹ ਰੂਸ ਦੇ ਕਈ ਟੋਟੇ ਕਰਕੇ ਨਾਜੀ ਪੁਤਿਨ ਤੋਂ ਉਥੇ ਦੇ ਲੋਕਾਂ ਨੂੰ ਵੀ ਅਜ਼ਾਦ ਕਰਾਉਣਗੇ**

# ਪਾਕਿਸਤਾਨੀ ਫੌਜ ਨੇ ਕੇਬਲ ਕਾਰ 'ਚ ਫਸੇ ਵਿਦਿਆਰਥੀਆਂ ਨੂੰ ਬਚਾਇਆ





ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

ਪਾਕਿਸਤਾਨ ਦੇ ਇੱਕ ਦੂਰ-ਦੁਰਾਡੇ, ਪਹਾੜੀ ਖੇਤਰ ਵਿੱਚ ਇੱਕ ਘਾਟੀ ਵਿੱਚ ਸੈਂਕੜੇ ਫੁੱਟ ਉੱਚੇ ਘੰਟਿਆਂ ਤੱਕ ਫਸੇ ਰਹਿਣ ਤੋਂ ਬਾਅਦ ਨੇੜਲੇ ਸਕੂਲ ਜਾ ਰਹੇ ਸੱਤ ਵਿਦਿਆਰਥੀਆਂ ਸਮੇਤ ਅੱਠ ਲੋਕਾਂ ਨੂੰ ਬਚਾਇਆ ਗਿਆ।

ਉੱਤਰ-ਪੱਛਮੀ ਪਾਕਿਸਤਾਨ ਦੇ ਇੱਕ ਪਹਾੜੀ ਪਿੰਡ ਵਿੱਚ

ਸਾਲਾਂ ਤੋਂ, ਕੇਬਲ ਕਾਰ ਨੇ ਖੈਬਰ-ਪਖਤੂਨਖਵਾ ਪ੍ਰਾਂਤ ਦੇ ਪਹਾੜਾਂ ਵਿਚ ਡੂੰਘੇ ਇਕੱਲੇ ਪਿੰਡ ਪਸ਼ਤੋ ਨੂੰ ਜੀਵਨ ਰੇਖਾ ਪ੍ਰਦਾਨ ਕੀਤੀ ਸੀ, ਜਿਸ ਨਾਲ ਵਿਦਿਆਰਥੀਆਂ ਦੇ ਸਕੂਲ ਜਾਣ ਜਾਂ ਸਮਾਜ ਦੇ ਬਿਮਾਰ ਮੈਂਬਰਾਂ ਲਈ ਹਸਪਤਾਲ ਪਹੁੰਚਣ ਲਈ ਮੁਸ਼ਕਲ ਸਫ਼ਰ ਨੂੰ ਸੌਖਾ ਕੀਤਾ ਗਿਆ ਸੀ।

ਪਰ ਕੇਬਲ ਕਾਰ ਦੀ ਸਵਾਰੀ ਦੇ ਕੁਝ ਮਿੰਟਾਂ ਬਾਅਦ, ਖੱਡ ਦੇ ਪਾਰ ਰੋਜ਼ਾਨਾ ਸਫ਼ਰ ਤਬਾਹੀ ਵਿੱਚ ਬਦਲ ਗਿਆ। ਕਾਰ ਨੂੰ ਸਹਾਰਾ ਦੇਣ ਵਾਲੀਆਂ ਦੋ ਕੇਬਲਾਂ ਟੁੱਟ ਗਈਆਂ, ਜਿਸ ਨਾਲ ਕਈ ਸਕੂਲੀ ਬੱਚਿਆਂ ਸਮੇਤ ਸੱਤ ਹੋਰ ਯਾਤਰੀ ਹਵਾ ਵਿੱਚ ਸੈਂਕੜੇ ਫੁੱਟ ਤੱਕ ਲਟਕ ਗਏ।

ਜਿਵੇਂ ਹੀ ਕਾਰ ਬੇਯਕੀਨੀ ਨਾਲ ਲਟਕ ਗਈ, ਪਾਕਿਸਤਾਨੀ ਫੌਜ ਨੇ ਬਚਾਅ ਸ਼ੁਰੂ ਕੀਤਾ ਜੋ ਲਗਭਗ 12 ਦਿਲ ਧੜਕਣ ਵਾਲੇ ਘੰਟਿਆਂ ਤੱਕ ਚੱਲਿਆ, ਦੋ ਲੋਕਾਂ ਨੂੰ ਇੱਕ ਹੈਲੀਕਾਪਟਰ ਨਾਲ ਜੁੜੀ ਰੱਸੀ ਰਾਹੀਂ ਕਾਰ ਤੋਂ ਬਾਹਰ ਕੱਢਿਆ ਅਤੇ ਫਿਰ, ਜਦੋਂ ਰਾਤ ਪੈ ਗਈ, ਇੱਕ ਜ਼ਿਪ ਲਾਈਨ ਦੀ ਵਰਤੋਂ ਕਰਕੇ ਬਾਕੀਆਂ ਨੂੰ ਸੁਰੱਖਿਆ ਵਿੱਚ ਲਿਆਉਣ ਲਈ। .

ਪਾਕਿਸਤਾਨੀ ਫੌਜ ਨੇ ਇਹ ਆਪਰੇਸ਼ਨ ਜੋ ਕੀ ਬਹੁਤ ਮੁਸ਼ਕਲ ਅਤੇ ਭਿਆਨਕ'' ਸੀ ਸਫਲਤਾ ਪੂਰਵਕ ਕੀਤਾ, ਪਾਕਿਸਤਾਨੀ ਫੌਜ ਦੇ ਬੁਲਾਰੇ ਨੇ ਕਿਹਾ ਕਿ ਬਚਾਅਕਰਤਾਵਾਂ ਦੁਆਰਾ ਦਿਖਾਏ ਗਏ ''ਬੇਮਿਸਾਲ ਹੁਨਰ ਅਤੇ ਕੁਸ਼ਲਤਾ'' ਨੇ ਇੱਕ ਬੱਚਿਆ ਨੂੰ ਬਚਾਕੇ ਸ਼ਲਾਘਾਯੋਗ ਕੰਮ ਕੀਤਾ।



ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿਖੇ ਹੋਏ ਨਤਮਸਤਕ







ਸਿੱਖਾਂ ਦੇ ਵਾਹਿਦ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਤਖ਼ਤ ਸ਼੍ਰੀ ਕੇਸਗੜ ਸਾਹਿਬ ਆਨੰਦਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਮਹਾਰਾਜ ਕੋਲ਼ੋਂ ਸਮੂਹ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ

# ਲੁਧਿਆਣਾ ਵਿਖੇ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਕੀਤਾ ਰੋਸ ਮਾਰਚ










ਸਿੱਖਾਂ ਨਾਲ 1947 ਤੋਂ ਲੈ ਕੇ ਅੱਜ ਤੱਕ ਵਿਸਵਾਸ਼ਘਾਤ ਕੀਤਾ ਗਿਆ। ਸਿੱਖਾਂ ਦਾ ਪੰਜਾਬ ਤੋੜਿਆ ਗਿਆ। ਸਿੱਖਾਂ ਨੂੰ ਵੱਖ ਵੱਖ ਸਰਕਾਰਾਂ ਨੇ ਲੁੱਟਿਆ ਕੁੱਟਿਆ। ਕਿਸੇ ਨੇ ਇਨਸਾਫ ਨਹੀਂ ਦਿੱਤਾ। ਇਸੇ ਖਿਲਾਫ ਸਿੱਖਾਂ ਦੇ ਵਾਹਿਦ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ’ਚ ਲੁਧਿਆਣਾ ਵਿਖੇ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਰੋਸ ਮਾਰਚ ਕੀਤਾ ਗਿਆ।

*ਵਿਦਿਆ ਤੇ ਔਰਤਾਂ ਦੇ ਦੁਸ਼ਮਣ ਤਾਲੀਬਾਨ*

# ਔਰਤਾਂ ਦੀ ਸਿੱਖਿਆ ’ਤੇ ਹੁਣ ਬਾਹਰ ਵਿਦੇਸ਼ਾਂ ’ਚ ਵੀ ਪਾਬੰਦੀ ਲਾਈ



ਅਫਗਾਨਿਸਤਾਨ : ਤਾਲਿਬਾਨ ਨੇ ਅਫਗਾਨਿਸਤਾਨ ਦੇ ਅੰਦਰ ਹੀ ਔਰਤਾਂ ਦੀ ਸਿੱਖਿਆ ’ਤੇ ਪਾਬੰਦੀ ਨਹੀਂ ਲਗਾਈ ਹੈ ਪਰ ਹੁਣ ਬਾਹਰ ਵਿਦੇਸ਼ਾਂ ’ਚ ਵੀ 100 ਵਿਦਿਆਰਥਣਾਂ ਜਿਨ੍ਹਾਂ ਨੇ ਦੁਬਈ ਵਿੱਚ ਯੂਨੀਵਰਸਿਟੀ ਸ਼ੁਰੂ ਕਰਨੀ ਸੀ, ਨੂੰ ਯਾਤਰਾ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਅਫਗਾਨ ਔਰਤਾਂ ਅਤੇ ਕੁੜੀਆਂ ਖਿਲਾਫ ਤਾਲਿਬਾਨ ਦੀ ਜੰਗ ਹੁਣ ਅਫਗਾਨਿਸਤਾਨ ਤੋਂ ਬਾਹਰ ਵੀ ਫੈਲ ਰਹੀ ਹੈ।

# ਲੋੜਵੰਦਾ ਦੀ ਮਦਦ ਦਾ ਦੂਸਰਾ ਨਾਮ ਹੀ ਸਿੱਖ ਧਰਮ ਹੈ ਅਤੇ ਸੇਵਾ ਹੀ ਸਾਡਾ ਮਿਸ਼ਨ : ਖਾਲਸਾ ਏਡ






ਬ੍ਰਿਟਿਸ਼ ਕੋਲੰਬੀਆ ਦੇ ਇਲਾਕੇ ਵੈਸਟ ਕਲੋਨਾ ਅਤੇ ਲੇਕ ਕੰਟਰੀ ਵਿੱਚ ਜੰਗਲੀ ਅੱਗ ਦੌਰਾਨ ਹੋ ਰਹੇ ਨੁਕਸਾਨ ਵੇਲੇ ਪੀੜਤਾਂ ਦੀ ਬਾਂਹ ਫੜਨ ਅਤੇ ਨਿਸ਼ਕਾਮ ਸੇਵਾ ਨਿਭਾਉਣ ਖਾਲਸਾ ਏਡ ਦੀਆਂ ਟੀਮਾਂ ਦਾ ਸ਼ਹਿਰੀਆ ਵਲੋਂ ਧੰਨਵਾਦ ਕੀਤਾ ਗਿਆ। ਜਿਨ੍ਹਾਂ ਦੀ ਪ੍ਰਸ਼ੰਸਾ ਸਾਰੇ ਵੱਖ ਵੱਖ ਭਾਈਚਾਰੇ ਕਰ ਰਹੇ ਹਨ।



# ਚੰਦਰਯਾਨ-3: ਲੈਂਡਰ ਚੰਨ ਦੇ ਹੋਰ ਨੇੜੇ ਪੁੱਜਾ

ਬੰਗਲੁਰੂ : ਇਸਰੋ ਨੇ ਕਿਹਾ ਹੈ ਕਿ ਉਸ ਨੇ ਚੰਦਰਯਾਨ-3 ਮਿਸ਼ਨ ਦੇ ਲੈਂਡਰ ਮਾਡਿਊਲ ਨੂੰ ਪੰਧ 'ਤੇ ਥੋੜ੍ਹਾ ਹੋਰ ਹੇਠਾਂ ਸਫ਼ਲਤਾਪੂਰਵਕ ਪਹੁੰਚਾ ਦਿੱਤਾ ਹੈ ਅਤੇ ਉਸ ਦੇ ਹੁਣ 23 ਅਗਸਤ ਸ਼ਾਮ ਛੇ ਵੱਜ ਕੇ ਚਾਰ ਮਿੰਟ 'ਤੇ ਚੰਦਰਮਾ ਦੀ ਸਤਹਿ 'ਤੇ ਉਤਰਨ ਦੀ ਉਮੀਦ ਹੈ। ਪੁਲਾੜ ਏਜੰਸੀ ਨੇ ਕਿਹਾ ਕਿ ਲੈਂਡਰ ਮਾਡਿਊਲ ਪ੍ਰਸਤਾਵਿਤ ਸਾਫਟ ਲੈਂਡਿੰਗ ਤੋਂ ਪਹਿਲਾਂ ਅੰਦਰੂਨੀ ਜਾਂਚ ਪ੍ਰਕਿਰਿਆ ਤੋਂ ਗੁਜ਼ਰੇਗਾ। ਇਸ ਤੋਂ ਪਹਿਲਾਂ ਇਸਰੋ ਨੇ ਕਿਹਾ ਸੀ ਕਿ ਲੈਂਡਰ (ਵਿਕਰਮ) ਅਤੇ ਰੋਵਰ (ਪ੍ਰਗਿਆਨ) 23 ਅਗਸਤ ਸ਼ਾਮ ਪੰਜ ਵੱਜ ਕੇ 47 ਮਿੰਟ 'ਤੇ ਚੰਦਰਮਾ ਦੀ ਸਤਹਿ 'ਤੇ ਉਤਰਨਗੇ। ਇਸਰੋ ਨੇ 'ਐਕਸ' 'ਤੇ ਐਤਵਾਰ ਤੜਕੇ ਇਕ ਪੋਸਟ 'ਚ ਕਿਹਾ,"ਦੂਜੇ ਅਤੇ ਆਖ਼ਰੀ ਡੀਬੂਸਟਿੰਗ (ਰਫ਼ਤਾਰ ਹੌਲੀ ਕਰਨ ਦੀ ਪ੍ਰਕਿਰਿਆ) ਅਪਰੇਸ਼ਨ 'ਚ ਲੈਂਡਰ ਮਾਡਿਊਲ ਸਫ਼ਲਤਾਪੂਰਵਕ ਪੰਧ 'ਚ ਹੋਰ ਹੇਠਾਂ ਆ ਗਿਆ ਹੈ। ਮਾਡਿਊਲ ਹੁਣ ਅੰਦਰੂਨੀ ਜਾਂਚ ਪ੍ਰਕਿਰਿਆ 'ਚੋਂ ਗੁਜ਼ਰੇਗਾ ਅਤੇ ਤੈਅਸ਼ੁਦਾ ਲੈਂਡਿੰਗ ਵਾਲੀ ਥਾਂ 'ਤੇ ਸੂਰਜ ਉੱਗਣ ਦੀ ਉਡੀਕ ਕਰੇਗਾ।" ਇਸਰੋ ਮੁਤਾਬਕ ਚੰਦਰਯਾਨ-3 ਮਿਸ਼ਨ ਰਾਹੀਂ ਪੁਲਾੜ ਖੋਜ 'ਚ ਭਾਰਤ ਇਕ ਇਤਿਹਾਸਕ ਉਪਲੱਬਧੀ ਹਾਸਲ ਕਰੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਭਾਰਤੀ ਵਿਗਿਆਨ, ਇੰਜਨੀਅਰਿੰਗ, ਤਕਨਾਲੋਜੀ ਅਤੇ ਸਨਅਤ ਵੱਲ ਇਕ ਅਹਿਮ ਕਦਮ ਹੈ।


ਇਸ ਪ੍ਰੋਗਰਾਮ ਦਾ ਟੈਲੀਵਿਜ਼ਨ 'ਤੇ 23 ਅਗਸਤ ਨੂੰ ਸ਼ਾਮ 5 ਵਜ ਕੇ 27 ਮਿੰਟ 'ਤੇ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ ਜੋ ਇਸਰੋ ਦੀ ਵੈੱਬਸਾਈਟ, ਉਸ ਦੇ ਯੂਟਿਊਬ ਚੈਨਲ, ਫੇਸਬੁੱਕ ਪੇਜ ਅਤੇ ਡੀਡੀ (ਦੂਰਦਰਸ਼ਨ) ਨੈਸ਼ਨਲ ਟੀਵੀ ਚੈਨਲ ਸਮੇਤ ਕਈ ਪਲੇਟਫਾਰਮ 'ਤੇ ਦਿਖਾਇਆ ਜਾਵੇਗਾ। ਇਸਰੋ ਨੇ ਦੇਸ਼ ਭਰ ਦੇ ਸਾਰੇ ਸਕੂਲਾਂ ਅਤੇ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦਰਮਿਆਨ ਇਸ ਉਪਲੱਬਧੀ ਨੂੰ ਪ੍ਰਚਾਰਿਤ ਕਰਨ ਦਾ ਸੱਦਾ ਦਿੱਤਾ ਹੈ।










**ਚੰਦਰਯਾਨ-3 ਮਿਸ਼ਨ ਦੀ ਸਾਂਝੀ ਤਸਵੀਰ: ਲਾਂਚ ਦੇ ਦਿਨ ਲੈਂਡਰ ਇਮੇਜਰ (LI) ਕੈਮਰੇ ਦੁਆਰਾ ਦੇਖੀ ਗਈ ਧਰਤੀ ਅਤੇ ਚੰਦਰ ਔਰਬਿਟ ਸੰਮਿਲਨ ਤੋਂ ਇੱਕ ਦਿਨ ਬਾਅਦ ਲੈਂਡਰ ਹਰੀਜ਼ੋਂਟਲ ਵੇਲੋਸਿਟੀ ਕੈਮਰਾ (LHVC) ਦੁਆਰਾ ਚੰਦਰਮਾ ਦੀ ਤਸਵੀਰ।**

ਚੰਦਰਯਾਨ ਦਾ ਲੈਂਡਰ ਮਾਡਿਊਲ ਅਤੇ ਪ੍ਰੋਪਲਸ਼ਨ ਮਾਡਿਊਲ 14 ਜੁਲਾਈ ਨੂੰ ਮਿਸ਼ਨ ਦੀ ਸ਼ੁਰੂਆਤ ਦੇ 35 ਦਿਨਾਂ ਬਾਅਦ ਵੀਰਵਾਰ ਨੂੰ ਸਫ਼ਲਤਾਪੂਰਵਕ ਵੱਖ ਹੋ ਗਏ ਸਨ। ਜ਼ਿਕਰਯੋਗ ਹੈ ਕਿ ਇਸਰੋ ਨੇ ਬੀਤੇ ਦਿਨੀਂ ਚੰਦਰਯਾਨ-3 ਉੱਤੇ ਲੱਗੇ ਕੈਮਰਿਆਂ ਨਾਲ ਖਿੱਚੀਆਂ ਗਈਆਂ ਚੰਨ ਦੀਆਂ ਤਸਵੀਰਾਂ ਵੀ ਰਿਲੀਜ਼ ਕੀਤੀਆਂ ਸਨ।

## ਉਪ ਰਾਜਪਾਲ ਨੇ ਦਮਦਮਾ ਸਾਹਿਬ ਗੁਰਦੁਆਰੇ ਵਿੱਚ ਮੱਥਾ ਟੇਕਿਆ



ਸ੍ਰੀਨਗਰ: ਲੈਫਟੀਨੈਂਟ ਗਵਰਨਰ ਸ੍ਰੀ ਮਨੋਜ ਸਿਨਹਾ ਨੇ ਅੱਜ ਸ੍ਰੀ ਦਮਦਮਾ ਸਾਹਿਬ ਗੁਰਦੁਆਰਾ ਵਿਖੇ ਮੱਥਾ ਟੇਕਿਆ ਅਤੇ ਨਵੇਂ ਬਣੇ ਕੰਪਲੈਕਸ ਨੂੰ ਸ਼ਰਧਾਲੂਆਂ ਨੂੰ ਸਮਰਪਿਤ ਕੀਤਾ। ਪਵਿੱਤਰ ਗੁਰਦੁਆਰੇ ਦੀ ਹਾਲਤ ਖਸਤਾ ਸੀ ਅਤੇ ਪ੍ਰਬੰਧਕ ਕਮੇਟੀ ਨਾਲ ਸਲਾਹ ਕਰਕੇ ਸ੍ਰੀਨਗਰ ਸਮਾਰਟ ਸਿਟੀ ਲਿਮਟਿਡ ਦੁਆਰਾ ਇਸ ਦੇ ਪੁਨਰ ਨਿਰਮਾਣ ਦਾ ਬੀੜਾ ਚੁੱਕਿਆ ਗਿਆ ਸੀ। ਉਪ ਰਾਜਪਾਲ ਨੇ ਕਿਹਾ, 'ਇਸ ਅਧਿਆਤਮਿਕ ਵਿਰਾਸਤੀ ਸਥਾਨ ਦਾ ਪੁਨਰ ਨਿਰਮਾਣ 'ਵਿਰਾਸਤ ਵੀ ਵਿਕਾਸ ਵੀ', ਵਿਰਾਸਤ ਦੇ ਨਾਲ-ਨਾਲ ਵਿਕਾਸ ਨੂੰ ਯਕੀਨੀ ਬਣਾਉਣ ਦੇ ਸਾਡੇ ਸੰਕਲਪ ਦਾ ਪ੍ਰਮਾਣ ਹੈ।' ਗੁਰਦੁਆਰੇ ਦੀ ਇਮਾਰਤ ਦਾ ਪੁਨਰ ਨਿਰਮਾਣ ਕੀਤਾ ਗਿਆ ਹੈ; ਵਿਜ਼ਟਰਾਂ ਲਈ ਬਿਹਤਰ ਵਿਭਿੰਨ ਸਹੂਲਤਾਂ ਦੇ ਨਾਲ ਛੱਤ ਅਤੇ ਅੰਦਰੂਨੀ ਹਿੱਸੇ ਨੂੰ ਦੁਬਾਰਾ ਬਣਾਇਆ ਗਿਆ ਹੈ। ਉਪ ਰਾਜਪਾਲ ਦੇ ਨਾਲ ਸ਼੍ਰੀ ਜੁਨੈਦ ਅਜ਼ੀਮ ਮੱਟੂ, ਮੇਅਰ ਐਸਐਮਸੀ; ਡਾ: ਅਰੁਣ ਕੁਮਾਰ ਮਹਿਤਾ, ਮੁੱਖ ਸਕੱਤਰ ਅਤੇ ਪੁਲਿਸ ਅਤੇ ਯੂਟੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ।

## ਉੱਤਰਾਖੰਡ ਦੇ ਰਾਮ ਝੂਲਾ 'ਤੇ ਸਪੋਰਟ ਤਾਰ ਟੁੱਟਣ ਤੋਂ ਬਾਅਦ ਦੋਪਹੀਆ ਵਾਹਨਾਂ 'ਤੇ ਪਾਬੰਦੀ

ਰਿਸ਼ੀਕੇਸ਼: ਉੱਤਰਖੰਡ ਦੇ ਰਿਸ਼ੀਕੇਸ਼ ਸ਼ਹਿਰ ਦੇ ਰਾਮ ਝੂਲਾ ਪੁਲ 'ਤੇ ਪਿਛਲੇ ਕੁਝ ਦਿਨਾਂ ਤੋਂ ਭਾਰੀ ਬਾਰਿਸ਼ ਕਰਕੇ ਗੰਗਾ ਨਦੀ ਦੇ ਤੇਜ਼ ਵਹਾਅ ਕਾਰਨ ਸਹਾਇਕ ਤਾਰ ਟੁੱਟਣ ਤੋਂ ਬਾਅਦ ਦੋਪਹੀਆ ਵਾਹਨਾਂ ਦੀ ਆਵਾਜਾਈ ਨੂੰ ਰੋਕ ਦਿੱਤਾ ਗਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਗੰਗਾ ਨਦੀ ਦੇ ਤੇਜ਼ ਵਹਾਅ ਕਾਰਨ ਤੀਰਥ ਸਥਾਨ ਰਿਸ਼ੀਕੇਸ਼ ਵਿੱਚ ਪ੍ਰਸਿੱਧ ਰਾਮ ਝੂਲਾ ਪੁਲ ਦਾ ਪੁਲ ਟੁੱਟਣ ਤੋਂ ਬਾਅਦ ਪੌੜੀ ਪੁਲਿਸ ਪ੍ਰਸ਼ਾਸਨ ਨੇ ਲੋਕਾਂ ਅਤੇ ਦੋਪਹੀਆ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਲਗਾ ਦਿੱਤੀ ਹੈ।

ਰਿਸ਼ੀਕੇਸ਼ 'ਚ ਹੜ੍ਹ ਵਰਗੀ ਸਥਿਤੀ ਦੇਖਣ ਨੂੰ ਮਿਲ ਰਹੀ ਹੈ ਅਤੇ ਭਾਰੀ ਬਾਰਿਸ਼ ਤੋਂ ਬਾਅਦ ਨਦੀ ਦੇ ਪਾਣੀ ਦਾ ਪੱਧਰ ਖ਼ਤਰੇ ਦੇ ਪੱਧਰ ਤੋਂ ਉੱਪਰ ਹੋ ਗਿਆ ਹੈ।

ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸੋਮਵਾਰ ਨੂੰ ਰਾਜ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਸਰਵੇਖਣ ਕੀਤਾ ਅਤੇ ਰਿਸ਼ੀਕੇਸ਼ ਵਿੱਚ ਗੰਗਾ ਨਦੀ ਦੇ ਵਧ ਰਹੇ ਪਾਣੀ ਦੇ ਪੱਧਰ ਦਾ ਵੀ ਜਾਇਜ਼ਾ ਲਿਆ।

ਰਿਸ਼ੀਕੇਸ਼ ਪਿਛਲੇ 24 ਘੰਟਿਆਂ ਦੇ ਅੰਤਰਾਲ ਵਿੱਚ ਦੇਸ਼ ਭਰ ਵਿੱਚ ਸਭ ਤੋਂ ਵੱਧ ਬਾਰਿਸ਼ ਦਰਜ ਕੀਤੀ ਗਈ, ਜਿਸ ਵਿੱਚ ਭਾਰਤੀ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਇਸ ਸਮੇਂ ਦੌਰਾਨ 42.00 ਸੈਂਟੀਮੀਟਰ ਮੀਂਹ ਪਿਆ।



**ਰਿਸ਼ੀਕੇਸ਼ ਵਿੱਚ ਦੋਪਹੀਆ ਵਾਹਨਾਂ ਦੀ ਆਵਾਜਾਈ ਅਤੇ ਪੌੜੀ ਪੁਲਿਸ ਪ੍ਰਸ਼ਾਸਨ ਵੱਲੋਂ ਸਹਾਇਕ ਤਾਰ ਟੁੱਟਣ ਤੋਂ ਬਾਅਦ ਲੋਕਾਂ ਦੀ ਆਵਾਜਾਈ ਦੇ ਰੂਪ ਵਿੱਚ ਰਾਮ ਜੁਲਾ ਪੁਲ ਦਾ ਦ੍ਰਿਸ਼।**

ਪਵਿੱਤਰ ਨਗਰੀ 'ਚ ਪਰਮਾਰਥ ਨਿਕੇਤਨ ਆਸ਼ਰਮ ਨੇੜੇ ਭਗਵਾਨ ਸ਼ਿਵ ਦੀ ਮੂਰਤੀ ਨਦੀ 'ਚ ਅੰਸ਼ਕ ਤੌਰ 'ਤੇ ਡੁੱਬ ਗਈ। ਸਰਕਾਰੀ ਅਨੁਮਾਨਾਂ ਅਨੁਸਾਰ ਇਸ ਮੌਨਸੂਨ ਦੇ ਮੌਸਮ ਵਿੱਚ ਸੂਬੇ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਕਾਰਨ 52 ਲੋਕਾਂ ਦੀ ਮੌਤ ਹੋ ਗਈ ਜਦਕਿ 37 ਹੋਰ ਜ਼ਖ਼ਮੀ ਹੋ ਗਏ।

ਮੁੱਖ ਮੰਤਰੀ ਪੁਸ਼ਕਰ ਧਾਮੀ ਦੇ ਨਿਰਦੇਸ਼ਾਂ 'ਤੇ, ਐਸਡੀਆਰਐਫ ਅਤੇ ਐਨਡੀਆਰਐਫ ਦੇ ਜਵਾਨਾਂ ਨੂੰ ਮੀਂਹ ਨਾਲ ਸਬੰਧਤ ਘਟਨਾਵਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਥਾਵਾਂ 'ਤੇ ਤਾਇਨਾਤ ਕੀਤਾ ਗਿਆ ਸੀ। ਉੱਤਰਾਖੰਡ 'ਚ ਇਸ ਮਾਨਸੂਨ 'ਚ ਭਾਰੀ ਮੀਂਹ ਕਾਰਨ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਅਤੇ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ।

# ਅਗਲੇ ਸਾਲ ਲਾਲ ਕਿਲੇ ਤੋਂ ਮੁੜ ਸੰਬੋਧਨ ਕਰਾਂਗਾ: ਮੋਦੀ

## ਦੇਸ਼ ਦੇ ਨਾਂ ਸੰਬੋਧਨ ਵਿੱਚ ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਤੁਸ਼ਟੀਕਰਨ ਦੀ ਸਿਆਸਤ ਖਿਲਾਫ਼ ਜੰਗ ਛੇੜਨ ਦਾ ਦਿੱਤਾ ਸੱਦਾ











ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀਂ ਆਜ਼ਾਦੀ ਦਿਹਾੜੇ ਮੌਕੇ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਚੋਣ ਪਿੜ ਮਘਾਉਂਦਿਆਂ ਭ੍ਰਿਸ਼ਟਾਚਾਰ, ਤੁਸ਼ਟੀਕਰਨ ਤੇ ਪਰਿਵਾਰਵਾਦ ਦੀ ਸਿਆਸਤ ਜਿਹੀਆਂ 'ਤਿੰਨ ਬੁਰਾਈਆਂ' ਖਿਲਾਫ਼ ਜੰਗ ਛੇੜਨ ਤੇ ਮੈਗਾ ਸਕੀਮਾਂ ਨਾਲ ਹੋਰਨਾਂ ਪੱਛੜੀਆਂ ਸ਼ ?ਰੇਣੀਆਂ (ਓਬੀਸੀ) ਤੱਕ ਪਹੁੰਚ ਵਧਾਉਣ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਇਥੇ ਲਾਲ ਕਿਲੇ ਦੀ ਫਸੀਲ ਤੋਂ ਭਰੋਸਾ ਜਤਾਇਆ ਕਿ ਉਹ ਅਗਲੇ ਸਾਲ ਫਿਰ ਦੇਸ਼ ਨੂੰ ਇਸੇ ਮੰਚ ਤੋਂ ਸੰਬੋਧਨ ਕਰਨਗੇ। ਸ੍ਰੀ ਮੋਦੀ ਨੇ ਕਿਹਾ ਕਿ ਉਹ 'ਪਰਫੌਰਮ, ਰਿਫਾਰਮ ਤੇ ਟਰਾਂਸਫਾਰਮ' ਦੀ ਸਿਆਸਤ ਕਰਦੇ ਹਨ ਜਦੋਂਕਿ ਪਹਿਲਾਂ 'ਅਸਥਿਰਤਾ ਦੀ ਸਿਆਸਤ' ਹੁੰਦੀ ਸੀ। ਉਨ੍ਹਾਂ ਕਿਹਾ ਕਿ ਅੱਜ ਭਾਰਤ ਆਲਮੀ ਨਕਸ਼ੇ 'ਤੇ 'ਵਿਸ਼ਵਾਮਿੱਤਰ' ਵਜੋਂ ਉਭਰਿਆ ਹੈ।

ਦੇਸ਼ ਦੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਆਪਣੇ ਸੰਬੋਧਨ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਅਗਲੇ ਪੰਜ ਸਾਲ ਦਾ ਅਰਸਾ ਅਸਾਧਾਰਨ ਵਿਕਾਸ ਦਾ ਹੈ ਤੇ ਇਹ 2047 ਤੱਕ ਵਿਕਸਤ ਭਾਰਤ ਦੇ ਸੁਪਨੇ ਨੂੰ ਹਕੀਕੀ ਰੂਪ ਦੇਣ ਲਈ ਸੁਨਹਿਰੀ ਦੌਰ ਸਾਬਤ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਲੋਕਾਂ ਨੂੰ ਇਹ 'ਮੋਦੀ ਕੀ ਗਾਰੰਟੀ' ਹੈ ਕਿ ਦੇਸ਼ ਅਗਲੇ ਪੰਜ ਸਾਲਾਂ ਵਿੱਚ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣੇਗਾ। ਉਨ੍ਹਾਂ ਕਿਹਾ ਕਿ ਇਹ ਸਭ ਕੁਝ 'ਅਮ੍ਰਿਤ ਕਾਲ' (2047 ਤੱਕ ਦੀ ਮਿਆਦ) ਵਿੱਚ ਹੋਵੇਗਾ ਤੇ ਇਸ ਦਾ ਅਸਰ ਅਗਲੇ 1000 ਸਾਲਾਂ ਤੱਕ ਰਹੇਗਾ। ਅਗਾਮੀ ਸੂਬਾਈ ਅਸੈਂਬਲੀ ਚੋਣਾਂ ਤੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਓਬੀਸੀ ਭਾਈਚਾਰੇ ਦੇ ਮੈਂਬਰਾਂ ਤੱਕ ਰਸਾਈ ਲਈ ਸ੍ਰੀ ਮੋਦੀ ਨੇ 13000 ਕਰੋੜ ਤੋਂ 15000 ਕਰੋੜ ਰੁਪਏ ਦੀ ਮੈਗਾ ਸਕੀਮ 'ਵਿਸ਼ਵਕਰਮਾ ਯੋਜਨਾ' ਦਾ ਐਲਾਨ ਵੀ ਕੀਤਾ। ਯੋਜਨਾ ਤਹਿਤ ਰਵਾਇਤੀ ਹੁਨਰ ਜਿਵੇਂ ਤਰਖਾਣ, ਮਿਸਤਰੀ ਤੇ ਸੁਨਿਆਰੇ ਦੇ ਕੰਮ ਵਿੱਚ ਲੱਗੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਹੁਲਾਰੇ ਲਈ ਮੌਕੇ ਮਿਲਣਗੇ। ਓਬੀਸੀ ਵਰਗ ਲਈ ਲਾਹੇਵੰਦੀ ਇਸ ਸਕੀਮ ਦਾ ਅਧਿਕਾਰਤ ਆਗਾਜ਼ 17 ਸਤੰਬਰ ਨੂੰ ਵਿਸ਼ਵਕਰਮਾ ਜੈਯੰਤੀ ਮੌਕੇ ਕੀਤਾ ਜਾਵੇਗਾ।

ਨਸਲੀ ਹਿੰਸਾ ਦੇ ਝੰਬੇ ਮਨੀਪੁਰ ਦੇ ਹਾਲਾਤ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਹਾਲਾਤ ਸੁਧਰਨ ਲੱਗੇ ਹਨ ਤੇ ਸਮੱਸਿਆ ਦਾ ਹੱਲ ਸਿਰਫ਼ ਅਮਨ ਨਾਲ ਹੀ ਲੱਭਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, "ਪੂਰਾ ਦੇਸ਼ ਮਨੀਪੁਰ ਨਾਲ ਹੈ।" ਡੇਢ ਘੰਟੇ ਦੀ ਆਪਣੀ ਤਕਰੀਰ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ ਸਾਨੂੰ ਤਿੰਨ ਬੁਰਾਈਆਂ ਭ੍ਰਿਸ਼ਟਾਚਾਰ, ਪਰਿਵਾਰਵਾਦ ਦੀ ਸਿਆਸਤ ਤੇ ਤੁਸ਼ਟੀਕਰਨ ਦੀ ਰਾਜਨੀਤੀ ਖਿਲਾਫ਼ ਜੰਗ ਛੇੜਨੀ ਹੋਵੇਗੀ ਕਿਉਂਕਿ ਇਨ੍ਹਾਂ ਨੇ ਦੇਸ਼ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ, "ਘੁਣ ਵਾਂਗ ਭ੍ਰਿਸ਼ਟਾਚਾਰ ਨੇ ਦੇਸ਼ ਦੇ ਪੂਰੇ ਸਿਸਟਮ ਤੇ ਇਸ ਦੀਆਂ ਸਮਰੱਥਾਵਾਂ ਨੂੰ ਪੂਰੀ ਤਰ੍ਹਾਂ ਖੋਖਲਾ ਕਰ ਛੱਡਿਆ ਹੈ।" ਉਨ੍ਹਾਂ ਕਿਹਾ ਕਿ ਹਰੇਕ ਸੈਕਟਰ ਵਿੱਚ ਭ੍ਰਿਸ਼ਟਾਚਾਰ ਨਾਲ ਲੜਨਾ ਜ਼ਰੂਰੀ ਹੈ। ਸਾਲ 2047 ਤੱਕ ਭਾਰਤ ਨੂੰ ਵਿਕਸਤ ਬਣਾਉਣ ਲਈ 'ਨੇਕਨੀਅਤੀ, ਪਾਰਦਰਸ਼ਤਾ ਤੇ ਨਿਰਪੱਖਤਾ' ਜ਼ਿੰਦਗੀ ਦੇ ਹਰ ਖੇਤਰ ਵਿਚ ਜ਼ਰੂਰੀ ਹੈ। ਆਪਣੇ ਭਾਸ਼ਣ ਦੌਰਾਨ ਸ੍ਰੀ ਮੋਦੀ ਨੇ 140 ਕਰੋੜ ਭਾਰਤੀ ਨਾਗਰਿਕਾਂ ਨੂੰ ਘੱਟੋ-ਘੱਟ 50 ਵਾਰ ਆਪਣੇ 'ਪਰਿਵਾਰਜਨ' ਕਹਿ ਕੇ ਸੰਬੋਧਨ ਕੀਤਾ। ਇਸ ਤੋਂ ਪਹਿਲਾਂ 2014 ਤੋਂ ਹੁਣ ਤੱਕ 9 ਆਜ਼ਾਦੀ ਦਿਹਾੜਿਆਂ ਮੌਕੇ ਆਪਣੀ ਤਕਰੀਰ ਵਿੱਚ ਸ੍ਰੀ ਮੋਦੀ ਦੇਸ਼ਵਾਸੀਆਂ ਨੂੰ ਆਪਣੇ 'ਪਿਆਰੇ ਭਾਈਓ ਔਰ ਬਹਿਨੋਂ' ਜਾਂ ਫਿਰ 'ਮੇਰੇ ਪਿਆਰੇ ਦੇਸ਼ ਵਾਸੀਓ' ਕਹਿ ਕੇ ਸੰਬੋਧਨ ਕਰਦੇ ਰਹੇ ਹਨ। ਸ੍ਰੀ ਮੋਦੀ ਨੇ ਕਿਹਾ, "ਅਗਲੀ 15 ਅਗਸਤ ਨੂੰ ਮੈਂ ਇਸੇ ਲਾਲ ਕਿਲੇ ਤੋਂ ਦੇਸ਼ ਦੀਆਂ ਪ੍ਰਾਪਤੀਆਂ ਬਾਰੇ ਵਧੇਰੇ ਸਵੈ-ਵਿਸ਼ਵਾਸ ਨਾਲ ਗੱਲ ਕਰਾਂਗਾ।"





# ਸਤਲੁਜ ’ਚ ਪਾਣੀ ਦਾ ਪੱਧਰ ਵਧਿਆ, 16 ਪਿੰਡਾਂ ਦੇ 3500 ਲੋਕ ਹੋਏ ਪ੍ਰਭਾਵਿਤ







ਸੁਲਤਾਨਪੁਰ ਲੋਧੀ : ਪੰਜਾਬ ਵਿਚ ਸਤਲੁਜ ਦਰਿਆ ਅਤੇ ਬਿਆਸ ਦਰਿਆ ਮੁੜ ਪਾਣੀ ਨਾਲ ਭਰਨ ਕਰਕੇ ਇਕ ਵਾਰ ਫਿਰ ਤੋਂ ਹੜ੍ਹਾਂ ਵਰਗੇ ਹਾਲਾਤ ਪਿੰਡਾਂ ਵਿਚ ਬਣੇ ਹੋਏ ਹਨ। ਇਕ ਪਾਸੇ ਜਿੱਥੇ ਸਮਾਜਸੇਵੀ ਸੰਸਥਾਵਾਂ ਰਾਹਤ ਕਾਰਜ ਵਿਚ ਜੁਟੀਆਂ ਹੋਈਆਂ ਹਨ, ਉਥੇ ਹੀ ਬਾਊਪੁਰ ਜਦੀਦ ਦਾ ਰਹਿਣ ਵਾਲਾ ਪਰਮਜੀਤ ਨਾਂ ਦਾ ਸ਼ਖ਼ਸ ਵੀ ਪਿੰਡ ਦੇ ਲੋਕਾਂ ਦੀ ਸੇਵਾ ਕਰਨ ਵਿਚ ਜੁਟਿਆ ਹੋਇਆ ਹੈ। ਪਰਮਜੀਤ ਸਿੰਘ ਦਾ ਆਪਣਾ ਘਰ ਬਿਆਸ ਦਰਿਆ ਦੇ 15 ਫੁੱਟ ਉੱਚੇ ਪਾਣੀ ਨਾਲ ਘਿਰਿਆ ਹੋਇਆ ਹੈ ਪਰ ਫਿਰ ਇਹ ਸ਼ਖ਼ਸ ਲੋਕਾਂ ਦੀ ਸੇਵਾ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਜਦੋਂ ਇਕ ਮਹੀਨਾ ਪਹਿਲਾਂ ਇਸ ਖੇਤਰ ਵਿੱਚ ਹੜ੍ਹ ਆਇਆ ਸੀ ਤਾਂ ਉਦੋਂ ਤੋਂ ਹੀ ਇਹ ਕਿਸਾਨ ਸਾਰਾ ਦਿਨ ਮੋਟਰਬੋਟ ’ਤੇ ਸਵਾਰ ਹੋ ਕੇ ਪਿੰਡ ਵਾਸੀਆਂ ਨੂੰ ਬਾਊਪੁਰ ਮੰਡ ਦੇ ਪੁਲ ’ਤੇ ਲੈ ਕੇ ਜਾਣ ਅਤੇ ਵਾਪਸ ਲਿਆਉਣ ਲਈ ਪੂਰਾ ਦਿਨ ਮੋਟਰਬੋਟ ਦੀ ਸਵਾਰੀ ਕਰ ਰਿਹਾ ਹੈ।

ਮੰਗਲਵਾਰ ਨੂੰ ਇਲਾਕਾ ਮੁੜ ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ ਉਹ ਅਤੇ ਉਨ੍ਹਾਂ ਦਾ ਭਰਾ ਪਿੰਡ ਦਾ ਸਰਪੰਚ ਗੁਰਮੀਤ ਸਿੰਘ ਨਾ ਸਿਰਫ਼ ਆਪਣੇ ਪਿੰਡ ਦੀ ਆਬਾਦੀ ਦੀ ਸੇਵਾ ਕਰ ਰਹੇ ਹਨ, ਸਗੋਂ ਪਾਣੀ ਵਿੱਚ ਡੁੱਬੇ 16 ਪਿੰਡਾਂ ਦੇ ਘੱਟੋ-ਘੱਟ 3500 ਲੋਕ ਵੀ ਸੇਵਾ ਕਰ ਰਹੇ ਹਨ। ਹਾਲਾਂਕਿ ਇਥੇ ਪਿਛਲੇ ਤਿੰਨ ਦਿਨਾਂ ਤੋਂ ਐੱਨ. ਡੀ. ਆਰ. ਐੱਫ਼ ਅਤੇ ਫ਼ੌਜ ਤਾਇਨਾਤ ਹੈ ਪਰ ਪਰਮਜੀਤ ਪਿੰਡ ਵਾਸੀਆਂ ਦੀ ਮਦਦ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਅਜਿਹੇ ਲੋਕ ਹਨ, ਜੋ ਰੋਜ਼ਾਨਾ ਉਨ੍ਹਾਂ ਨੂੰ ਫੋਨ ਕਰਕੇ ਆਪਣਾ ਸਾਮਾਨ ਸੁਰੱਖਿਅਤ ਥਾਵਾਂ ’ਤੇ ਲਿਜਾਣ ਲਈ ਮਦਦ ਮੰਗਦੇ ਹਨ। ਇਸ ਲਈ ਉਹ ਲੋੜ ਦੇ ਇਸ ਸਮੇਂ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਤੋਂ ਇਨਕਾਰ ਨਹੀਂ ਕਰ ਸਕਦੇ।

ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਉਨ੍ਹਾਂ ’ਤੇ ਇੰਨਾ ਵਿਸ਼ਵਾਸ ਹੈ ਕਿ ਉਹ ਜਾਣਦੇ ਹਨ ਕਿ ਪਰਮਜੀਤ ਇਕ ਕਾਲ ’ਤੇ ਜ਼ਰੂਰ ਪਹੁੰਚ ਜਾਣਗੇ। ਇਸ ਦੇ ਇਲਾਵਾ ਕਿਉਂਕਿ ਸ਼ਾਇਦ ਹੀ ਕੋਈ ਇਥੇ ਸਰਕਾਰੀ ਰਾਹਤ ਸਮੱਗਰੀ ਆ ਰਹੀ ਹੈ, ਸਾਨੂੰ ਰੋਜ਼ਾਨਾ ਲੋੜਵੰਦ ਚੀਜ਼ਾਂ ਜਾਂ ਦਵਾਈਆਂ ਬਾਜ਼ਾਰ ਤੋਂ ਲਿਆਉਣੀਆਂ ਪੈਂਦੀਆਂ ਹਨ ਜਿਸ ਦੇ ਲਈ ਸਾਨੂੰ ਕਿਸ਼ਤੀ ਜ਼ਰੀਏ ਜਾਣਾ ਪੈਂਦਾ ਹੈ। ਅਸੀਂ ਆਪਣੇ ਘਰਾਂ ਨੂੰ ਖਾਲੀ ਨਹੀਂ ਛੱਡ ਸਕਦੇ ਕਿਉਂਕਿ ਚੋਰੀ ਦਾ ਡਰ ਬਣਿਆ ਰਹਿੰਦਾ ਹੈ। ਜਿੱਥੇ ਪਰਮਜੀਤ ਲੋਕਾਂ ਨੂੰ ਕਿਸ਼ਤੀ ਰਾਹੀਂ ਲੈ ਕੇ ਜਾਂਦੇ ਹਨ, ਉਥੇ ਹੀ ਉਨ੍ਹਾਂ ਪਰਿਵਾਰ ਆਪਣੇ ਘਰ ਵਿੱਚ ਰਹਿੰਦੇ ਘੱਟੋ-ਘੱਟ 15 ਹੋਰ ਬੇਸਹਾਰਾ ਪਰਿਵਾਰਾਂ ਦੀ ਦੇਖਭਾਲ ਕਰ ਰਿਹਾ ਹੈ। ਪਰਮਜੀਤ ਦੀ ਤਰ੍ਹਾਂ ਹੀ ਗੁਰਵਿੰਦਰ, ਦਿਲਬਾਗ ਸਿੰਘ, ਮਨਜਿੰਦਰ ਅਤੇ ਗੁਰਜੰਟ ਸਿੰਘ ਸਣੇ ਹੋਰ ਕਈ ਨੌਜਵਾਨ ਹਨ, ਜੋ ਅਸੁਰੱਖਿਅਤ ਘਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਆਪਣਾ ਸਾਮਾਨ ਪੈਕ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ’ਤੇ ਲਿਜਾਣ ਵਿੱਚ ਮਦਦ ਕਰ ਰਹੇ ਹਨ। ਗੁਰਵਿੰਦਰ ਨੇ ਕਿਹਾ ਇਸ ਸਮੇਂ, ਅਸੀਂ ਅਜਿਹੇ ਸਾਰੇ ਪਰਿਵਾਰਾਂ ਦੇ ਘਰੇਲੂ ਸਾਮਾਨ ਨੂੰ ਪਿੰਡ ਦੇ ਇਕ ਸਰਕਾਰੀ ਸਕੂਲ ਦੀ ਪਹਿਲੀ ਮੰਜ਼ਿਲ ’ਤੇ ਸ਼ਿਫ਼ਟ ਕਰ ਰਹੇ ਹਾਂ।

**ਹੜ੍ਹ ਕਾਰਨ 16 ਪਿੰਡਾਂ ਦੇ 3500 ਲੋਕ ਹੋਏ ਪ੍ਰਭਾਵਿਤ :** ਸੁਲਤਾਨਪੁਰ ਲੋਧੀ ਵਿੱਚ ਬਿਆਸ ਦੇ ਕੰਢੇ ਹੇਠਲੇ ਮੰਡ ਖੇਤਰ ਵਿੱਚ 16 ਪਿੰਡ ਹਨ, ਜਿੱਥੇ 3500 ਲੋਕ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿੱਚ ਬਾਊਪੁਰ ਕਦੀਮ, ਸਾਂਗਰਾ, ਮੰਡ ਮੁਬਾਰਕਪੁਰ, ਰਾਮਪੁਰ ਗੁਆਰਾ, ਭੈਣੀ ਕਾਦਰ ਬਖਸ਼, ਮੰਡ ਸਾਂਗਰਾ, ਕਿਸ਼ਨਪੁਰ ਗਤਕਾ, ਮੁਹੰਮਦਾਬਾਦ, ਭੈਣੀ ਬਹਾਦਰ, ਮੰਡ ਧੂੰਦਾ, ਮੰਡ ਭੀਮ ਜੱਦੀਦ ਅਤੇ ਆਲਮਖਾਨਵਾਲਾ ਸ਼ਾਮਲ ਹਨ। ਬਿਆਸ ਦਰਿਆ ਦੇ ਵਹਾਅ ਕਾਰਨ ਇਸ ਇਲਾਕੇ ਵਿੱਚ 10-15 ਫੁੱਟ ਤੱਕ ਹੜ੍ਹ ਦਾ ਪਾਣੀ ਖੜ੍ਹਾ ਹੈ।

# ਹੁਣ ਹਰਿਆਣੇ ’ਚ ਹੜ੍ਹਾਂ ਦਾ ਕਹਿਰ











ਭਾਰੀ ਮੀਂਹ ਕਾਰਨ ਹਰਿਆਣੇ ਦੇ ਗੁਰੂਗ੍ਰਾਮ ਦੇ ਕਈ ਹਿੱਸਿਆਂ ਵਿੱਚ ਪਾਣੀ ਭਰ ਗਿਆ। ਗੁਰੂਗ੍ਰਾਮ ’ਚ ਭਾਰੀ ਮੀਂਹ ਤੋਂ ਬਾਅਦ ਬੁਰੀ ਤਰ੍ਹਾਂ ਨਾਲ ਪਾਣੀ ਨਾਲ ਭਰੇ ਐਕਸਪ੍ਰੈਸ ਹਾਈ ਵੇਅ ਉਪਰ ਵਾਹਨ ਲੰਘਦੇ ਰਹੇ। ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਈ ਥਾਵਾਂ ਉਪਰ ਤਾਂ ਘਰ ਵੀ ਡੁੱਬ ਗਏ ਤੇ ਲੋਕ ਛੱਤਾਂ ਉਪਰ ਚੜ੍ਹਕੇ ਜਾਨ ਬਚਾਈ।

# ਕਿਸ਼ਤੀ 'ਚ ਬੈਠ ਮੁੱਖ ਮੰਤਰੀ ਭਗਵੰਤ ਮਾਨ ਨੇ ਹੁਸ਼ਿਆਰਪੁਰ ਤੇ ਟਾਂਡਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ






ਹੁਸ਼ਿਆਰਪੁਰ/ਟਾਂਡਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਪਹੁੰਚੇ ਸਨ। ਟਾਂਡਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰੀ ਕਾਲਜ ਟਾਂਡਾ ਵਿਖੇ ਗਿਆਨੀ ਕਰਤਾਰ ਸਿੰਘ ਜੀ ਦੀ ਯਾਦਗਾਰ 'ਤੇ ਫੁੱਲ ਮਿਲਾਵਾਂ ਭੇਂਟ ਕਰਕੇ ਨਮਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਗਿਆਨੀ ਕਰਤਾਰ ਸਿੰਘ ਵਰਗੇ ਦਰਵੇਸ਼ ਸਿਆਸਤਦਾਨ ਦੀ ਸਮੁੱਚੇ ਦੇਸ਼ ਭਾਰਤ ਨੂੰ ਬਹੁਤ ਲੋੜ ਹੈ। ਇਸ ਦੌਰਾਨ ਭਗਵੰਤ ਮਾਨ ਦਾ ਸਰਰਕਾਰੀ ਕਾਲਜ ਟਾਂਡਾ ਪਹੁੰਚਣ 'ਤੇ ਮੰਤਰੀ ਬ੍ਰਹਮ ਸ਼ੰਕਰ ਜਿਪਾ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ, ਐੱਸ. ਐੱਸ. ਪੀ. ਸਰਤਾਜ ਸਿੰਘ ਚਾਹਲ, ਚੈਅਰਮੈਨ ਹਰਮੀਤ ਸਿੰਘ ਔਲਖ, ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ, ਨੰਬਰਦਾਰ ਜਗਜੀਵਨ ਜੱਗੀ ਵੱਲੋਂ ਸੁਆਗਤ ਕੀਤਾ।

ਗਿਆਨੀ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸ਼ਤੀ ਵਿਚ ਸਵਾਰ ਹੋ ਕੇ ਟਾਂਡਾ ਦੇ ਰੜਾ ਮੰਡ, ਫੱਤਾਕੁੱਲਾ, ਅਬਦੁਲਪੁਰਾ, ਮਿਆਣੀ ਆਦਿ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਅਤੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਵਿਧਾਇਕ ਜਸਵੀਰ ਰਾਜਾ, ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਵੀ ਮੌਜੂਦ ਰਹੇ। ਇਸ ਮੌਕੇ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਗਿਆ। ਐੱਨ. ਡੀ. ਆਰ. ਐੱਫ਼. ਦੇ ਜਵਾਨਾਂ ਨਾਲ ਕਿਸ਼ਤੀ ਵਿਚ ਸਵਾਰ ਹੋ ਕੇ ਮੁੱਖ ਮੰਤਰੀ ਪਿੰਡ ਰੜਾ ਅਤੇ ਫੱਤਾ ਕੁੱਲਾ ਗਏ ਅਤੇ ਉਸ ਤੋਂ ਬਾਅਦ ਪਿੰਡ ਹਲੇੜ ਜਨਾਰਦਨ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਥਾਵਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਲਿਜਾਏ ਜਾਣ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸੂਬਾ ਸਰਕਾਰ ਲਈ ਹਰੇਕ ਨਾਗਰਿਕ ਦੀ ਜ਼ਿੰਦਗੀ ਬਹੁਤ ਅਨਮੋਲ ਹੈ ਅਤੇ ਲੋਕਾਂ ਨੂੰ ਇਸ ਔਖੀ ਘੜੀ ਵਿੱਚੋਂ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਹੈਲੀਕਾਪਟਰ ਸਮੇਤ ਸਮੁੱਚੀ ਮਸ਼ੀਨਰੀ ਲੋਕਾਂ ਦੀ ਮਦਦ ਵਿਚ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸੂਬੇ ਵਿਚ ਮੀਂਹ ਨਹੀਂ ਪਿਆ ਪਰ ਪਹਾੜੀ ਸੂਬਿਆਂ ਵਿਚ ਭਾਰੀ ਮੀਂਹ ਪੈਣ ਕਾਰਨ ਪੰਜਾਬ ਦੇ ਇਨ੍ਹਾਂ ਇਲਾਕਿਆਂ ਵਿਚ ਹੜ੍ਹ ਆਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਾਜ਼ਾ ਸਥਿਤੀ ਦਾ ਪਤਾ ਲਾਉਣ ਲਈ ਉਹ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨਾਲ ਲਗਾਤਾਰ ਰਾਬਤਾ ਰੱਖ ਰਹੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੌਂਗ ਡੈਮ ਤੋਂ ਵਾਧੂ ਪਾਣੀ ਛੱਡਣ ਕਾਰਨ ਇਹ ਜ਼ਿਲ੍ਹਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪੌਂਗ ਡੈਮ ਖ਼ਤਰੇ ਦੇ ਨਿਸ਼ਾਨ ਤੋਂ ਛੇ ਫੁੱਟ ਉੱਪਰ ਹੈ ਪਰ ਫਿਰ ਵੀ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਪਹਿਲਾਂ ਇਹ ਖ਼ਤਰੇ ਦੇ ਪੱਧਰ ਤੋਂ 10 ਫੁੱਟ ਤੋਂ ਉੱਪਰ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਲਈ ਡੈਮ ਤੋਂ ਕੰਟਰੋਲ ਢੰਗ ਨਾਲ ਪਾਣੀ ਛੱਡਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਖੜਾ ਡੈਮ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਰਾਹਤ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਸੂਬੇ ਦੇ ਲੋਕਾਂ ਵਿੱਚ ਸੰਕਟ ਸਮੇਂ ਦਾ ਟਾਕਰਾ ਕਰਨ ਦਾ ਅਦੁੱਤੀ ਜਜ਼ਬਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕ ਇਸ ਮੁਸ਼ਕਲ ਘੜੀ ਵਿੱਚ ਇੱਕ ਦੂਜੇ ਨਾਲ ਪਿਆਰ ਅਤੇ ਮੇਲ-ਮਿਲਾਪ ਦੀ ਵਿਲੱਖਣ ਭਾਵਨਾ ਦਾ ਪ੍ਰਗਟਾਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਮਿਸ਼ਨਰੀ ਭਾਵਨਾ ਨਾਲ ਇਕ-ਦੂਜੇ ਦੀ ਮਦਦ ਕਰ ਰਹੇ ਹਨ ਜਿਸ ਨਾਲ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਹੋ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਇਸ ਨੇਕ ਉਪਰਾਲੇ ਲਈ ਲੋਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਮਹਾਨ ਗੁਰੂਆਂ, ਸੰਤਾਂ-ਮਹਾਤਮਾ ਅਤੇ ਪੀਰ-ਪੈਗੰਬਰਾਂ ਵੱਲੋਂ ਦਿਖਾਏ ਮਾਰਗ ਚਲਦਿਆਂ ਦੁਖੀ ਲੋਕਾਂ ਦੀ ਸੇਵਾ ਕਰਦੇ ਹਨ। ਮੁੱਖ ਮੰਤਰੀ ਨੇ ਉਨ੍ਹਾਂ ਪਰਉਪਕਾਰੀ ਲੋਕਾਂ ਦੀ ਵੀ ਸ਼ਲਾਘਾ ਕੀਤੀ ਜੋ 'ਮੁੱਖ ਮੰਤਰੀ ਰਾਹਤ ਫੰਡ' ਵਿੱਚ ਖੁੱਲ੍ਹੇ ਦਿਲ ਨਾਲ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਪ੍ਰਸ਼ਾਸਨ ਦੇ ਨਾਲ-ਨਾਲ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੀ ਲੋਕਾਂ ਦੀ ਮਦਦ ਲਈ ਅੱਗੇ ਆ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਹਰ ਪਾਸਿਓਂ ਮਦਦ ਮਿਲ ਰਹੀ ਹੈ, ਉੱਥੇ ਹੀ ਸੂਬਾ ਸਰਕਾਰ ਲੋਕਾਂ ਦੀ ਭਲਾਈ ਲਈ ਇਨ੍ਹਾਂ ਫੰਡਾਂ ਦੀ ਸੁਚੱਜੀ ਵਰਤੋਂ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਵਿਸ਼ੇਸ਼ ਗਿਰਦਾਵਰੀ ਨਿਰਪੱਖ ਢੰਗ ਨਾਲ ਕੀਤੀ ਜਾਵੇ ਤਾਂ ਜੋ ਪੀੜਤ ਲੋਕਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾ ਸਕੇ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਨੂੰ ਮੁਆਵਜ਼ਾ ਜ਼ਰੂਰ ਦੇਵੇਗੀ ਭਾਵੇਂ ਉਨ੍ਹਾਂ ਦੀ ਮੁਰਗੀ ਜਾਂ ਬੱਕਰੀ ਦਾ ਨੁਕਸਾਨ ਹੋਇਆ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਫਸਲਾਂ, ਪਸ਼ੂਆਂ, ਮਕਾਨ ਜਾਂ ਕਿਸੇ ਵੀ ਚੀਜ਼ ਦੇ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ ਤਾਂ ਜੋ ਇਸ ਨੁਕਸਾਨ ਦਾ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਨੀਵੇਂ ਇਲਾਕਿਆਂ ਵਿੱਚ ਜਿੱਥੇ ਪਾਣੀ ਨੇ ਤਬਾਹੀ ਮਚਾਈ ਹੈ, ਉਸ ਦੇ ਨੁਕਸਾਨ ਦਾ ਵੀ ਪਤਾ ਲਾਇਆ ਜਾਵੇਗਾ ਅਤੇ ਲੋਕਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਹੜ੍ਹਾਂ ਦੌਰਾਨ ਲੋਕਾਂ ਦੇ ਹੋਏ ਇੱਕ-ਇੱਕ ਪੈਸੇ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਦੇਣ ਲਈ ਜੰਗੀ ਪੱਧਰ ਉਤੇ ਕੰਮ ਕਰ ਰਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਾਣੀ ਦੇ ਪੱਧਰ ਸਬੰਧੀ ਜਾਣਕਾਰੀ ਲੋਕਾਂ ਨਾਲ ਨਿਰੰਤਰ ਤੌਰ 'ਤੇ ਸਾਂਝੀ ਕਰਨ ਤਾਂ ਜੋ ਕਿਸੇ ਵੀ ਭੰਬਲਭੂਸੇ ਤੋਂ ਬਚਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੂੰ ਓਦੋਂ ਤੱਕ ਹੜ੍ਹਾਂ ਬਾਰੇ ਜਾਂ ਡੈਮਾਂ ਦੇ ਫਲੱਡ ਗੇਟ ਖੋਲ੍ਹਣ ਬਾਰੇ ਫੈਲਾਈਆਂ ਜਾਂਦੀਆਂ ਅਫਵਾਹਾਂ ਉਤੇ ਯਕੀਨ ਨਾ ਕਰਨ ਲਈ ਕਿਹਾ, ਜਦੋਂ ਤੱਕ ਅਧਿਕਾਰੀਆਂ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ। ਉਨ੍ਹਾਂ ਨੇ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਉਹ ਹੜ੍ਹਾਂ ਬਾਰੇ ਗਲਤ ਖ਼ਬਰਾਂ ਨੂੰ ਸਨਸਨੀਖੇਜ ਢੰਗ ਨਾਲ ਪੇਸ਼ ਨਾ ਕਰਨ ਅਤੇ ਇਸ ਔਖੇ ਸਮੇਂ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਣ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ, ਕਰਮਬੀਰ ਸਿੰਘ ਘੁੰਮਣ, ਡਾ. ਰਵਜੋਤ ਸਿੰਘ ਅਤੇ ਅਮਰਪਾਲ ਸਿੰਘ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ, ਐੱਸ. ਐੱਸ. ਪੀ. ਸਰਤਾਜ ਸਿੰਘ ਚਾਹਲ, ਜ਼ਿਲ੍ਹਾ ਦਿਹਾਤੀ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ, ਚੇਅਰਮੈਨ ਹੁਸ਼ਿਆਰਪੁਰ ਕੋਆਪਰੇਟਿਵ ਬੈਂਕ ਵਿਕਰਮ ਸ਼ਰਮਾ, ਲੋਕ ਸਭਾ ਇੰਚਾਰਜ ਹਰਵਿੰਦਰ ਸਿੰਘ ਬਖ਼ਸ਼ੀ ਅਤੇ ਹੋਰ ਹਾਜ਼ਰ ਸਨ।





ਕਪੂਰਥਲਾ ਵਿੱਚ ਬਿਆਸ ਦਰਿਆ ਵਿੱਚ ਪਾੜ ਪੈਣ ਤੋਂ ਬਾਅਦ ਫੌਜ ਦੇ ਜਵਾਨ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਚਾਅ ਕਾਰਜ ਕਰਦੇ ਹੋਏ

# ਹੁਣ ਇਕ ਵਾਰ ਮਾਮੇ ਦੀ ਥਾਂ ਚਾਚੇ 'ਤੇ ਭਰੋਸਾ ਕਰ ਕੇ ਦੇਖੋ: ਕੇਜਰੀਵਾਲ








ਸਤਨਾ : 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਮੱਧ ਪ੍ਰਦੇਸ਼ ਦੇ ਲੋਕਾਂ ਨੂੰ ਵੱਖ ਵੱਖ ਗਾਰੰਟੀਆਂ ਦਾ ਭਰੋਸਾ ਦਿੰਦਿਆਂ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ 'ਤੇ ਅਸਿੱਧੇ ਢੰਗ ਨਾਲ ਹਮਲਾ ਕੀਤਾ ਅਤੇ ਕਿਹਾ ਕਿ 'ਮਾਮੇ' ਨੂੰ ਤਾਂ ਪਰਖ ਲਿਆ, ਪਰ ਹੁਣ ਉਹ ਇਕ ਵਾਰ ਚਾਚੇ (ਕੇਜਰੀਵਾਲ) 'ਤੇ ਭਰੋਸਾ ਕਰਕੇ ਦੇਖਣ। ਮੱਧ ਪ੍ਰਦੇਸ਼ 'ਚ ਵਿਧਾਨ ਸਭਾ ਵੋਟਾਂ ਤੋਂ ਪਹਿਲਾਂ 'ਆਪ' ਦੀ ਇਥੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, "ਹੁਣ ਮਾਮੇ 'ਤੇ ਯਕੀਨ ਰੱਖਣਾ ਬੰਦ ਕਰ ਦਿਓ ਜਿਨ੍ਹਾਂ ਆਪਣੇ ਭਾਣਜਿਆਂ ਅਤੇ ਭਾਣਜੀਆਂ ਨੂੰ ਧੋਖਾ ਦਿੱਤਾ ਹੈ। ਹੁਣ ਤੁਹਾਡਾ ਚਾਚਾ (ਕੇਜਰੀਵਾਲ) ਮਾਮੇ ਦੇ ਧੋਖੇ ਦਾ ਬਦਲਾ ਲੈਣ ਆਇਆ ਹੈ। ਮਾਮੇ 'ਤੇ ਭਰੋਸਾ ਨਾ ਕਰੋ। ਹੁਣ ਸਿਰਫ਼ ਆਪਣੇ ਚਾਚੇ 'ਤੇ ਭਰੋਸਾ ਕਰੋ।" ਉਨ੍ਹਾਂ ਕਿਹਾ ਕਿ ਲੋਕਾਂ ਨੇ ਭਾਜਪਾ ਅਤੇ ਕਾਂਗਰਸ ਨੂੰ ਮੱਧ ਪ੍ਰਦੇਸ਼ 'ਚ ਬਥੇਰੇ ਮੌਕੇ ਦਿੱਤੇ ਹਨ ਪਰ 'ਆਪ' ਦੀਆਂ ਦਿੱਲੀ ਅਤੇ ਪੰਜਾਬ ਦੀਆਂ ਸਰਕਾਰਾਂ ਵੱਲ ਦੇਖੋ ਤਾਂ ਅਸੀਂ ਸਾਰੀਆਂ ਗਾਰੰਟੀਆਂ ਪੂਰੀਆਂ ਕਰਾਂਗੇ। 'ਆਪ' ਸੁਪਰੀਮੋ ਨੇ 300 ਯੂਨਿਟ ਮੁਫ਼ਤ ਬਿਜਲੀ, ਮੈਡੀਕਲ ਇਲਾਜ, ਵਧੀਆ ਸਕੂਲ ਬਣਾਉਣ, ਬੇਰੁਜ਼ਗਾਰ ਨੌਜਵਾਨਾਂ ਨੂੰ ਤਿੰਨ ਹਜ਼ਾਰ ਰੁਪਏ ਭੱਤਾ ਦੇਣ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਤੀਰਥ ਯਾਤਰਾ ਯੋਜਨਾ ਸਮੇਤ ਹੋਰ ਕਈ ਗਾਰੰਟੀਆਂ ਦਾ ਵੀ ਭਰੋਸਾ ਦਿੱਤਾ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਮੱਧ ਪ੍ਰਦੇਸ਼ ਨੂੰ ਹੁਣ ਭਾਜਪਾ ਦੇ ਡਬਲ ਇੰਜਣ ਦੀ ਲੋੜ ਨਹੀਂ ਹੈ। 'ਹੁਣ ਮੱਧ ਪ੍ਰਦੇਸ਼ ਨੂੰ ਅਰਵਿੰਦ ਕੇਜਰੀਵਾਲ ਦੇ ਨਵੇਂ ਇੰਜਣ ਦੀ ਲੋੜ ਹੈ।' ਕੇਜਰੀਵਾਲ ਦੀ ਤਾਰੀਫ ਕਰਦਿਆਂ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਗੰਗਾ ਦਾ ਵਹਾਅ ਉਲਟਾ ਨਹੀਂ ਵਹਿ ਸਕਦਾ, ਉਸੇ ਤਰ੍ਹਾਂ ਅਰਵਿੰਦ ਕੇਜਰੀਵਾਲ ਦੀ ਗਾਰੰਟੀ ਅਧੂਰੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਦਿੱਲੀ ਦੀ ਸਿੱਖਿਆ ਅਤੇ ਸਿਹਤ ਕ੍ਰਾਂਤੀ ਨੂੰ ਦੇਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡਰ ਗਏ ਹਨ। ਇਸੇ ਲਈ ਉਨ੍ਹਾਂ ਨੇ ਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਅਤੇ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਪਰ ਕੇਜਰੀਵਾਲ ਡਰਨ ਅਤੇ ਰੁਕਣ ਵਾਲਾ ਨਹੀਂ ਹੈ। ਭਗਵੰਤ ਮਾਨ ਨੇ ਮੋਦੀ ਨੂੰ ਜੁਮਲੇਬਾਜ਼ ਅਤੇ ਅਨਪੜ੍ਹ ਕਰਾਰ ਦਿੰਦਿਆਂ ਕਿਹਾ, "ਠੰਢੇ ਦਾ ਮਤਲਬ ਕੋਕਾ ਕੋਲਾ, ਅਨਪੜ ਦਾ ਮਤਲਬ ਨਰਿੰਦਰ ਮੋਦੀ ਹੈ।" ਉਨ੍ਹਾਂ ਕਿਹਾ ਕਿ ਮੋਦੀ ਨੇ ਦੇਸ਼ ਦੀ ਜਨਤਾ ਨਾਲ ਸਿਰਫ ਜੁਮਲੇਬਾਜ਼ੀ ਕੀਤੀ ਹੈ। ਉਹ ਬਚਪਨ ਵਿੱਚ ਚਾਹ ਵੇਚਣ ਦੀ ਗੱਲ ਕਰਦੇ ਸੀ, ਪਰ ਮੈਨੂੰ ਇਹ ਵੀ ਸ਼ੱਕ ਹੈ ਅਤੇ ਉਹ ਚਾਹ ਬਣਾਉਣਾ ਵੀ ਨਹੀਂ ਜਾਣਦੇ ਹੋਣਗੇ।

# ਕਿਸਾਨਾਂ ਵੱਲੋਂ ਸੰਸਦ ਮੈਂਬਰਾਂ, ਮੰਤਰੀਆਂ ਤੇ ਵਿਧਾਇਕਾਂ ਨੂੰ ਚਿਤਾਵਨੀ ਪੱਤਰ

## ਕੇਂਦਰ ਤੋਂ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨਣ ਤੇ ਦਸ ਹਜ਼ਾਰ ਕਰੋੜ ਦੇ ਪੈਕੇਜ ਦੀ ਮੰਗ






ਪਟਿਆਲਾ : ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਨੇ ਅੱਜ ਪਟਿਆਲਾ ਜ਼ਿਲ੍ਹੇ ਵਿੱਚ ਸੰਸਦ ਮੈਂਬਰ ਪ੍ਰਨੀਤ ਕੌਰ ਸਣੇ ਦੋਵੇਂ ਮੰਤਰੀਆਂ ਡਾ. ਬਲਬੀਰ ਤੇ ਚੇਤਨ ਸਿੰਘ ਜੌੜਾਮਾਜਰਾ, ਵਿਧਾਇਕਾਂ ਅਜੀਤਪਾਲ ਕੋਹਲੀ, ਨੀਨਾ ਮਿੱਤਲ, ਕੁਲਵੰਤ ਸਿੰਘ, ਗੁਰਲਾਲ ਘਨੌਰ ਅਤੇ ਦੇਵ ਮਾਨ ਦੇ ਘਰੀਂ ਦਸਤਕ ਦਿੰਦਿਆਂ ਘਿਰਾਓ ਵੀ ਕੀਤੇ। ਹੜ੍ਹ ਪ੍ਰਭਾਵਿਤ ਲੋਕਾਂ ਨੂੰ ਫੌਰੀ ਰਾਹਤ ਯਕੀਨੀ ਬਣਾਉਣ ਲਈ ਮੰਗ/ਚਿਤਾਵਨੀ ਪੱਤਰ ਸੌਂਪ ਕੇ ਕੇਂਦਰ ਤੋਂ ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕੇ ਪੰਜਾਬ ਲਈ ਦਸ ਹਜ਼ਾਰ ਕਰੋੜ ਦਾ ਵਿਸ਼ੇਸ਼ ਰਾਹਤ ਪੈਕੇਜ ਮੰਗਿਆ। ਨੁਕਸਾਨ ਦੀ ਭਰਪਾਈ ਲਈ ਨਿਯਮਾਂ 'ਚ ਛੋਟ ਦੀ ਮੰਗ ਕਰਦਿਆਂ, ਪੰਦਰਾਂ ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਨਾ ਕਾਫੀ ਗਰਦਾਨਿਆ। ਉਨ੍ਹਾਂ ਕਿਹਾ ਕਿ ਹੜ੍ਹ ਇਕੱਲੀ ਕੁਦਰਤੀ ਕਰੋਪੀ ਹੀ ਨਹੀਂ, ਬਲਕਿ ਪ੍ਰਬੰਧਾਂ 'ਚ ਤੋਟ ਕਾਰਨ ਪੈਦਾ ਹੋਈ ਆਫ਼ਤ ਵੀ ਹੈ।

ਇਨ੍ਹਾਂ ਐਕਸ਼ਨਾਂ ਦੀ ਅਗਵਾਈ ਮੋਰਚਾ ਦੇ ਆਗੂਆਂ ਸਤਨਾਮ ਬਹਿਰੂ, ਬੂਟਾ ਸ਼ਾਦੀਪੁਰ, ਰਾਮਿੰਦਰ ਪਟਿਆਲਾ ਤੇ ਧਰਮਪਾਲ ਸੀਲ ਸਮੇਤ ਗੁਰਮੀਤ ਦਿੱਤੂਪੁਰ, ਹਰਭਜਨ ਬੁੱਟਰ, ਦਵਿੰਦਰ ਪੂਨੀਆ, ਰਮੇਸ਼ ਆਜ਼ਾਦ, ਕੁਲਵੰਤ ਮੌਲਵੀਵਾਲਾ, ਰਾਮ ਸਿੰਘ ਮਟੋਰੜਾ, ਜਗਮੇਲ ਸੁੱਧੇਵਾਲ, ਦਵਿੰਦਰ ਪੂਨੀਆ, ਦਲਜਿੰਦਰ ਹਰਿਆਊ, ਦਲਜੀਤ ਚੱਕ, ਜਸਵੀਰ ਖੇੜੀ, ਗੁਰਬਖਸ਼ ਧਨੇਠਾ, ਰਣਜੀਤ ਆਕੜ, ਰਾਮਚੰਦ ਚੁਨਾਗਰਾ, ਕਰਨੈਲ ਲੰਗ ਤੇ ਜਸਵੀਰ ਫਤਿਹਪੁਰ ਆਦਿ ਨੇ ਕੀਤੀ।

ਸੰਗਰੂਰ : ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਵੱਲੋਂ ਅੱਜ ਇੱਥੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ ਗਿਆ ਅਤੇ ਚਿਤਾਵਨੀ ਪੱਤਰ ਸੌਂਪਿਆ ਗਿਆ। ਧਰਨਾਕਾਰੀ ਪੰਜਾਬ ਵਿਚ ਹੜ੍ਹਾਂ ਕਾਰਨ ਹੋਈ ਵਿਆਪਕ ਤਬਾਹੀ ਦੇ ਮੁਆਵਜ਼ੇ ਅਤੇ ਹੜ੍ਹਾਂ ਦੀ ਰੋਕਥਾਮ ਲਈ ਠੋਸ ਕਦਮ ਚੁੱਕਣ ਦੀ ਮੰਗ ਕਰ ਰਹੇ ਸਨ।

ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਨਾਲ ਸਬੰਧਤ ਕਿਸਾਨ ਸਥਾਨਕ ਅਨਾਜ ਮੰਡੀ ਵਿਚ ਇਕੱਠੇ ਹੋਏ ਜਿਥੋਂ ਰੋਸ ਮਾਰਚ ਕਰਦੇ ਹੋਏ ਰੇਲਵੇ ਚੌਂਕ ਵਿਚ ਸਥਿਤ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਦਫ਼ਤਰ ਅੱਗੇ ਪੁੱਜੇ ਅਤੇ ਧਰਨਾ ਦਿੱਤਾ ਗਿਆ। ਰੋਸ ਧਰਨੇ ਨੂੰ ਸੂਬਾਈ ਕਿਸਾਨ ਆਗੂ ਗੁਰਮੀਤ ਸਿੰਘ ਭੱਟੀਵਾਲ, ਊਧਮ ਸਿੰਘ ਸੰਤੋਖਪੁਰਾ, ਇੰਦਰਪਾਲ ਸਿੰਘ ਪੁੰਨਾਂਵਾਲ, ਗੁਰਦੀਪ ਸਿੰਘ ਬਡਰੁੱਖਾਂ, ਲਾਭ ਸਿੰਘ ਨਮੋਲ, ਮੁਹੰਮਦ ਖਲੀਲ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਹੜ੍ਹ ਪੀੜਤਾਂ ਦੀਆਂ ਮੰਗਾਂ ਮੰਨਣ 'ਚ ਕੋਈ ਢਿੱਲ ਵਰਤੀ ਤਾਂ ਸੰਯੁਕਤ ਕਿਸਾਨ ਮੋਰਚਾ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਵੇਗਾ।

ਪਾਤੜਾਂ: ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨ ਜਥੇਬੰਦੀਆਂ ਨੇ ਵਿਧਾਇਕ ਦੇ ਦਫ਼ਤਰ ਦਾ ਘਿਰਾਓ ਕਰ ਕੇ ਹੜ੍ਹਾਂ ਦੀ ਮਾਰ ਸਹਿ ਰਹੇ ਲੋਕਾਂ ਨੂੰ ਫੌਰੀ ਰਾਹਤ ਪੈਕੇਜ ਦੇਣ ਦੀ ਮੰਗ ਕੀਤੀ। ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਦਰਿਆਵਾਂ ਦੇ ਬੰਨ੍ਹ, ਨਦੀਆਂ-ਨਾਲਿਆਂ ਦੀ ਸਾਫ਼-ਸਫ਼ਾਈ ਵੱਲ ਬੇਧਿਆਨੀ ਵੀ ਹੜ੍ਹਾ ਦਾ ਇੱਕ ਕਾਰਨ ਹੈ। ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਕਾਗਜ਼ੀ ਐਲਾਨ ਹਨ ਜਦੋਂਕਿ ਜ਼ਮੀਨੀ ਪੱਧਰ 'ਤੇ ਅਧਿਕਾਰੀਆਂ ਵਲੋਂ ਅਣਗਹਿਲੀ ਵਰਤੀ ਜਾ ਰਹੀ ਹੈ।

ਮਾਲੇਰਕੋਟਲਾ : ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਮਾਲੇਰਕੋਟਲਾ ਜ਼ਿਲ੍ਹ?ਹਾ ਦੇ ਆਗੂਆਂ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਹੋਰਨਾਂ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕਰਦਿਆਂ ਵਿਧਾਇਕ ਮਾਲੇਰਕੋਟਲਾ ਡਾ. ਮੁਹੰਮਦ ਜ਼ਮੀਲ ਉਰ ਰਹਿਮਾਨ ਦੇ ਨਿੱਜੀ ਸਹਾਇਕ ਨੂੰ ਮੰਗ ਪੱਤਰ ਦਿੱਤਾ। ਮੰਗ ਪੱਤਰ ਦੇਣ ਵਾਲਿਆਂ ਵਿੱਚ ਬੀਕੇਯੂ ਏਕਤਾ (ਡਕੌਂਦਾ) ਦੇ ਬੂਟਾ ਖਾਂ, ਕੁਲ ਹਿੰਦ ਕਿਸਾਨ ਸਭਾ ਦੇ ਭਰਪੂਰ ਸਿੰਘ ਬੂਲਾਪੁਰ, ਬੀਕੇਯੂ (ਕਾਦੀਆਂ) ਦੇ ਜਗਦੀਸ਼ ਸਿੰਘ ਚੌਂਦਾ ਆਦਿ ਸ਼ਾਮਲ ਸਨ।

ਲਹਿਰਾਗਾਗਾ : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਹਲਕਾ ਲਹਿਰਾ ਦੇ ਵਿਧਾਇਕ ਬਰਿੰਦਰ ਗੋਇਲ ਦੇ ਸਥਾਨਕ ਅਨਾਜ ਮੰਡੀ ਦਫ਼ਤਰ ਅੱਗੇ 11 ਤੋਂ 4 ਵਜੇ ਤੱਕ ਧਰਨਾ ਦੇ ਕੇ ਵਿਧਾਇਕ ਨੂੰ ਚਿਤਾਵਨੀ ਪੱਤਰ ਸੌਂਪਿਆ ਗਿਆ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਫੌਰੀ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ।

# ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਮੁਹਿੰਮ





ਆਗਰਾ, ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ ’ਤੇ ਤਾਜ ਮਹਿਲ ਦੇ ਦਰਸ਼ਨਾਂ ਲਈ ਸੈਲਾਨੀਆਂ ਦੀ ਭੀੜ ਹੈ ਕਿਉਂਕਿ ਆਗਰਾ ਵਿੱਚ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਮੁਹਿੰਮ ਦੇ ਹਿੱਸੇ ਵਜੋਂ, 5-15 ਅਗਸਤ ਤੱਕ ਭਾਰਤੀ ਪੁਰਾਤੱਤਵ ਸਰਵੇਖਣ (ਏਐਸਆਈ) ਦੇ ਅਧੀਨ ਸੁਰੱਖਿਅਤ ਸਾਰੇ ਸਮਾਰਕਾਂ ਵਿੱਚ ਦਾਖਲਾ ਮੁਫਤ ਹੈ



ਆਗਰਾ, ਮੈਕਸੀਕਨ ਰਾਜ ਦੇ ਗਵਰਨਰ ਨਿਊਵੋ ਲਿਓਨ ਸੈਮੂਅਲ ਗਾਰਸੀਆ ਆਗਰਾ ਵਿੱਚ ਤਾਜ ਮਹਿਲ ਦੀ ਆਪਣੀ ਫੇਰੀ ਦੌਰਾਨ ਇੱਕ ਫੋਟੋ ਲਈ ਪੋਜ਼ ਦਿੰਦੇ ਹੋਏ।



ਆਗਰਾ : ਪੁਰਾਤੱਤਵ ਸਰਵੇਖਣ (ਏ.ਐਸ.ਆਈ.) ਦੇ ਅਧੀਨ 5-15 ਅਗਸਤ ਤੱਕ ਸੁਰੱਖਿਅਤ ਸਾਰੇ ਸਮਾਰਕਾਂ ਵਿੱਚ ਮੁਫਤ ਦਾਖਲੇ ਦੌਰਾਨ ਸੁਤੰਤਰਤਾ ਦਿਵਸ ਮਨਾ ਰਹੇ ਤਾਜ ਮਹਿਲ ਵਿੱਚ ਸੈਲਫੀ ਲੈਂਦੇ ਹੋਏ ਤਿਰੰਗੇ ਦੇ ਦੁਪੱਟੇ ਪਹਿਨਣ ਵਾਲੀਆਂ ਔਰਤਾਂ ਇੱਕ ਤਸਵੀਰ ਲਈ ਪੋਜ਼ ਦਿੰਦੀਆਂ ਹੋਈਆਂ। ਆਗਰਾ ਵਿੱਚ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਮੁਹਿੰਮ ਦਾ ਹਿੱਸਾ।

## ਅਟਾਰੀ ਸਰਹੱਦ ’ਤੇ ਮਨਾਇਆ 77ਵਾਂ ਸੁਤੰਤਰਤਾ ਦਿਵਸ



ਅੰਮ੍ਰਿਤਸਰः ਭਾਰਤ ਨੇ 77ਵਾਂ ਆਜ਼ਾਦੀ ਦਿਵਸ ਅੰਮ੍ਰਿਤਸਰ ਦੇ ਅਟਾਰੀ-ਵਾਹਗਾ ਸਰਹੱਦ ’ਤੇ ਮਨਾਇਆ। ਦੋਸਤੀ ਦਾ ਹੱਥ ਵਧਾਉਂਦੇ ਹੋਏ ਭਾਰਤ ਨੇ ਸੋਮਵਾਰ ਨੂੰ ਪਾਕਿ ਰੇਂਜਰਸ ਨੂੰ ਸੁਤੰਤਰਤਾ ਦਿਵਸ ’ਤੇ ਵਧਾਈ ਦਿਤੀ। ਅਟਾਰੀ ਸਰਹੱਦ ’ਤੇ ਦੁਪਹਿਰ ਕੁਝ ਸਮੇਂ ਲਈ ਦੋਵਾਂ ਦੇਸ਼ਾਂ ਨੇ ਆਪੋ-ਆਪਣੇ ਗੇਟ ਖੋਲ੍ਹੇ ਅਤੇ ਜ਼ੀਰੋ ਲਾਈਨ ’ਤੇ ਸੀਨੀਅਰ ਅਧਿਕਾਰੀਆਂ ਨੇ ਮੁਲਾਕਾਤ ਕੀਤੀ।

ਬੀਐਸਐਫ ਦੇ ਸੀਨੀਅਰ ਅਧਿਕਾਰੀਆਂ ਨੇ ਪਾਕਿ ਰੇਂਜਰਾਂ ਨੂੰ ਮਠਿਆਈਆਂ ਦਿਤੀਆਂ। ਇਸ ਦੇ ਨਾਲ ਹੀ ਪਾਕਿ ਰੇਂਜਰਾਂ ਨੇ ਬੀਐਸਐਫ ਨੂੰ ਮਠਿਆਈ ਦੇ ਕੇ ਧੰਨਵਾਦ ਵੀ ਕੀਤਾ। ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਸਰਹੱਦ ਦੀ ਰਾਖੀ ਕਰ ਰਹੇ ਦੋਵਾਂ ਦੇਸ਼ਾਂ ਦੇ ਜਵਾਨਾਂ ਨੇ ਵੀ ਮਠਿਆਈਆਂ ਦੇ ਕੇ ਅਤੇ ਹੱਥ ਹਿਲਾ ਕੇ ਇਕ ਦੂਜੇ ਦਾ ਸਵਾਗਤ ਕੀਤਾ। ਇਸ ਦੇ ਨਾਲ ਹੀ ਦੋਹਾਂ ਦੇਸ਼ਾਂ ’ਚ ਸ਼ਾਂਤੀ ਦੀ ਕਾਮਨਾ ਵੀ ਕੀਤੀ ਗਈ। ਭਾਰਤ ਅਤੇ ਪਾਕਿਸਤਾਨ ਦੇ ਜਵਾਨ ਨਾ ਸਿਰਫ਼ ਸੁਤੰਤਰਤਾ ਦਿਵਸ ਜਾਂ ਗਣਤੰਤਰ ਦਿਵਸ ’ਤੇ ਸਰਹੱਦ ’ਤੇ ਮਠਿਆਈਆਂ ਦਾ ਆਦਾਨ-ਪ੍ਰਦਾਨ ਕਰਦੇ ਹਨ, ਬਲਕਿ ਦੋਵਾਂ ਦੇਸ਼ਾਂ ਵਿਚ ਮਨਾਏ ਜਾਂਦੇ ਵੱਡੇ ਤਿਉਹਾਰਾਂ ’ਤੇ ਵੀ ਵਧਾਈ ਦਿੰਦੇ ਹਨ।

## ਹਿਮਾਚਲ ’ਚ ਮੌਤਾਂ ਦੀ ਗਿਣਤੀ ਵਧ ਕੇ 78 ਹੋਈ

ਸ਼ਿਮਲਾः ਸ਼ਿਮਲਾ ਦੇ ਵੱਖ ਵੱਖ ਹਿੱਸਿਆਂ ’ਚ ਭਾਰੀ ਮੀਂਹ ਕਾਰਨ ਵਾਪਰੀਆਂ ਢਿੱਗਾਂ ਖਿਸਕਣ ਦੀਆਂ ਘਟਨਾਵਾਂ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਵੱਲ ਭੇਜਣਾ ਸ਼ੁਰੂ ਕਰ ਦਿੱਤਾ ਹੈ। ਅਧਿਕਾਰੀਆਂ ਅਨੁਸਾਰ ਪਿਛਲੇ ਤਿੰਨ ਦਿਨਾਂ ਦੌਰਾਨ 250 ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਇਲਾਕਿਆਂ ਤੋਂ ਸੁਰੱਖਿਅਤ ਥਾਵਾਂ ਵੱਲ ਭੇਜਿਆ ਗਿਆ ਹੈ। ਇਨ੍ਹਾਂ ਇਲਾਕਿਆਂ ਕ੍ਰਿਸ਼ਨਾ ਨਗਰ, ਡਾਊਨਡੇਲ ਤੇ ਫਾਗਲੀ ਸ਼ਾਮਲ ਹਨ। ਦੂਜੇ ਪਾਸੇ ਸੂਬੇ ਵਿੱਚ ਮੀਂਹ ਕਾਰਨ ਵਾਪਰੀਆਂ ਘਟਨਾਵਾਂ ’ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਅੱਜ 78 ਹੋ ਗਈ ਹੈ।

ਸਥਾਨਕ ਲੋਕਾਂ ਨੇ ਕਿਹਾ ਕਿ ਉਹ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਜਾ ਰਹੇ ਹਨ। ਸਮਰ ਹਿੱਲ ਇਲਾਕੇ ਦੀ ਵਸਨੀਕ ਰੇਖਾ ਦੇਵੀ ਨੇ ਕਿਹਾ ਕਿ ਇੱਥੇ ਰਹਿੰਦੇ ਘੱਟੋ-ਘੱਟ 5-6 ਪਰਿਵਾਰ ਪਹਿਲਾਂ ਹੀ ਆਪਣੇ ਘਰ ਛੱਡ ਕੇ ਜਾ ਚੁੱਕੇ ਹਨ ਤੇ ਹੁਣ ਉਹ ਵੀ ਆਪਣੀ ਇਮਾਰਤ ਖਾਲੀ ਕਰ ਰਹੇ ਹਨ। ਉਨ੍ਹਾਂ ਕਿਹਾ, ‘ਅਜਿਹਾ ਪਹਿਲੀ ਵਾਰ ਹੋ ਰਿਹਾ ਹੈ। ਉਸ ਨੇ ਆਪਣੀ ਜ਼ਿੰਦਗੀ ’ਚ ਅਜਿਹੇ ਹਾਲਾਤ ਕਦੇ ਨਹੀਂ ਦੇਖੇ।’ ਸ਼ਿਮਲਾ ਦੇ ਐੱਸਡੀਐੱਮ ਭਾਨੂ ਗੁਪਤਾ ਨੇ ਕਿਹਾ ਕਿ ਇੱਥੇ ਸਥਿਤ ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਦੇ ਪਿਛਲੇ ਪਾਸੇ ਵੀ



ਪਹਾੜ ਖਿਸਕਿਆ ਹੈ। ਉਨ੍ਹਾਂ ਜੰਗਲਾਤ ਵਿਭਾਗ ਨੂੰ ਮੌਕੇ ’ਤੇ ਜਾ ਰਹੇ ਰਿਪੋਰਟ ਭੇਜਣ ਲਈ ਕਿਹਾ ਗਿਆ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ’ਚ ਇੱਕ ਹਫ਼ਤੇ ਦੌਰਾਨ ਮੀਂਹ ਕਾਰਨ ਵਾਪਰੀਆਂ ਘਟਨਾਵਾਂ ’ਚ ਮਰਨ ਵਾਲਿਆਂ ਦੀ ਗਿਣਤੀ ਅੱਜ ਵੱਧ ਕੇ 78 ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ਿਮਲਾ ਦੇ ਸਮਰ ਹਿੱਲ ਇਲਾਕੇ ’ਚ ਸ਼ਿਵ ਮੰਦਰ ਦੇ ਮਲਬੇ ਹੇਠੋਂ ਇੱਕ ਹੋਰ ਲਾਸ਼ ਬਰਾਮਦ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਲੰਘੇ ਐਤਵਾਰ ਤੋਂ ਲੈ ਕੇ ਹੁਣ ਤੱਕ ਜੋ 78 ਮੌਤਾਂ ਹੋਈਆਂ ਹਨ ਉਨ੍ਹਾਂ ’ਚੋਂ 17 ਸਮਰ ਹਿੱਲ, 5 ਫਾਗਲੀ ਤੇ ਦੋ ਕ੍ਰਿਸ਼ਨ ਨਗਰ ’ਚ ਹੋਈਆਂ ਹਨ। ਉਨ੍ਹਾਂ ਕਿਹਾ ਕਿ ਫੌਜ, ਐੱਨਡੀਆਰਐਫ, ਐੱਸਡੀਆਰਐੱਫ, ਪੁਲੀਸ ਤੇ ਹੋਮ ਗਾਰਡ ਦੇ ਮੁਲਾਜ਼ਮ ਬਚਾਅ ਕਾਰਜਾਂ ’ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਥਾਵਾਂ ’ਤੇ ਡਰੋਨ ਦੀ ਮਦਦ ਨਾਲ ਨਜ਼ਰ ਰੱਖੀ ਜਾ ਰਹੀ ਹੈ। ਸੂਬੇ ਦੇ ਐਮਰਜੈਂਸੀ ਵਿਭਾਗ ਨੇ ਦੱਸਿਆ ਕਿ 24 ਜੂਨ ਤੋਂ ਲੈ ਕੇ ਹੁਣ ਤੱਕ ਸੂਬੇ ਵਿੱਚ ਮੀਂਹ ਕਾਰਨ ਵਾਪਰੀਆਂ ਘਟਨਾਵਾਂ ਕਾਰਨ 221 ਦੇ ਕਰੀਬ ਮੌਤਾਂ ਹੋ ਚੁੰਕੀਆਂ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ 11,600 ਮਕਾਨ ਨੁਕਸਾਨੇ ਗਏ ਹਨ। ਸੂਬੇ ਵਿਚਲੀਆਂ 415 ਸੜਕਾਂ ਅਜੇ ਵੀ ਬੰਦ ਪਈਆਂ ਹਨ।

# 'ਹਰੇ ਹੀਰੇ' ਵਜੋਂ ਪੰਜਾਬ 'ਚ ਪਛਾਣ ਦਿਵਾਉਣ ਲਈ ਯਤਨਸ਼ੀਲ ਦਸੂਹਾ ਨਿਵਾਸੀ ਗੌਤਮ ਰਿਸ਼ੀ

## ਰੋਜ਼ਾਨਾ 6 ਸੱਤ ਘੰਟੇ ਆਪਣੇ ਫਾਰਮ ਤੇ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੇ ਹਨ

**ਅਕਸਰ ਦੇਖਿਆ ਜਾਂਦਾ ਹੈ ਜਦੋਂ ਕੋਈ ਆਦਮੀ ਕਿਸੇ ਕੰਮ ਨੂੰ ਜਨੂੰਨ ਦੀ ਹੱਦ ਤੱਕ ਕਰਨ ਵਿੱਚ ਮਸਰੂਫ ਹੋ ਜਾਵੇ ਤਾਂ ਇਸ ਤਰ੍ਹਾਂ ਦਾ ਕੋਈ ਮੁਕਾਮ ਨਹੀਂ ਜੋ ਉਹ ਹਾਸਲ ਨਾ ਕਰ ਸਕੇ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਹਨ ਜ਼ਿਲਾ ਹੁਸ਼ਿਆਰਪੁਰ ਦੇ ਕਸਬਾ ਦਸੂਹਾ ਨਿਵਾਸੀ ਗੌਤਮ ਰਿਸ਼ੀ ਜਿਹੜੇ ਬਾਂਸ ਨੂੰ 'ਹਰੇ ਹੀਰੇ' ਵਜੋਂ ਪੰਜਾਬ 'ਚ ਪਛਾਣ ਦਿਵਾਉਣ ਲਈ ਯਤਨਸ਼ੀਲ ਤੇ ਪੰਜਾਬ ਵਿੱਚ ਬਾਂਸ ਦੀ ਖੇਤੀ ਦੇ ਮਾਹਿਰ ਵਜੋਂ ਜਾਣੇ ਜਾਂਦੇ ਹਨ ਸੋ ਉਨ੍ਹਾਂ ਵਲੋਂ ਕੀਤੇ ਜਾ ਰਹੇ ਇਸ ਕਾਰਜ ਨਾਲ ਜਿਥੇ ਉਨ੍ਹਾਂ ਦਾ ਨਾਮ ਪੂਰੇ ਭਾਰਤ ਵਿੱਚ ਪਹੁੰਚ ਰਿਹਾ ਹੈ, ਉਥੇ ਉਨ੍ਹਾਂ ਵਲੋਂ ਕੀਤੇ ਜਾ ਰਹੇ ਕਾਰਜ ਨਾਲ ਸਰਕਾਰ ਨੂੰ ਵੀ ਲੱਖਾਂ ਰੁਪਏ ਦੀ ਆਮਦਨ ਹੁੰਦੀ ਹੈ।**

ਜੱਦੀ ਪਿੰਡ ਰਾਮਪੁਰ ਹਲੇੜ ਵਿਖੇ ਪੈਂਦੀ 9 ਹਜ਼ਾਰ ਕਨਾਲ ਜ਼ਮੀਨ 'ਤੇ ਬਾਂਸ ਦਾ ਜੰਗਲ ਬਣਾ ਕੇ ਪੰਚਾਇਤ ਦੀ ਆਮਦਨ ਨੂੰ ਸਾਲਾਨਾ ਇੱਕ ਕਰੋੜ ਰੁਪਏ ਤੱਕ ਲੈ ਕੇ ਜਾਣ ਲਈ ਯਤਨਸ਼ੀਲ ਹਨ।

ਗੌਤਮ ਰਿਸ਼ੀ ਵਲੋਂ ਪਹਿਲੀ ਵਾਰ 354 ਕਨਾਲ ਜ਼ਮੀਨ 'ਤੇ 1993 ਵਿੱਚ ਬਾਂਸ ਦੀ ਪੈਦਾਵਾਰ ਸ਼ੁਰੂ ਕੀਤੀ ਜਿਸਦੇ ਚਲਦਿਆਂ 1998 ਵਿੱਚ ਪਹਿਲੀ ਵਾਰ ਦੀ ਫਸਲ 20 ਹਜ਼ਾਰ ਰੁਪਏ ਤੋਂ 2018 ਵਿੱਚ ਸਾਲਾਨਾ 25 ਲੱਖ ਰੁਪਏ ਆਮਦਨ ਤੱਕ ਪਹੁੰਚ ਗਈ।

ਗੌਤਮ ਰਿਸ਼ੀ ਰੋਜ਼ਾਨਾ 6 ਸੱਤ ਘੰਟੇ ਆਪਣੇ ਫਾਰਮ ਤੇ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੇ ਹਨ।

ਪਾਣੀ ਦੀ ਦਿੱਕਤ ਨੂੰ ਦੇਖਦਿਆਂ ਆਪਣੀ ਜ਼ਮੀਨ 'ਤੇ ਇੱਕ ਡੈਮ ਬਣਾ ਦਿੱਤਾ ਇਹ ਡੈਮ ਧਰਾਤਲ ਤੋਂ 80 ਫ਼ੁੱਟ ਤੇ ਸਿਖਰ ਤੋਂ 15 ਫ਼ੁੱਟ ਚੌੜਾਈ ਸੀ ਮਿੱਟੀ ਦਾ ਬਣਿਆ ਡੈਮ ਅੱਜ ਵੀ ਖੜਾ ਹੈ ਤੇ ਹਮੇਸ਼ਾ ਉਸ ਵਿੱਚ ਵੀਹ ਫ਼ੁੱਟ ਪਾਣੀ ਜਮਾਂ ਰਹਿੰਦਾ ਹੈ।

ਦੇਸ਼ ਭਰ ਵਿੱਚ ਬਾਂਸ ਦੀ ਖੇਤੀ ਨਾਲ ਸਬੰਧਿਤ ਮਾਹਿਰ ਵਜੋਂ ਜਾਣੇ ਜਾਂਦੇ ਜ਼ਿਲ੍ਹੇ ਦੇ ਕਸਬਾ ਦਸੂਹਾ ਵਾਸੀ ਗੌਤਮ ਰਿਸ਼ੀ ਆਪਣੇ ਜੱਦੀ ਪਿੰਡ ਰਾਮਪੁਰ ਹਲੇੜ ਵਿਖੇ ਪੈਂਦੀ 9 ਹਜ਼ਾਰ ਕਨਾਲ ਜ਼ਮੀਨ 'ਤੇ ਬਾਂਸ ਦਾ ਜੰਗਲ ਬਣਾ ਕੇ ਪੰਚਾਇਤ ਦੀ ਆਮਦਨ ਨੂੰ ਸਾਲਾਨਾ ਇੱਕ ਕਰੋੜ ਰੁਪਏ ਤੱਕ ਲੈ ਕੇ ਜਾਣ ਲਈ ਯਤਨਸ਼ੀਲ ਹਨ। ਇਸ ਕੰਮ ਲਈ ਉਹ ਰੋਜ਼ਾਨਾ 6 ਸੱਤ ਘੰਟੇ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੇ ਹਨ। ਦੱਸਣਯੋਗ ਹੈ ਕਿ ਗੌਤਮ ਰਿਸ਼ੀ ਨੇ ਆਪਣੀ ਜੱਦੀ 354 ਕਨਾਲ ਜ਼ਮੀਨ ਵਿੱਚ ਬਾਂਸ ਦਾ ਜੰਗਲ ਬਣਾ ਕੇ ਵੱਡੀ ਪ੍ਰਸਿੱਧੀ ਹਾਸਿਲ ਕੀਤੀ ਸੀ।

**ਮਾਪਿਆਂ ਤੋਂ ਮਿਲੀ ਜ਼ਮੀਨ 'ਤੇ ਕੀਤੀ ਬਾਂਸ ਦੀ ਪੈਦਾਵਾਰ**


1978 ਵਿੱਚ ਮਾਪਿਆਂ ਤੋਂ ਬੰਜਰ ਪਈ 354 ਕਨਾਲ ਜ਼ਮੀਨ ਮਿਲੀ ਸੀ। ਉਸ ਖੇਤਰ ਵਿੱਚੋਂ 80 ਰੁਪਏ ਦੀ ਲੱਕੜ ਦਾ ਮੁੱਲ ਪਿਆ ਸੀ। ਉਪਰੰਤ ਇਜ਼ਰਾਈਲ ਦੇਸ਼ ਵੱਲੋਂ ਰੇਗਿਸਤਾਨ ਦੇ ਇਲਾਕੇ ਨੂੰ ਹਰਿਆਲੀ ਵਾਲੇ ਇਲਾਕੇ ਵਿੱਚ ਬਦਲਣ ਦੀ ਉਦਾਹਰਨ ਪੜ੍ਹਨ ਉਪਰੰਤ ਮਨ ਵਿੱਚ ਕੁਝ ਨਿਵੇਕਲਾ ਕਰਨ ਦੀ ਗੱਲ ਠਾਣ ਲਈ। ਉਕਤ ਉਸ 354 ਜ਼ਮੀਨ 'ਤੇ 1993 ਵਿੱਚ ਬਾਂਸ ਦੀ ਪੈਦਾਵਾਰ ਸ਼ੁਰੂ ਕੀਤੀ ਜਿਸਦੇ ਚਲਦਿਆਂ 1998 ਵਿੱਚ ਪਹਿਲੀ ਵਾਰ ਦੀ ਫਸਲ 20 ਹਜ਼ਾਰ ਰੁਪਏ ਤੋਂ 2018 ਵਿੱਚ ਸਾਲਾਨਾ 25 ਲੱਖ ਰੁਪਏ ਆਮਦਨ ਤੱਕ ਪਹੁੰਚ ਗਈ ਸੀ।

**ਪਾਣੀ ਦੀ ਕਮੀ ਦੇ ਹੱਲ ਲਈ ਬਣਾਇਆ ਆਪਣੀ ਜ਼ਮੀਨ 'ਤੇ ਡੈਮ**

ਗੌਤਮ ਰਿਸ਼ੀ ਨੇ ਦੱਸਿਆ ਕਿ ਕੰਡੀ ਦੇ ਇਲਾਕੇ ਵਿੱਚ ਪਾਣੀ ਦੀ ਦਿੱਕਤ ਨੂੰ ਦੇਖਦਿਆਂ ਆਪਣੀ ਜ਼ਮੀਨ 'ਤੇ ਇੱਕ ਡੈਮ ਬਣਾ ਦਿੱਤਾ। ਇਹ ਡੈਮ ਧਰਾਤਲ ਤੋਂ 80 ਫ਼ੁੱਟ ਤੇ ਸਿਖਰ ਤੋਂ 15 ਫ਼ੁੱਟ ਚੌੜਾਈ ਸੀ। ਮਿੱਟੀ ਦਾ ਬਣਿਆ ਡੈਮ ਅੱਜ ਵੀ ਖੜਾ ਹੈ ਤੇ ਹਮੇਸ਼ਾ ਉਸ ਵਿੱਚ ਵੀਹ ਫ਼ੁੱਟ ਪਾਣੀ ਜਮਾਂ ਰਹਿੰਦਾ ਹੈ। ਇਸ ਦੇ ਵਿੱਚ ਮੀਂਹ ਦਾ ਪਾਣੀ



ਵੀ ਜਮਾਂ ਰੱਖਿਆ ਜਾ ਸਕਿਆ। ਇਸ ਦੇ ਨਾਲ ਬਾਂਸ ਦੀ ਫਸਲ ਤੋਂ ਆਮਦਨ 20 ਹਜ਼ਾਰ ਤੋਂ 25 ਲੱਖ ਰੁਪਏ ਸਾਲਾਨਾ ਤੱਕ ਪਹੁੰਚ ਗਈ। ਉਪਰੰਤ ਉਨ੍ਹਾਂ ਨੇ ਨਿੱਜੀ ਕਾਰਨਾਂ ਕਰਕੇ ਆਪਣੇ ਹਿੱਸੇ ਆਉਂਦਾ ਬਾਂਸ ਦਾ ਇਹ ਰਕਬਾ ਵੇਚ ਦਿੱਤਾ ਸੀ।



Member Punjab State Board For Wild Life

**ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਹੇ ਚਹੇਤੇ**

ਗੌਤਮ ਰਿਸ਼ੀ ਨੇ ਦੱਸਿਆ ਕਿ 1998 ਵਿੱਚ ਸਥਾਨਿਕ ਡੀਐੱਫਓ ਵੱਲੋਂ ਉਨ੍ਹਾਂ ਦਾ ਬਣਾਇਆ ਬਾਂਸ ਦਾ ਜੰਗਲ ਦੇਖਿਆ ਤਾਂ ਉਨ੍ਹਾਂ ਦੀ ਮਿਹਨਤ ਦੀ ਗੱਲ ਪ੍ਰਸ਼ਾਸਨਿਕ ਤੌਰ 'ਤੇ ਫੈਲਣ ਲੱਗ ਪਈ। ਉਪਰੰਤ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਦਾ ਨਾਂ ਪੰਜਾਬ ਸਟੇਟ ਬੋਰਡ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਜਿਸ ਰਾਹੀਂ ਉਨ੍ਹਾਂ ਦਾ ਮੇਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਹੋਇਆ। ਬਾਦਲ ਨੇ ਉਨ੍ਹਾਂ ਦੀ ਲਗਨ ਨੂੰ ਦੇਖਦੇ ਹੋਏ ਗੌਤਮ ਰਿਸ਼ੀ ਨੂੰ ਪੰਜਾਬ ਦੀ ਆਰਥਿਕ ਖੁਸ਼ਹਾਲੀ ਲਈ ਵਿਸ਼ੇਸ਼ ਭੂਮਿਕਾ ਨਿਭਾਉਣ ਦੀ ਗੱਲ ਕਹੀ। ਰਿਸ਼ੀ ਨੇ ਦੱਸਿਆ ਕਿ ਸ਼੍ਰੀ ਦਸਮੇਸ਼ ਅਕੈਡਮੀ ਵਿਖੇ ਬਣਾਏ ਜੰਗਲ ਦੇ ਨਿਰਮਾਣ ਵਿੱਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਰਿਹਾ।

ਪਿੰਡ ਦੀ ਪੰਚਾਇਤ ਦੀ ਆਮਦਨ ਸਾਲਾਨਾ ਇੱਕ ਕਰੋੜ ਰੁਪਏ ਕਰਨ ਲਈ ਯਤਨਸ਼ੀਲ ਗੌਤਮ ਰਿਸ਼ੀ ਹਫ਼ਤੇ ਦੇ 6 ਦਿਨ ਰੋਜ਼ਾਨਾ 6 ਜਾਂ 7 ਘੰਟੇ ਤੱਕ ਬਾਂਸ ਦੇ ਸਮੂਹ ਲਗਾਉਣ ਲਈ ਲੰਘੇ ਦੋ ਸਾਲ ਤੋਂ ਆਪਣੇ ਪਿੰਡ ਰਾਮਪੁਰ ਦੀ 9 ਹਜ਼ਾਰ ਕਨਾਲ ਪੰਚਾਇਤੀ ਜ਼ਮੀਨ 'ਤੇ ਰੋਜ਼ਾਨਾ ਮਿਹਨਤ ਕਰ ਰਹੇ ਹਨ। ਪੰਜ ਸਾਲ ਬਾਅਦ ਸਾਲਾਨਾ 1 ਕਰੋੜ ਰੁਪਏ ਦੀ ਆਮਦਨ ਅਤੇ ਲਗਾਤਾਰ 100 ਸਾਲ ਤੱਕ ਇਸ ਆਮਦਨ ਨੂੰ ਜਾਰੀ ਰੱਖਣ ਲਈ ਯਤਨਸ਼ੀਲ ਹਨ। ਉਨ੍ਹ ਦਾ ਕਹਿਣਾ ਹੈ ਉਨ੍ਹਾਂ ਵੱਲੋਂ ਇਹ ਆਪਣੇ ਮਾਤ ਭੋਇੰ ਨੂੰ ਸਤਿਕਾਰ ਦੇਣ ਦਾ ਜ਼ਰੀਆ ਹੈ।

**ਪੰਜਾਬ ਦੇ ਕੰਡੀ ਖੇਤਰ ਦਾ ਹੋ ਸਕਦੈ ਕਾਇਆ ਕਲਪ**

ਗੌਤਮ ਰਿਸ਼ੀ ਨੇ ਕਿਹਾ ਕਿ ਬਾਂਸ ਦੀ ਖੇਤੀ ਸਬੰਧੀ ਬਣਦੀ ਖੋਜ਼ ਨਹੀਂ ਹੋਈ ਤੇ ਦੁਖਾਂਤ ਹੈ ਕਿ ਸਾਡਾ ਸੂਬਾ ਜਾਂ ਦੇਸ਼ ਲੋਕਾਂ ਨੂੰ ਇਸ ਸਬੰਧੀ ਜਾਣਕਾਰੀ ਹੀ ਨਹੀਂ ਦੇ ਸਕੇ ਕਿ ਕਿਸ ਇਲਾਕੇ ਲਈ ਬਾਂਸ ਦੀ ਕਿਹੜੀ ਕਿਸਮ ਵਧੀਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਬਾਂਸ



ਦਲਜੀਤ ਸਿੰਘ ਅਜਨੋਹਾ
98721-83601

ਆਰਥਿਕਤਾ ਬੇਹਤਰ ਕਰਨ ਦੇ ਨਾਲ ਨਾਲ ਵੱਡੇ ਪੱਧਰ 'ਤੇ ਰੁਜ਼ਗਾਰ ਵੀ ਪੈਦਾ ਹੋ ਸਕਦਾ ਹੈ। ਰਿਸ਼ੀ ਨੇ ਕਿਹਾ ਕਿ ਪੰਜਾਬ ਆਪਣੀ ਲੋੜ ਦਾ ਕਰੀਬਨ 95 ਫ਼ੀਸਦ ਬਾਂਸ ਹਿਮਾਚਲ ਪ੍ਰਦੇਸ਼ ਜਾਂ ਹੋਰਨਾਂ ਸੂਬਿਆਂ ਤੋਂ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਤਿੰਨ ਕਿਸਮਾਂ ਬਾਂਸ, ਨਾਲ ਤੇ ਮਗਰ ਬਾਂਸ ਦੀਆਂ ਪ੍ਰਮੁੱਖ ਕਿਸਮਾਂ ਹਨ ਤੇ ਸਰਕਾਰ ਵੱਲੋਂ ਐੱਮਐੱਸਪੀ ਅਧੀਨ ਲਿਆਉਣ ਉਪਰੰਤ ਇਸ ਤੋਂ ਵੱਡੀ ਆਮਦਨ ਦਾ ਰਾਹ ਖੁੱਲ੍ਹ ਸਕਦਾ ਹੈ।

**ਵੱਡੇ ਵੱਡੇ ਸੈਮੀਨਾਰਾਂ ਵਿੱਚ ਪੇਸ਼ ਕਰ ਚੁੱਕੇ ਹਨ ਵਿਚਾਰ**

ਦੇਸ਼ ਵਿੱਚ 2002 ਵਿੱਚ ਹੋਈ ਪਹਿਲੀ ਵਿਸ਼ਵ ਬਾਂਸ ਸਮਿਟ ਵਿੱਚ ਵੀ ਪੰਜਾਬ ਵੱਲੋਂ ਪ੍ਰਤੀਨਿਧ ਬਣ ਕੇ ਵਿਚਾਰ ਰੱਖਣ ਦਾ ਸਬੱਬ ਬਣਿਆ। ਇੰਦੋਰ ਵਿੱਚ 2016 -17 ਵਿੱਚ ਵਿਸ਼ਵ ਬੈਂਬੂਜ਼ ਸਮਿਟ ਵਿੱਚ ਵੀ ਵਿਚਾਰ ਰੱਖਣ ਦਾ ਮੌਕਾ ਮਿਲਿਆ। ਗੌਤਮ ਰਿਸ਼ੀ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੀ ਉਨ੍ਹਾਂ ਦੀ ਵਿਸ਼ੇਸ਼ ਪਛਾਣ ਹੈ ਤੇ ਬਾਂਸ ਸਬੰਧੀ ਜਾਣਕਾਰੀ ਲਈ ਉਨ੍ਹਾਂ ਨਾਲ ਰਾਬਤਾ ਕੀਤਾ ਜਾਂਦਾ ਹੈ। ਹਿਮਾਚਲ ਦੇ ਜ਼ਿਲ੍ਹੇ ਸੋਲਨ ਵਿਖੇ ਸਥਿਤ ਹੌਰਟੀਕਲਚਰ ਐਂਡ ਫਾਰੈਸਟਰੀ ਯੂਨੀਵਰਸਿਟੀ ਵਿੱਚ ਵੀ ਉਨ੍ਹਾਂ ਦੇ ਬਾਂਸ ਸਬੰਧੀ ਜਾਣਕਾਰੀ ਭਰਪੂਰ ਵਿਚਾਰ ਸੁਣੇ ਗਏ ਤੇ ਵਾਈਸ ਚਾਂਸਲਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

100 ਸਾਲ ਤੱਕ 2 ਲੱਖ ਤੋਂ ਤਿੰਨ ਲੱਖ ਰੁਪਏ ਦੀ ਪ੍ਰਤੀ ਏਕੜ ਫਸਲ ਦੀ ਸੰਭਾਵਨਾ ਗੌਤਮ ਰਿਸ਼ੀ ਨੇ ਦੱਸਿਆ ਬਾਂਸ ਦੀ ਖੇਤੀ ਪ੍ਰਤੀ ਏਕੜ ਦੋ ਤੋਂ ਤਿੰਨ ਲੱਖ ਰੁਪਏ ਸਾਲਾਨਾ ਦੀ ਆਮਦਨ ਹੋ ਸਕਦੀ ਹੈ। ਜੇਕਰ ਯੂਨੀਵਰਸਿਟੀ ਪੱਧਰ 'ਤੇ ਇਸ ਦੀਆਂ ਉੱਨਤ ਕਿਸਮਾਂ 'ਤੇ ਕੰਮ ਕੀਤਾ ਜਾਵੇ ਤਾਂ ਇਹ ਆਮਦਨ 4 ਲੱਖ ਰੁਪਏ ਸਾਲਾਨਾ ਤੋਂ ਵੀ ਉੱਪਰ ਹੋ ਸਕਦੀ ਹੈ। ਗੌਤਮ ਰਿਸ਼ੀ ਨੇ ਦੱਸਿਆ ਕਿ ਬੀਜਣ ਤੋਂ ਲੈ ਕੇ ਭਾਵੇਂ ਕਿ ਫਸਲ 5 ਸਾਲ ਬਾਅਦ ਹੀ ਪੈਦਾਵਾਰ ਦੇਣੀ ਸ਼ੁਰੂ ਕਰ ਦਿੰਦੀ ਹੈ ਲੇਕਿਨ ਭਰਵੀਂ ਪੈਦਾਵਾਰ 10 ਸਾਲ ਤੋਂ ਸ਼ੁਰੂ ਹੁੰਦੀ ਹੈ ਤੇ 100 ਸਾਲ ਤੱਕ ਇਸ ਤੋਂ ਪੈਦਾਵਾਰ ਲਈ ਜਾ ਸਕਦੀ ਹੈ।

**ਬਾਂਸ ਦੀ ਖੇਤੀ ਪਰਮਿਟ ਰਹਿਤ ਕਰਨ ਦੀ ਮੰਗ :** ਗੌਤਮ ਰਿਸ਼ੀ ਨੇ ਕਰਦਿਆਂ ਕੀਤਾ ਕਿ ਪੰਜਾਬ ਵਿੱਚ ਕੰਡੀ ਖੇਤਰ ਵਿੱਚ ਬਾਂਸ ਦੀ ਕਟਾਈ ਕਰਨ ਲਈ ਸਰਕਾਰ ਤੋਂ ਪਰਮਿਟ ਲੈਣਾ ਪੈਂਦਾ ਹੈ। ਜੋ ਕਿ ਬੜੀ ਟੇਡੀ ਪ੍ਰਕ੍ਰਿਆ ਹੈ ਤੇ ਆਮ ਕਿਸਾਨ ਇਸ ਝੰਜਟ ਤੋਂ ਬਚਣ ਲਈ ਬਾਂਸ ਦੀ ਖੇਤੀ ਵਾਲਾ ਲਾਹੇਬੰਦ ਧੰਦੇ ਕਰਨ ਤੋਂ ਕਤਰਾਉਂਦਾ ਹੈ। ਰਿਸ਼ੀ ਨੇ ਕਿਹਾ ਕਿ ਕੰਡੀ ਦਾ ਇਲਾਕਾ ਬਾਂਸ ਦਾ ਪੈਦਾਵਾਰ ਲਈ ਬੁਹੁਤ ਹੀ ਢੁਕਵਾਂ ਹੈ। ਰਿਸ਼ੀ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਬਾਂਸ ਦੀ ਕਟਾਈ ਲਈ ਪਰਮਿਟ ਰਹਿਤ ਢਾਂਚਾ ਬਣਾਉਣ ਦੀ ਲੋੜ ਹੈ ਤਾਂ ਜੋ ਘੱਟ ਜ਼ਮੀਨ ਵਾਲਾ ਕਿਸਾਨ ਵੀ ਇਹ ਫਸਲ ਪੈਦਾ ਕਰ ਕੇ ਲਾਭ ਕੇ ਪ੍ਰਾਪਤ ਕਰ ਸਕੇ।

## ਹੀਰੋਸ਼ੀਮਾ ਤੇ ਨਾਗਾਸਾਕੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪ੍ਰਮਾਣੂ ਜੰਗ ਦੀ ਤਬਾਹੀ ਦੇ ਨਤੀਜਿਆਂ ਬਾਰੇ ਪਰਮਜੀਤ ਢੀਂਗਰਾ ਦੀ ਭਾਵਪੂਰਤ ਲਿਖਤ ਸਾਂਝੀ ਕਰ ਰਹੇ ਹਾਂ: ਲਮਹਾ ਲਮਹਾ-31 (ਡਾਇਰੀ ਦਾ ਪੰਨਾ)

# ਪ੍ਰਮਾਣੂ ਹਮਲੇ ਦੇ ਚਸ਼ਮਦੀਦ 'ਹਿਬਾਕੂ ਜਿਮਾਕੂ'

ਦੂਜੀ ਸੰਸਾਰ ਵਿਚ ਸਾਮਰਾਜੀਆਂ ਨੇ ਜਿਹੜੇ ਮਨੁੱਖ ਮਾਰੂ ਫੈਸਲੇ ਲਏ ਉਨ੍ਹਾਂ ਵਿਚ ਸਭ ਤੋਂ ਭਿਆਨਕ ਸੀ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਕੀਤਾ ਗਿਆ ਪ੍ਰਮਾਣੂੰ ਹਮਲਾ।ਅੱਖ ਝਪਕਦਿਆਂ ਲੱਖਾਂ ਲੋਕ ਕਾਲੇ ਧੂੰਏਂ ਵਿਚ ਬਦਲ ਕੇ ਮੌਤ ਦੇ ਮੂੰਹ ਵਿਚ ਜਾ ਪਏ। ਸਿਤਮਜ਼ਰੀਫੀ ਤਾਂ ਇਹ ਕਿ ਅੱਜ ਤੱਕ ਕਿਸੇ ਸਾਮਰਾਜੀ ਨੇ ਇਸ ਕਰਤੂਤ ਦੀ ਮੁਆਫ਼ੀ ਨਹੀਂ ਮੰਗੀ, ਉਲਟਾ ਦੁਨੀਆ ਨੂੰ ਪ੍ਰਮਾਣੂੰ ਹਥਿਆਰਾਂ ਦੀ ਛਾਵੇਂ ਲਿਆ ਬਿਠਾਇਆ।ਅੱਜ ਤੱਕ ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਕੋਈ ਤੰਦਰੁਸਤ ਬੱਚਾ ਪੈਦਾ ਨਹੀਂ ਹੁੰਦਾ।ਹਰ ਬੱਚਾ ਕਿਸੇ ਨਾ ਕਿਸੇ ਬੱਜ ਦਾ ਸ਼ਿਕਾਰ ਹੁੰਦਾ ਹੈ।ਰੇਡੀਏਸ਼ਨ ਦੀ ਮਾਤਰਾ ਅੱਜ ਵੀ ਬਹੁਤ ਜ਼ਿਆਦਾ ਹੈ। ਵਿਲ ਮਸਤੁਦਾ ਨੇ ਇਹਦੇ ਬਾਰੇ ਇਕ ਰਿਪੋਰਟ ਜਾਰੀ ਕਰਦਿਆਂ ਕੁਝ ਅਜਿਹੇ ਰੁੱਖਾਂ ਦਾ ਜਿਕਰ ਕੀਤਾ ਹੈ ਜੋ ਪ੍ਰਮਾਣੂੰ ਹਮਲੇ ਤੋਂ ਬਚੇ ਰਹਿ ਗਏ। ਅੱਜ ਇਨ੍ਹਾਂ ਰੁੱਖਾਂ ਨੂੰ ਸਲਾਮ ਕਹਿਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਨੇ ਸਾਮਰਾਜੀ ਕਾਰਿਆਂ ਦਾ ਮੂੰਹ ਚਿੜਾ ਕੇ ਮਨੁੱਖਤਾ ਨੂੰ ਆਪਣੀ ਨੀਂਹ ਡੂੰਘੀ ਪੁੱਟਣ ਦਾ ਸੁਨੇਹਾ ਦਿੱਤਾ। ਮਸਤੁਦਾ ਲਿਖਦਾ ਹੈ-

ਮੇਰੀ ਦਾਦੀ ਹੀਰੋਸ਼ੀਮਾ ਬਾਰੇ ਕੋਈ ਗੱਲ ਕਰਨ ਤੋਂ ਕੰਨੀ ਕਤਰਾਉਂਦੀ ਹੈ। ਮੈਂ ਜਦੋਂ ਵੀ ਪੁਛਦਾ ਹਾਂ ਤਾਂ ਉਹ ਇਹੀ ਕਹਿੰਦੀ ਹੈ ਕਿ ਹੀਰੋਸ਼ੀਮਾ ਵਿਚ ਬੰਬ ਡਿੱਗਣ ਤੋਂ ਬਾਅਦ ਉਹਦੇ ਪਰਿਵਾਰ ਨਾਲ ਕੀ ਵਾਪਰਿਆ, ਉਹਨੂੰ ਇਹਦੇ ਬਾਰੇ ਕੁਝ ਵੀ ਪਤਾ ਨਹੀਂ। 6, ਅਗਸਤ 1945 ਦੀ ਸਵੇਰ ਉਸ ਭਿਆਨਕ ਹਾਦਸੇ ਦੀ ਗਵਾਹ ਹੈ ਜਦੋਂ ਅਮਰੀਕਾ ਨੇ ਹੀਰੋਸ਼ੀਮਾ 'ਤੇ ਐਟਮ ਬੰਬ ਸੁਟਿਆ ਸੀ। ਓਦੋਂ ਵੀਹਾਂ ਵਰ੍ਹਿਆਂ ਦੀ ਮੇਰੀ ਦਾਦੀ ਹੋਨੋਲੂਲੂ ਵਿਚ ਸੀ। ਹੀਰੋਸ਼ੀਮਾ ਵਿਚ ਜਿਥੇ ਐੱਟਮ ਬੰਬ ਸੁਟਿਆ ਗਿਆ, ਉਹ ਮੇਰੀ ਦਾਦੀ ਦੇ ਗੁਆਂਢ ਵਿਚ ਸੀ। ਉਸ ਬੰਬ ਨਾਲ ਸਾਰਾ ਸ਼ਹਿਰ ਤਬਾਹ ਹੋ ਗਿਆ ਤੇ ਇਕ ਲੱਖ ਤੋਂ ਵਧੇਰੇ ਲੋਕ ਮਾਰੇ ਗਏ। ਜ਼ਖਮੀਆਂ ਦੀ ਕੋਈ ਗਿਣਤੀ ਨਹੀਂ। ਮੇਰੀ ਦਾਦੀ ਨੇ ਦਸਿਆ ਕਿ ਸਿਰਫ ਉਹਦਾ ਇਕ ਚਾਚਾ ਹੀ ਬਚਿਆ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਐੱਟਮ ਬੰਬ ਦੇ ਡਿੱਗਣ ਨਾਲ ਜ਼ਮੀਨ 'ਤੇ ਇਕ ਦਮ ਤਾਪਮਾਨ 3,000 ਤੋਂ 4,000 ਡਿਗਰੀ ਸੈਲਸੀਅਸ ਹੋ ਗਿਆ ਭਾਵ ਏਨੀ ਜ਼ਿਆਦਾ ਗਰਮੀ ਜਿਸ ਨਾਲ ਮਨੁੱਖੀ ਜਿਸਮ ਕਾਲੇ ਧੂੰਏਂ ਵਿਚ ਬਦਲ ਗਏ। ਮੈਂ ਉਸ ਦਿਨ ਦੀ ਕਲਪਨਾ ਹੀ ਕਰ ਸਕਦਾ ਹਾਂ ਕਿ ਮੇਰੇ ਵਡੇਰਿਆਂ ਦਾ ਪਰਿਵਾਰ ਨਾਸ਼ਤਾ ਕਰਨ ਬੈਠਾ ਅਚਾਨਕ ਕਾਲੇ ਧੂੰਏਂ ਵਿਚ ਬਦਲ ਗਿਆ ਹੋਵੇਗਾ।

ਮੈਂ ਕਦੇ ਹੀਰੋਸ਼ੀਮਾ ਨਹੀਂ ਗਿਆ। ਪਰ ਵਡੇਰਿਆਂ ਦੀਆਂ ਚੀਜ਼ਾਂ ਨਾਲ ਜੁੜਨ ਦੀ ਮੇਰੀ ਹਮੇਸ਼ਾਂ ਇੱਛਾ ਰਹੀ ਹੈ। ਪਿਛਲੇ ਦਿਨੀਂ ਅਚਾਨਕ ਮੈਨੂੰ ਹੀਰੋਸ਼ੀਮਾ ਦੇ ਕੁਝ ਰੁੱਖਾਂ ਬਾਰੇ ਪਤਾ ਲੱਗਿਆ। ਮੈਂ ਗਿੰਗੋ ਦੇ ਰੁੱਖਾਂ ਦੀ ਗੱਲ ਕਰ ਰਿਹਾ ਹਾਂ। ਮੂਲ ਰੂਪ ਵਿਚ ਇਹ ਚੀਨੀ ਪ੍ਰਜਾਤੀ ਦਾ ਹੈ ਤੇ ਦੁਨੀਆ ਦੇ ਸਭ ਤੋਂ ਪੁਰਾਣੇ ਰੁੱਖਾਂ ਵਿਚ ਇਹਨੂੰ ਸ਼ੁਮਾਰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਇਹ ਰੁੱਖ ਓਦੋਂ ਵੀ ਹਿੱਕ ਤਾਣ ਕੇ ਖੜ੍ਹੇ ਰਹੇ ਸਨ ਜਦੋਂ ਧਰਤੀ 'ਤੇ ਇਕ ਵੱਡੇ ਐਸਟਰੋਇਡ ਦੇ ਡਿੱਗਣ ਨਾਲ ਡਾਇਨਾਸੌਰ ਖਤਮ ਹੋ ਗਏ ਸਨ। ਇਨ੍ਹਾਂ ਰੁੱਖਾਂ ਦੇ ਬਚੇ ਰਹਿਣ ਦਾ ਰਾਜ਼ ਇਹ ਹੈ ਕਿ ਇਨ੍ਹਾਂ ਦੀਆਂ ਜੜ੍ਹਾਂ ਧਰਤੀ ਵਿਚ ਏਨੀਆਂ ਡੂੰਘੀਆਂ ਹੁੰਦੀਆਂ ਹਨ ਕਿ ਪ੍ਰਮਾਣੂੰ ਬੰਬ ਦਾ ਹਾਈ ਤਾਪਮਾਨ ਵੀ ਇਨ੍ਹਾਂ ਨੂੰ ਨਸ਼ਟ ਨਹੀਂ ਕਰ ਸਕਦਾ।

ਐੱਟਮ ਬੰਬ ਦੇ ਹਮਲੇ ਤੋਂ ਬਚ ਗਏ ਲੋਕਾਂ ਨੂੰ ਜਾਪਾਨੀ ਭਾਸ਼ਾ ਵਿਚ ਹਿਬਾਕੁਸ਼ਾ ਕਹਿੰਦੇ ਹਨ। ਬੰਬ ਦੀ ਮਾਰ ਤੋਂ ਬਚੇ ਰਹਿ ਗਏ ਇਨ੍ਹਾਂ ਰੁੱਖਾਂ



6, ਅਗਸਤ 1945 ਦੀ ਸਵੇਰ ਉਸ ਭਿਆਨਕ ਹਾਦਸੇ ਦੀ ਗਵਾਹ ਹੈ ਜਦੋਂ ਅਮਰੀਕਾ ਨੇ ਹੀਰੋਸ਼ੀਮਾ 'ਤੇ ਐਟਮ ਬੰਬ ਸੁਟਿਆ ਸੀ। ਓਦੋਂ ਵੀਹਾਂ ਵਰ੍ਹਿਆਂ ਦੀ ਮੇਰੀ ਦਾਦੀ ਹੋਨੋਲੂਲੂ ਵਿਚ ਸੀ। ਹੀਰੋਸ਼ੀਮਾ ਵਿਚ ਜਿਥੇ ਐੱਟਮ ਬੰਬ ਸੁਟਿਆ ਗਿਆ, ਉਹ ਮੇਰੀ ਦਾਦੀ ਦੇ ਗੁਆਂਢ ਵਿਚ ਸੀ। ਉਸ ਬੰਬ ਨਾਲ ਸਾਰਾ ਸ਼ਹਿਰ ਤਬਾਹ ਹੋ ਗਿਆ ਤੇ ਇਕ ਲੱਖ ਤੋਂ ਵਧੇਰੇ ਲੋਕ ਮਾਰੇ ਗਏ। ਜ਼ਖਮੀਆਂ ਦੀ ਕੋਈ ਗਿਣਤੀ ਨਹੀਂ। ਮੇਰੀ ਦਾਦੀ ਨੇ ਦੱਸਿਆ ਕਿ ਸਿਰਫ ਉਹਦਾ ਇਕ ਚਾਚਾ ਹੀ ਬਚਿਆ।

ਨੂੰ ਜਾਪਾਨ ਵਿਚ ਹਿਬਾਕੂ ਜਿਮਾਕੂ ਕਿਹਾ ਜਾਂਦਾ ਹੈ। ਇਹ ਰੁੱਖ ਅੱਜ ਵੀ ਜਿਊਂਦੇ ਬਚੇ ਹੋਏ ਹਨ, ਜਦ ਕਿ ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਦੁਨੀਆ ਦੇ ਵੱਖ ਵੱਖ ਹਿਸਿਆਂ ਵਿਚ ਮਿਲਦੀਆਂ ਹਨ।

ਹੀਰੋਸ਼ੀਮਾ ਦੀ ਇਕ ਹਿਬਾਕੁਸ਼ਾ ਜੋ ਬੰਬ ਡਿੱਗਣ ਸਮੇਂ ਦਸਾਂ ਵਰ੍ਹਿਆਂ ਦੀ ਬਾਲੜੀ ਸੀ, 2003 ਵਿਚ ਓਰੇਗਾਨ ਆਈ ਤੇ 2017 ਵਿਚ ਉਹ 'ਗ੍ਰੀਨ ਲੀਗੇਸੀ ਹੀਰੋਸ਼ੀਮਾ' ਨਾਲ ਜੁੜ ਗਈ,ਜੋ ਹਿਬਾਕੂ ਜਿਮਾਕੂ ਦੀ ਦੇਖ ਭਾਲ ਕਰਨ ਵਾਲੀ ਸੰਸਥਾ ਹੈ ਉਹਨੇ ਇਹਦੇ 51 ਬੀਜ ਅਮਰੀਕਾ ਵਿਚ ਬੀਜੇ, ਜਿਸਦੇ ਰੁੱਖਾਂ ਨੂੰ ਉਹਨੇ 'ਹੀਰੋਸ਼ੀਮਾ ਪੀਸ ਟਰੀਜ਼' ਦਾ ਨਾਂ ਦਿਤਾ। ਐਟਮ ਬੰਬ ਦੇ ਹਮਲੇ ਵਿਚ ਆਪਣੀ ਮਾਂ ਤੇ ਭੈਣ ਭਰਾਵਾਂ ਨੂੰ ਗੁਆ ਚੁੱਕੀ ਇਸ ਔਰਤ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ-'ਮੈਂ ਆਪਣੀ ਮਾਂ ਨੂੰ ਤਾਂ ਜਨਮ ਨਹੀਂ ਦੇ ਸਕਦੀ,ਪਰ ਰੁੱਖਾਂ ਨੂੰ ਦੇ ਸਕਦੀ ਹਾਂ, ਪਾਲ ਸਕਦੀ ਹਾਂ।'

ਪਿਛਲੇ ਕੁਝ ਵਰ੍ ?ਆਂ ਤੋਂ ਮੈਂ ਇਨ੍ਹਾਂ ਰੁੱਖਾਂ ਕੋਲ ਜਾਂਦਾ ਹਾਂ,ਉਨ੍ਹਾਂ ਨੂੰ ਪਾਣੀ ਪਾਉਂਦਾ ਹਾਂ।ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਉਹ ਮੇਰੇ ਵਡ ?ਹੇਰਿਆਂ ਦੀ ਧਰਤੀ ਦੇ ਨੇ ਤੇ ਏਥੇ ਮੇਰੇ ਕੋਲ ਉਨ੍ਹਾਂ ਦੀ ਨਿਸ਼ਾਨੀ ਹਨ।

ਪੋਸਟ ਸਕ੍ਰਿਪਟ: ਕੁਝ ਜਾਪਾਨੀ ਕਵਿਤਾਵਾਂ

ਪ੍ਰਸਤਾਵਨਾ/ਤੋਗੇ ਸਾਂਕਿਚਿ

----

ਮੈਨੂੰ ਮੇਰਾ ਪਿਤਾ ਵਾਪਸ ਕਰ ਦਿਓ
ਮੇਰੀ ਮਾਂ ਵਾਪਸ ਕਰ ਦਿਓ
ਦਾਦਾ-ਦਾਦੀ ਵਾਪਸ ਕਰ ਦਿਓ
ਮੇਰੇ ਬੱਚੇ ਵਾਪਸ ਕਰ ਦਿਓ
ਮੈਨੂੰ ਮੇਰੀ 'ਮੈਂ' ਵਾਪਸ ਕਰ ਦਿਓ
ਮਨੁੱਖਤਾ ਵਾਪਸ ਕਰ ਦਿਓ
ਜਦ ਤੱਕ ਹੈ ਧਰਤੀ 'ਤੇ ਜ਼ਿੰਦਗੀ
ਤਦ ਤੱਕ ਲਈ
ਅਮਰ-ਅਨੰਤ-ਅਖੰਡ ਸ਼ਾਂਤੀ ਵਾਪਸ ਕਰ ਦਿਓ...

ਇਹ ਹੈ ਮਨੁੱਖ/ਹਾਰਾ ਤਾਮਿਕਿ

---

ਇਹ ਹੈ ਮਨੁੱਖ
ਪ੍ਰਮਾਣੂੰ ਬੰਬ ਦੀ ਕਰਾਮਾਤ ਤਾਂ ਦੇਖੋ
ਮਨੁੱਖੀ ਦੇਹਾਂ ਫੁਲ ਕੇ ਹੋ ਗਈਆਂ ਕਰੂਪ
ਗੁਆ ਬੈਠੀਆਂ ਆਪਣੀ ਪਛਾਣ, ਮਰਦਾਨੀ ਕਿ ਜਨਾਨੀ
ਬਦਰੰਗ, ਝੁਲਸੇ, ਕਰੂਪ ਚੇਹਰਿਆਂ 'ਤੇ
ਸੁੱਜੇ ਹੋਏ ਬੁਲ੍ਹਾਂ ਤੋਂ ਨਿਕਲ ਰਹੀ ਕਰਾਹੁੰਦੀ ਪੁਕਾਰ
'ਬਚਾਓ, ਬਚਾਓ'
'ਤ੍ਰਾਹ ਤ੍ਰਾਹ' ਕਰ ਰਹੀ ਲੋਕਾਈ
ਦੁਰਬਲ ਟੁੱਟ ਰਹੇ ਬੋਲ
ਮਨੁੱਖੀ ਦਰਦ ਦੀ ਹੂਕ
ਇਹ ਹੈ ਮਨੁੱਖ,
ਮਨੁੱਖ ਦਾ ਚੇਹਰਾ...

ਵਿਰਲਾਪ/ਓਓਹਿਰਾ ਕਾਜ਼ੁਕੋ

---

ਜੋ ਜਾ ਚੁੱਕੇ ਨੇ, ਵਾਪਸ ਨਹੀਂ ਆ ਸਕਦੇ
ਜੋ ਜਾ ਚੁੱਕੇ ਨੇ, ਰੋ ਨਹੀਂ ਸਕਦੇ
ਜੋ ਜਾ ਚੁੱਕੇ ਨੇ,
ਉਨ੍ਹਾਂ ਕੋਲ ਰੋਣ ਦਾ ਕੋਈ ਸਬੱਬ ਨਹੀਂ
ਜੋ ਜਿਊਂਦੇ ਬਚ ਗਏ ਨੇ, ਉਹ ਕੀ ਕਰਨ
ਜਿਊਂਦੇ ਬਚ ਗਏ ਲੋਕ ਕੀ ਸਮਝਣ
ਜਿਹੜੇ ਜਿਊਂਦੇ ਬਚ ਗਏ ਨੇ
ਉਹ ਦੁੱਖਾਂ ਨੂੰ ਤੋੜਦੇ ਜਾਣ
ਯਾਦਾਂ ਨੂੰ ਵਿਸਾਰ ਕੇ ਜਾਣ
ਜਿਹੜੇ ਜਿਊਂਦੇ ਬਚ ਗਏ ਨੇ
ਉਹ ਤੁਰੇ ਜਾਣ,
ਭਾਵਹੀਨ ਮੁਖੌਟਿਆਂ ਨੂੰ ਸੰਭਾਲੀ...

ਟਿੱਲਾ/ਤਾਨਾਕਾ ਕਿਸ਼ਿਰੋ

---

ਨਿਨੋਸ਼ੀਆ ਟਾਪੂ 'ਤੇ
ਹਜ਼ਾਰਾਂ ਮੋਇਆਂ ਦੀ ਯਾਦ ਵਿਚ ਬਣੀ ਯਾਦਗਾਰ ਹੇਠਾਂ
ਸੌਂ ਰਹੀ ਹੈ ਮੇਰੀ ਬੇਟੀ
ਉਹਦਾ ਨਾਂ ਅਜੇ ਤੱਕ ਹੈ ਉਨ੍ਹਾਂ ਦੀ ਸੂਚੀ ਵਿਚ
ਕਿੰਨਾ ਦੁਖਦਾਈ.. ਕਿੰਨੀ ਬਦਕਿਸਮਤੀ...
ਓ ਮੇਰੇ ਪ੍ਰਮਾਣੂੰ-ਲਤਾੜੇ ਹੀਰੋਸ਼ੀਮਾ!

ਡੁੱਬਦਾ ਸੂਰਜ

---

ਮੇਰੀ ਬੱਚੀ ਨਹੀਂ ਰਹੀ
ਪ੍ਰਾਇਮਰੀ ਸਕੂਲ ਦੀਆਂ ਕੰਧਾਂ 'ਤੇ
ਠਹਿਰ ਗਈ ਹੈ ਡੁੱਬਦੇ ਸੂਰਜ ਦੀ ਲਾਲੀ
ਏਧਰ ਓਧਰ ਖਿਲਰੀਆਂ ਪਈਆਂ ਨੇ ਖੋਪੜੀਆਂ
ਓ ਮੇਰੇ ਪ੍ਰਮਾਣੂੰ-ਲਤਾੜੇ ਹੀਰੋਸ਼ੀਮਾ!

ਖ਼ੂਨ/ਤੋਕੁਨੋ ਕੋਆਇਚਿ

---

ਜਮਾਤ ਵਿਚ ਸਿਰ ਸੁੱਟੀ
ਇਕਾਗਰਚਿਤ 'ਨੋਟਸ' ਲੈਂਦਿਆਂ
ਅਚਾਨਕ ਖ਼ੂਨ ਦੀ ਇਕ ਬੂੰਦ ਮੇਰੀ ਪੈਂਸਿਲ 'ਤੇ ਡਿੱਗੀ
ਮੇਰੇ ਨੱਕ 'ਚੋਂ ਵਗਦਾ ਰਿਹਾ ਖ਼ੂਨ
ਸ਼ਬਦਾਂ ਨੂੰ ਲਗਾਤਾਰ ਆਪਣੀ ਲਾਲੀ ਨਾਲ ਰੰਗਦਾ
ਮੇਰੇ ਅੰਤਰਮਨ ਦੇ ਕੋਨੇ 'ਚੋਂ ਆਈ ਆਵਾਜ਼
ਇਕ ਸ਼ਬਦ ਗੂੰਜਿਆ-ਮੌਤ!

94173 58120



# ਚੀਨ ਦੀ ਇਕ ਹੋਰ ਖ਼ਤਰਨਾਕ ਚਾਲ

**ਵਿਜੈ ਕ੍ਰਾਂਤੀ**

ਹਾਲ ਹੀ 'ਚ 'ਨਿਊਯਾਰਕ ਟਾਈਮਜ਼' 'ਚ ਛਪੀ ਖ਼ਬਰ ਨੇ ਭਾਰਤੀ ਰਾਜਨੀਤੀ 'ਚ ਭੂਚਾਲ ਲਿਆ ਦਿੱਤਾ। ਅਖ਼ਬਾਰ ਅਨੁਸਾਰ ਅਮਰੀਕੀ ਉਦਯੋਗਪਤੀ ਨੇਵੇਲ ਰਾਏ ਸਿੰਘਮ ਅਮਰੀਕਾ, ਬ੍ਰਿਟੇਨ, ਦੱਖਣੀ ਅਫਰੀਕਾ ਤੇ ਬ੍ਰਾਜ਼ੀਲ ਜਿਹੇ ਕਈ ਦੇਸ਼ਾਂ ਤੋਂ ਇਲਾਵਾ ਭਾਰਤ 'ਚ ਵੀ ਚੀਨ ਸਰਕਾਰ ਤੇ ਚੀਨੀ ਕਮਿਊਨਿਸਟ ਪਾਰਟੀ ਦੀ ਪ੍ਰਾਪੇਗੰਡਾ ਮੁਹਿੰਮ ਚਲਾਉਂਦਾ ਹੈ।

'ਨਿਊਯਾਰਕ ਟਾਈਮਜ਼' ਦੀ ਇਸ ਖੋਜੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਸਿੰਘਮ ਨੇ ਕਰੋੜਾਂ ਡਾਲਰ ਖ਼ਰਚ ਕਰ ਕੇ ਜਿਨ੍ਹਾਂ ਖ਼ਬਰੀ ਮਾਧਿਅਮਾਂ ਦੀ ਵਰਤੋਂ ਕੀਤੀ, ਉਨ੍ਹਾਂ 'ਚ ਭਾਰਤ 'ਚ ਸਰਗਰਮ ਇਕ ਖ਼ਬਰੀ ਵੈੱਬਸਾਈਟ 'ਨਿਊਜ਼ਕਲਿੱਕ' ਵੀ ਸ਼ਾਮਲ ਹੈ। ਇਸ ਤੋਂ ਪਹਿਲਾਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਵੀ 2021 'ਚ 'ਨਿਊਜ਼ਲਿੱਕ' 'ਤੇ ਚੀਨ ਦੀ ਹਮਾਇਤ ਤੇ ਭਾਰਤੀ ਹਿੱਤਾਂ ਵਿਰੁੱਧ ਕੂੜ ਪ੍ਰਚਾਰ ਦੇ ਮਾਮਲੇ 'ਚ ਸ਼ਿਕੰਜਾ ਕੱਸਿਆ ਸੀ।

ਉਦੋਂ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਉਸ ਕਾਰਵਾਈ ਨੂੰ ਮੋਦੀ ਸਰਕਾਰ ਖ਼ਿਲਾਫ਼ ਖ਼ਬਰੀ ਮਾਧਿਅਮਾਂ ਦੀ ਆਜ਼ਾਦੀ ਦਾ ਗਲ ਘੁੱਟਣ ਤੇ ਲੋਕਤੰਤਰ ਨੂੰ ਬਰਬਾਦ ਕਰਨ ਦੇ ਨਾਂ 'ਤੇ ਜ਼ੋਰਦਾਰ ਮੁਹਿੰਮ ਚਲਾਈ ਸੀ। ਹੁਣ ਭਾਰਤੀ ਏਜੰਸੀਆਂ ਦੇ ਉਸੇ ਦੋਸ਼ ਦੀ ਪੁਸ਼ਟੀ 'ਨਿਊਯਾਰਕ ਟਾਈਮਜ਼' ਨੇ ਕੀਤੀ ਹੈ। ਇਹ ਉਹੋ ਅਖ਼ਬਾਰ ਹੈ, ਜੋ ਮੋਦੀ ਸਰਕਾਰ ਨੂੰ ਅਕਸਰ ਨਿਸ਼ਾਨੇ 'ਤੇ ਲੈਂਦਾ ਰਹਿੰਦਾ ਹੈ। ਇਸ ਸਮੇਂ ਸੁਭਾਵਿਕ ਸੀ ਕਿ 'ਨਿਊਯਾਰਕ ਟਾਈਮਜ਼' ਦੀ ਰਿਪੋਰਟ 'ਤੇ ਭਾਜਪਾ ਤੇ ਮੋਦੀ ਸਰਕਾਰ ਦੇ ਕਈ ਮੰਤਰੀਆਂ ਨੇ ਸੰਸਦ ਦੇ ਅੰਦਰ ਤੇ ਬਾਹਰ ਕਾਂਗਰਸ 'ਤੇ ਹੱਲਾ ਬੋਲ ਦਿੱਤਾ। 'ਨਿਊਯਾਰਕ ਟਾਈਮਜ਼' ਅਨੁਸਾਰ ਸਿੰਘਮ ਇਕ ਅਮਰੀਕੀ ਕਾਰੋਬਾਰੀ ਹੈ, ਜੋ ਅਮਰੀਕਾ ਦੀਆਂ ਕੱਟੜਪੰਥੀ ਅਤੇ ਮਾਓਵਾਦੀ ਜਥੇਬੰਦੀਆਂ ਨਾਲ ਸਰਗਰਮ ਤੌਰ 'ਤੇ ਜੁੜਿਆ ਹੋਇਆ ਹੈ। ਚੀਨੀ ਸਫ਼ਾਰਤਖ਼ਾਨੇ ਵੱਲੋਂ ਰਾਜੀਵ ਗਾਂਧੀ ਫਾਊਂਡੇਸ਼ਨ ਨੂੰ ਮੋਟਾ ਪੈਸਾ ਦਿੱਤੇ ਜਾਣ ਅਤੇ ਡੋਕਲਾਮ ਵਿਵਾਦ ਦੌਰਾਨ ਰਾਹੁਲ ਗਾਂਧੀ ਵੱਲੋਂ ਚੀਨੀ ਰਾਜਦੂਤ ਨਾਲ ਮੁਲਾਕਾਤ ਦੇ ਦੋਸ਼ਾਂ 'ਚ ਕਾਂਗਰਸ ਪਹਿਲਾਂ ਹੀ ਘਿਰੀ ਹੋਈ ਹੈ। 'ਨਿਊਜ਼ਕਲਿੱਕ' ਮਾਮਲੇ ਨੇ ਉਸ ਲਈ ਹੋਰ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਹਨ। ਇਸ ਲਈ ਹੈਰਾਨੀ ਦੀ ਗੱਲ ਨਹੀਂ ਕਿ ਇਹ ਮਾਮਲਾ ਸਾਹਮਣੇ ਆਉਂਦਿਆਂ ਹੀ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਚੀਨ ਸਰਕਾਰ, 'ਨਿਊਜ਼ਕਲਿੱਕ' ਤੇ ਕਾਂਗਰਸ ਪਾਰਟੀ ਇਕ ਹੀ ਗਰਭਨਾਲ ਨਾਲ ਜੁੜੇ ਹੋਏ ਹਨ।




*ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ 'ਨਿਊਜ਼ਕਲਿੱਕ' ਨੇ ਵਿਦੇਸ਼ ਤੋਂ ਮਿਲੇ 38 ਕਰੋੜ ਰੁਪਏ ਨਾਲ ਦੇਸ਼ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਅਤੇ ਇਹ ਭਾਰਤ ਵਿਰੋਧੀ ਟੁਕੜੇ-ਟੁਕੜੇ ਗੈਂਗ ਦਾ ਹੀ ਹਿੱਸਾ ਹੈ। ਇਸ ਵਿਵਾਦ ਦਾ ਮੰਦਭਾਗਾ ਪਹਿਲੂ ਇਹ ਰਿਹਾ ਕਿ ਦੇਸ਼ ਦਾ ਅਕਸ ਵਿਗਾੜਨ, ਭਾਰਤ 'ਚ ਚੀਨ ਦੀ ਹਮਾਇਤ 'ਚ ਮਾਹੌਲ ਬਣਾਉਣ ਤੇ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰਨ ਲਈ ਚੀਨ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਦਾ ਜ਼ਿਆਦਾ ਜ਼ਰੂਰੀ ਮੁੱਦਾ ਚਰਚਾ ਦੇ ਕੇਂਦਰ 'ਚੋਂ ਬਾਹਰ ਹੋ ਗਿਆ।*

ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ 'ਨਿਊਜ਼ਕਲਿੱਕ' ਨੇ ਵਿਦੇਸ਼ ਤੋਂ ਮਿਲੇ 38 ਕਰੋੜ ਰੁਪਏ ਨਾਲ ਦੇਸ਼ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਅਤੇ ਇਹ ਭਾਰਤ ਵਿਰੋਧੀ ਟੁਕੜੇ-ਟੁਕੜੇ ਗੈਂਗ ਦਾ ਹੀ ਹਿੱਸਾ ਹੈ। ਇਸ ਵਿਵਾਦ ਦਾ ਮੰਦਭਾਗਾ ਪਹਿਲੂ ਇਹ ਰਿਹਾ ਕਿ ਦੇਸ਼ ਦਾ ਅਕਸ ਵਿਗਾੜਨ, ਭਾਰਤ 'ਚ ਚੀਨ ਦੀ ਹਮਾਇਤ 'ਚ ਮਾਹੌਲ ਬਣਾਉਣ ਤੇ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰਨ ਲਈ ਚੀਨ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਦਾ ਜ਼ਿਆਦਾ ਜ਼ਰੂਰੀ ਮੁੱਦਾ ਚਰਚਾ ਦੇ ਕੇਂਦਰ 'ਚੋਂ ਬਾਹਰ ਹੋ ਗਿਆ।

'ਨਿਊਯਾਰਕ ਟਾਈਮਜ਼' ਦੀ ਰਿਪੋਰਟ 'ਚ ਇਹ ਸਾਹਮਣੇ ਆਇਆ ਕਿ ਚੀਨ ਸਰਕਾਰ ਦੁਨੀਆ ਭਰ 'ਚ ਚੀਨ ਵਿਰੋਧੀ ਭਾਵਨਾਵਾਂ ਤੋਂ ਧਿਆਨ ਹਟਾਉਣ ਅਤੇ ਚੀਨ ਹਮਾਇਤੀ ਮਾਹੌਲ ਤਿਆਰ ਕਰਨ ਲਈ ਕਈ ਸਵੈ-ਸੇਵੀ ਜਥੇਬੰਦੀਆਂ, ਮੀਡੀਆ ਅਦਾਰਿਆਂ ਤੇ ਪੱਤਰਕਾਰਾਂ 'ਤੇ ਅਰਬਾਂ ਡਾਲਰ ਖ਼ਰਚ ਕਰ ਰਹੀ ਹੈ। ਇਸ ਤੋਂ ਪਹਿਲਾਂ 2021 'ਚ ਭਾਰਤੀ ਨਿਆਂਸ਼ਾਸਤਰੀਆਂ, ਪੱਤਰਕਾਰਾਂ ਤੇ ਖੋਜਾਰਥੀਆਂ ਦੀ ਜਥੇਬੰਦੀ 'ਲਾਅ ਐਂਡ ਸੁਸਾਇਟੀ' ਨੇ ਭਾਰਤ 'ਚ ਚੀਨ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਾਪੇਗੰਡਾ ਮੁਹਿੰਮ ਦੇ ਕਈ ਪਹਿਲੂਆਂ ਦਾ ਵਿਸਥਾਰਤ ਅਧਿਐਨ ਕਰ ਕੇ 'ਮੈਪਿੰਗ ਚਾਇਨੀਜ਼ ਫੁਟਪ੍ਰਿੰਟ ਐਂਡ ਇਨਫਲੂੰਐਂਸ ਆਪ੍ਰੇਸ਼ਨਜ਼ ਇਨ ਇੰਡੀਆ' ਸਿਰਲੇਖ ਹੇਠ ਰਿਪੋਰਟ ਜਾਰੀ ਕੀਤੀ ਸੀ। ਉਸ 'ਚ ਵਪਾਰ, ਰਾਜਨੀਤੀ ਤੇ ਜਾਸੂਸੀ ਜਿਹੇ ਖੇਤਰਾਂ ਤੋਂ ਇਲਾਵਾ ਸਿਨੇਮਾ, ਮੀਡੀਆ, ਥਿੰਕ ਟੈਂਕ ਅਤੇ ਯੂਨੀਵਰਸਿਟੀਆਂ 'ਚ ਚੀਨ ਦੀ ਡੂੰਘੀ ਘੁਸਪੈਠ ਦਾ ਲੇਖਾ-ਜੋਖਾ ਕੀਤਾ ਗਿਆ ਸੀ। ਉਸ ਰਿਪੋਰਟ ਅਨੁਸਾਰ ਚੀਨ ਦੀ ਸਰਕਾਰ ਸਿਉਂਕ ਦੀ ਤਰ੍ਹਾਂ ਲਗਭਗ ਪੂਰੇ ਭਾਰਤੀ ਅਰਥਚਾਰੇ ਅੰਦਰ ਦਾਖ਼ਲ ਹੋਣ ਦੀ ਮੁਹਿੰਮ ਛੇੜ ਚੁੱਕੀ ਹੈ ਤੇ ਜੇ ਸਰਕਾਰ ਤੇ ਸਮਾਜ ਨੇ ਸਮਾਂ ਰਹਿੰਦਿਆਂ ਕਦਮ ਨਾ ਚੁੱਕੇ ਤਾਂ ਪੂਰਾ ਸਿਸਟਮ ਜਰਜਰ ਹੋ ਕੇ ਡਿੱਗ ਜਾਵੇਗਾ। ਉਸ 'ਤੇ ਚੀਨੀ ਪ੍ਰਭੂਸੱਤਾ ਵਧ ਜਾਵੇਗੀ। ਪਿਛਲੇ ਕੁਝ ਸਮੇਂ 'ਚ ਚੀਨੀ ਕੰਪਨੀਆਂ ਨੇ ਭਾਰਤ 'ਚ ਆਪਣੇ ਵਿਸਥਾਰ ਦੀ ਇਕ ਯੋਜਨਾਬੱਧ ਰਣਨੀਤੀ 'ਤੇ ਕੰਮ ਕੀਤਾ ਹੈ। ਇਸ 'ਚ ਖ਼ਬਰ, ਵਿਚਾਰ ਅਤੇ ਮਨੋਰੰਜਨ ਜਿਹੇ ਉਨ੍ਹਾਂ ਮਾਧਿਅਮਾਂ ਨਾਲ ਆਪਣਾ ਦਬਦਬਾ ਡੂੰਘਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਆਮ ਲੋਕਾਂ ਦੀ ਧਾਰਨਾ ਨੂੰ ਪ੍ਰਭਾਵਿਤ ਕਰਨ ਤੇ ਲੋਕ ਰਾਏ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।


ਇਸੇ ਕੜੀ 'ਚ ਇਕ ਚੀਨੀ ਮੋਬਾਈਲ ਕੰਪਨੀ ਨੇ ਫਿਲਮਾਂ ਅਤੇ ਸੰਗੀਤ ਨਾਲ ਜੁੜੀ ਕੰਪਨੀ ਹੰਗਾਮਾ 'ਚ ਕਰੀਬ 200 ਕਰੋੜ ਰੁਪਏ ਨਿਵੇਸ਼ ਕੀਤੇ। ਮਿਊਜ਼ਿਕ ਸਟ ?ਗੀਮਿੰਗ ਪਲੇਟਫਾਰਮ ਗਾਣਾ ਤੇ ਐਂਟਰਟੇਨਮੇਂਟ ਐਪ ਐੱਮਐਕਸ ਪਲੇਅਰ 'ਚ ਵੀ ਚੀਨੀ ਕੰਪਨੀ ਟੇਨਮੈਂਟ ਦਾ ਭਾਰੀ-ਭਰਕਮ ਨਿਵੇਸ਼ ਹੈ। ਆਨਲਾਈਨ ਵੀਡੀਓ ਸਟ ?ਗੀਮਿਗ ਨਾਲ ਜੁੜੀ ਵਿਡੂਲੀ 'ਚ ਚੀਨੀ ਕੰਪਨੀ ਅਲੀਬਾਬਾ ਦਾ ਕਾਫ਼ੀ ਨਿਵੇਸ਼ ਹੈ। ਲਾਅ ਐਂਡ ਸੁਸਾਇਟੀ ਦੀ ਰਿਪੋਰਟ ਅਨੁਸਾਰ ਭਾਰਤ ਦੇ ਪ੍ਰਮੁੱਖ ਖ਼ਬਰ ਕੰਟੈਂਟ ਪਲੇਟਫਾਰਮ ਡੇਲੀ ਹੰਟ 'ਚ ਕਰੀਬ 200 ਕਰੋੜ ਅਤੇ ਨਿਊਜ਼ ਡਾਗ 'ਚ 400 ਕਰੋੜ ਦਾ ਚੀਨੀ ਨਿਵੇਸ਼ ਹੈ। ਅਲੀਬਾਬਾ ਦੇ ਕੰਟਰੋਲ ਵਾਲੇ ਯੂਸੀ ਨਿਊਜ਼ 'ਤੇ ਭਾਰਤ 'ਚ ਪਾਬੰਦੀ ਲਾਏ ਜਾਣ ਸਮੇਂ ਤੱਕ ਕਰੀਬ 13 ਕਰੋੜ ਯੂਜ਼ਰ ਹੋ ਗਏ ਸਨ।

ਚੀਨੀ ਨਿਵੇਸ਼ ਵਾਲੀਆਂ ਦੇਸ਼ ਦੀਆਂ ਕੰਪਨੀਆਂ ਘੱਟੋ-ਘੱਟ 13 ਭਾਸ਼ਾਵਾਂ 'ਚ ਮੀਡੀਆ ਸੰਸਥਾਵਾਂ ਚਲਾਉਂਦੀਆਂ ਹਨ। ਭਾਰਤ ਦੀਆਂ ਪ੍ਰਮੁੱਖ ਖ਼ਬਰ ਏਜੰਸੀਆਂ 'ਚ ਵੀ ਚੀਨ ਦਾ ਖ਼ਾਸਾ ਪ੍ਰਭਾਵ ਹੈ। ਚੇਤੇ ਰਹੇ ਕਿ ਗਲਵਾਨ 'ਚ ਚੀਨੀ ਹਮਲੇ ਤੋਂ ਤੁਰੰਤ ਬਾਅਦ ਇਕ ਏਜੰਸੀ ਨੇ ਚੀਨੀ ਰਾਜਦੂਤ ਦਾ ਲੰਬਾ ਇੰਟਰਵਿਊ ਚਲਾਇਆ ਸੀ। ਉਸ 'ਚ ਰਾਜਦੂਤ ਨੇ ਚੀਨੀ ਧਿਰ ਨੂੰ ਸਹੀ ਠਹਿਰਾਇਆ ਸੀ। ਇਕ ਹੋਰ ਏਜੰਸੀ ਦਾ ਤਾਂ ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਨਾਲ ਸਾਲਾਂ ਪੁਰਾਣਾ ਸਮਝੌਤਾ ਹੈ।

ਇੰਟਰਨੈੱਟ ਰਾਹੀਂ ਖੁੰਬਾਂ ਦੀ ਤਰ੍ਹਾਂ ਉੱਗ ਆਈਆਂ ਖ਼ਬਰੀ ਸੰਸਥਾਵਾਂ, ਆਜ਼ਾਦ ਤੇ ਨਿਰਪੱਖ ਪੱਤਰਕਾਰੀ ਦੀ ਆੜ 'ਚ ਕੰਮ ਕਰਨ ਵਾਲਿਆਂ 'ਚ ਕਿਸ ਤਰ੍ਹਾਂ ਚੀਨੀ ਰਿਓੜੀਆਂ ਵੰਡੀਆਂ ਜਾ ਰਹੀਆਂ ਹਨ, 'ਨਿਊਜ਼ਕਲਿੱਕ' ਮਾਮਲਾ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਹਾਲੇ ਇਸ ਦਲਦਲ 'ਚ ਪਤਾ ਨਹੀਂ ਕਿੰਨੇ ਨਾਂ ਹੋਰ ਸਾਹਮਣੇ ਆਉਣੇ ਹਨ।

ਰਿਪੋਰਟ ਅਨੁਸਾਰ ਚੀਨ ਸਰਕਾਰ ਆਪਣੇ ਹਮਦਰਦ ਪੱਤਰਕਾਰਾਂ ਰਾਹੀਂ ਭਾਰਤੀ ਪੱਤਰਕਾਰਾਂ ਦੇ ਕਈ ਸਮੂਹਾਂ ਨੂੰ ਚੀਨ ਅਤੇ ਤਿੱਬਤ ਦੀ ਸੈਰ ਕਰਵਾ ਚੁੱਕੀ ਹੈ। ਉੱਥੇ ਹੀ ਕਈ ਭਾਰਤੀ ਅਖ਼ਬਾਰ ਇਸ਼ਤਿਹਾਰ ਦੀ ਆੜ 'ਚ ਚੀਨੀ ਸਫ਼ਾਰਤਖ਼ਾਨੇ ਵੱਲੋਂ ਜਾਰੀ ਕੀਤੇ ਗਏ ਵੱਖ-ਵੱਖ ਸਪਲੀਮੈਂਟ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਦਿਸਣ 'ਚ ਇਹ ਅਖ਼ਬਾਰ ਦੇ ਆਮ ਪੰਨੇ ਲੱਗਦੇ ਹਨ ਪਰ ਇਹ ਸਿੱਧਾ-ਸਿੱਧਾ ਚੀਨੀ ਸਰਕਾਰ ਦਾ ਪ੍ਰਾਪੇਗੰਡਾ ਹੁੰਦਾ ਹੈ। ਕੁੱਲ ਮਿਲਾ ਕੇ, ਭਾਰਤੀ ਮੀਡੀਆ 'ਚ ਚੀਨ ਦੀ ਮਜ਼ਬੂਤ ਹੁੰਦੀ ਪਕੜ ਦੀਆਂ ਇਹ ਉਦਾਹਰਨਾਂ ਚਿੰਤਤ ਕਰਨ ਵਾਲੀਆਂ ਹਨ। ਕੁਝ ਸਮਾਂ ਪਹਿਲਾਂ ਹੀ ਇਕ ਭਾਰਤੀ ਪੱਤਰਕਾਰ ਰਾਜੀਵ ਸ਼ਰਮਾ ਵੱਲੋਂ ਪੱਤਰਕਾਰੀ ਦੀ ਆੜ 'ਚ ਚੀਨ ਲਈ ਜਾਸੂਸੀ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਹੁਣ ਇਸ ਅਧਿਆਇ 'ਚ 'ਨਿਊਜ਼ਕਲਿੱਕ' ਦਾ ਨਾਂ ਵੀ ਜੁੜ ਗਿਆ ਹੈ।

# ਗੱਲ ਪੰਜਾਬ ਦੀ



**ਰਣਜੀਤ ਸਿੰਘ ਢਿੱਲੋਂ**

ਪੰਜਾਬ ਨਿਵਾਸੀਓ, ਮੈਂ ਤੁਹਾਡੇ ਨਾਲ ਪੰਜਾਬ ਦੀ ਤ੍ਰਾਸਦੀ ਦੀ ਗੱਲ ਕਰਨੀ ਚਾਹੁੰਦਾ ਹਾਂ। ਪੰਜਾਬ ਭਗਤਾਂ ਤੇ ਗੁਰੂਆਂ ਦੀ ਧਰਤੀ ਹੈ। ਇਸ ਦਾ ਅਤੀਤ ਬਹੁਤ ਅਮੀਰ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਪੈਂਦੀ ਇਹ ਧਰਤੀ ਬਹੁਤ ਜਰਖੇਜ਼ ਹੈ। ਇਸ ਧਰਤੀ ਦੇ ਜਾਇਆਂ ਦੀ ਸੂਰਮਗਤੀ ਦੀ ਗਾਥਾ ਸਭ ਤੋਂ ਉਪਰ ਹੈ। ਵਿਚਾਰ ਗੋਸ਼ਟੀ ਵਿਚ ਵੀ ਇਸ ਧਰਤੀ ਦਾ ਕੋਈ ਮੁਕਾਬਲਾ ਨਹੀਂ ਰਿਹਾ, ਕਾਵਿ ਰਚਨਾ ਵਿਚ ਤਾਂ ਸਿਖ਼ਰ ਹਨ, ਇਹ ਧਰਤੀ ਦੇ ਜਾਏ। ਹੱਕ ਸੱਚ ਦੀ ਗੱਲ ਕਰਨੀ, ਮਜ਼ਲੂਮ ਦੀ ਰਾਖੀ ਕਰਨੀ, ਇਸ ਧਰਤੀ ਦੀ ਖ਼ਾਸੀਅਤ ਹੈ। ਧੋਖਾ, ਬੇਈਮਾਨੀ, ਨਮਕ ਹਰਾਮ ਕਰਨਾ ਇਸ ਧਰਤੀ ਦੇ ਖ਼ੂਨ ਵਿਚ ਹੀ ਨਹੀਂ। ਬਾਂਹ ਫੜੀ ਦੀ ਕੀਮਤ ਜਾਨ ਵਾਰ ਕੇ ਚੁਕਾਉਣਾ ਇਸ ਧਰਤੀ ਨੂੰ ਵਰਦਾਨ ਹੈ। ਇਸ ਧਰਤੀ ਵਿਚ ਚੁਸਤੀ ਚਲਾਕੀ ਬਿਲਕੁਲ ਵੀ ਨਹੀਂ ਭਰੋਸਾ ਇਨ੍ਹਾਂ ਦੀ ਕਮਜ਼ੋਰੀ ਹੈ। ਇਸ ਧਰਤੀ ਦੇ ਜਵਾਨ ਪਿਆਰ ਨਾਲ ਜਾਨ ਤੱਕ ਵਾਰ ਦਿੰਦੇ ਹਨ। ਪਰ ਟੈਂਅ ਨਹੀਂ ਸਹਾਰਦੇ ਕਿਸੇ ਦੀ, ਇਸੇ ਕਰਕੇ ਦੂਸਰਿਆਂ ਦੀਆਂ ਅੱਖਾਂ ਵਿਚ ਰੜਕਦੇ ਹਨ।

ਇਸ ਧਰਤੀ ਨੇ ਜਿੰਨੀ ਹੋਰਨਾਂ ਨਾਲ ਵਫ਼ਾ ਕਮਾਈ, ਅਗਲੇ ਪਾਸਿਓਂ ਧੋਖਾ ਤੇ ਬੇਈਮਾਨੀ ਹੀ ਮਿਲੀ ਇਸ ਧਰਤੀ ਪ੍ਰਤੀ ਤੇ ਧਰਤੀ ਦੇ ਜਾਇਆਂ ਪ੍ਰਤੀ ਬੇਗਾਨਿਆਂ 'ਤੇ ਕੋਈ ਨਹੀਂ ਉਹ ਜ਼ੋਰ ਜ਼ੁਲਮ ਨਾਲ ਲੁੱਟਣ ਆਏ ਸਨ। ਉਨ੍ਹਾਂ ਦਾ ਸੰਵਾਦ ਨਾਲ ਤੇ ਜਾਨਾਂ ਦੀਆਂ ਕੀਮਤਾਂ ਤਾਰ ਕੇ ਮੁਕਾਬਲਾ ਕੀਤਾ ਗਿਆ। ਚਾਹੇ ਸਦੀਆਂ ਲੱਗ ਗਈਆਂ ਅੰਤ ਉਨ੍ਹਾਂ ਨੂੰ ਖਦੇੜ ਕੇ ਜੜ੍ਹੋਂ ਪੁੱਟ ਸੁੱਟਿਆ ਗਿਆ। ਕਰੀਬ 40 ਸਾਲ ਪੰਜਾਬੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਹਲੇਮੀ ਰਾਜ ਪ੍ਰਬੰਧ ਦਿੱਤਾ, ਜਿਸ ਰਾਜ ਪ੍ਰਬੰਧ ਦੀ ਦੁਨੀਆ ਵਿਚ ਦੂਜੀ ਮਿਸਾਲ ਨਹੀਂ ਮਿਲਦੀ। ਫਿਰ ਇਕ ਧਾੜਵੀ ਦੇ ਰੂਪ ਵਿਚ ਫਰੰਗੀ ਆਏ, ਜਿਨ੍ਹਾਂ ਨਾਲ ਵੀ ਲੋਹਾ ਲਿਆ ਗਿਆ। ਕਰੀਬ ਇਕ ਸਦੀ ਤੱਕ ਉਸ ਨਾਲ ਲੜਾਈ ਲੜੀ ਆਖ਼ਰ ਉਸ ਨੂੰ ਵੀ ਜਾਣਾ ਪਿਆ। ਉਨ੍ਹਾਂ ਨਾਲ ਇਸ ਲਈ ਕੋਈ ਗਿਲਾ ਸ਼ਿਕਵਾ ਨਹੀਂ, ਕਿਉਂਕਿ ਉਨ੍ਹਾਂ ਦਾ ਇਸ ਧਰਤੀ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਸੀ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਇਸ ਧਰਤੀ ਦੇ ਨੌਜਵਾਨਾਂ ਨੇ ਸਭ ਤੋਂ ਵੱਧ ਹਿੱਸਾ ਪਾਇਆ। ਪਰ ਆਜ਼ਾਦੀ ਤੋਂ ਬਾਅਦ ਬਣੀਆਂ ਹਕੂਮਤਾਂ, ਵਲੋਂ ਪੰਜਾਬ ਨੂੰ ਦਰਿਆਈ ਪਾਣੀਆਂ, ਚੰਡੀਗੜ੍ਹ ਤੇ ਹੋਰ ਅਨੇਕਾਂ ਪੱਖਾਂ ਤੋਂ ਸਾਹਮਣਾ ਕਰਨਾ ਪਿਆ।

ਅੱਜ ਮੈਂ ਪੰਜਾਬ ਵਿਚ ਵਸ ਰਹੇ ਉਨ੍ਹਾਂ ਲੋਕਾਂ ਨਾਲ ਗੱਲ ਕਰ ਰਿਹਾ ਹਾਂ ਜੋ ਅਜੇ ਵੀ ਪੰਜਾਬ ਨੂੰ ਆਪਣਾ ਨਹੀਂ ਸਮਝ ਰਹੇ। ਕਿੱਤਾ ਪੰਜਾਬ ਵਿਚ, ਖਾਣ-ਪੀਣ ਪਹਿਨਣ ਪੰਜਾਬੀ, ਮਾਣਮੱਤਾ ਵਿਰਸਾ ਰੀਤੀ ਰਿਵਾਜ ਸੱਭਿਆਚਾਰ ਪੰਜਾਬੀ ਪਰ ਪੰਜਾਬ ਦੇ ਹੱਕ ਲਈ ਖੜ੍ਹਨਾ ਤੇ ਲੜਨਾ ਉਹ ਆਪਣਾ ਫ਼ਰਜ਼ ਨਹੀਂ ਸਮਝਦੇ। ਪੰਜਾਬ ਨਿਵਾਸੀਓ ਕਿਸੇ ਵੀ ਵਿਅਕਤੀ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਉਸ ਦਾ ਆਪਣਾ ਸਰੀਰ, ਫਿਰ ਪਰਿਵਾਰ, ਫਿਰ ਉਹ ਖਿੱਤਾ ਤੇ ਸਰੋਤ ਜਿਸ ਤੋਂ ਉਸ ਦੇ ਪਰਿਵਾਰ ਦਾ ਪਾਲਣ ਪੋਸ਼ਣ ਹੁੰਦਾ ਹੋਵੇ, ਜਿਵੇਂ ਕਿ ਕਿੱਤਾ ਮਜ਼ਦੂਰੀ, ਖੇਤੀ, ਦੁਕਾਨਦਾਰੀ, ਕਾਰਖਾਨਾ, ਨੌਕਰੀ ਤੇ ਆਬੋ ਹਵਾ। ਇਹ ਸਭ ਸਾਨੂੰ ਪੰਜਾਬ ਦੇ ਰਿਹਾ। ਪੰਜਾਬੀਓ ਇਨ੍ਹਾਂ ਵਿਚ ਜੇ ਕੋਈ ਚੀਜ਼ ਘਟਦੀ ਹੈ ਜਾਂ ਨਹੀ ਰਹਿੰਦੀ ਨੁਕਸਾਨ ਕਿਸ ਦਾ ਹੈ? ਉਸ ਦਾ ਜਿਸ ਦੀ ਚੀਜ਼ ਖੁਸਦੀ ਹੈ। ਇਨ੍ਹਾਂ ਵਿਚੋਂ ਕਿਸੇ ਇਕ ਸਰੋਤ ਦਾ ਨੁਕਸਾਨ ਹੋਵੇਗਾ ਤਾਂ ਸਾਡਾ ਨੁਕਸਾਨ ਹੈ। ਪੰਜਾਬ ਤੋਂ ਇਹ ਸਭ ਕੁਝ ਖੋਹਿਆ ਜਾ ਰਿਹਾ ਹੈ। ਪੰਜਾਬ ਦਾ ਵਰਗ ਇਸ ਗੱਲ ਨੂੰ ਸਮਝਣ ਲਈ ਤਿਆਰ ਨਹੀਂ। ਹੁਣ ਸਭ ਤੋਂ ਖ਼ਤਰਨਾਕ ਖੇਡ ਭਾਈਚਾਰਕ ਸਾਂਝ ਨੂੰ ਤੋੜਨ ਦੀ ਖੇਡੀ ਜਾ ਰਹੀ ਹੈ, ਜਦ ਕਿ ਇਹ ਅੱਤ ਗੰਭੀਰ ਗੱਲ ਹੈ ਅਤੇ ਪੰਜਾਬ ਵਿਚ ਵਸ ਰਹੇ ਹਰ ਵਿਅਕਤੀ, ਪਰਿਵਾਰ, ਜਾਤ ਬਰਾਦਰੀ, ਧਰਮ, ਬੋਲੀ ਨਾਲ ਜੁੜੀ ਹੋਈ ਗੱਲ ਹੈ। ਪੰਜਾਬ ਦੀ ਭਾਈਚਾਰਕ ਸਾਂਝ ਵੀ ਪੰਜਾਬ ਦੀ ਵਿਲੱਖਣਤਾ ਪ੍ਰਗਟਾਉਂਦੀ ਹੈ।

ਚਲੋ ਦੱਸੋ ਜੇ ਪੰਜਾਬ ਦਾ ਪਾਣੀ ਸੁੱਕ (ਮੁੱਕ) ਜਾਵੇਗਾ ਤਾਂ ਕਿਸ ਕਿਸ ਦਾ ਨੁਕਸਾਨ ਹੈ। ਸਭਨਾਂ ਦਾ ਨੁਕਸਾਨ ਹੀ ਨਹੀਂ ਪਲਾਇਨ ਕਰਨਾ ਪੈ ਸਕਦਾ ਹੈ। ਮੇਰੀ ਪੰਜਾਬ ਵਿਚ ਵਸ ਰਹੇ ਹਰ ਪੰਜਾਬੀਆਂ ਨੂੰ ਅਪੀਲ ਹੈ ਪੰਜਾਬ ਦੀ ਗੱਲ ਕਰੀਏ, ਦਿੱਲੀ ਵਲੋਂ ਲਗਾਤਾਰ ਹੋ ਰਹੇ ਧੱਕੇ ਦੇ ਖਿਲਾਫ਼ ਆਵਾਜ਼ ਉਠਾਈਏ, ਦਿੱਲੀ ਬੜੀ ਚਲਾਕ ਹੈ, ਉਹ ਪੰਜਾਬੀਆਂ ਨੂੰ ਧਰਮ ਅਤੇ ਬੋਲੀ ਦੇ ਆਧਾਰ 'ਤੇ ਵੰਡ ਕੇ ਪੰਜਾਬੀਆਂ ਅੰਦਰੋਂ ਪੰਜਾਬੀਅਤ ਖ਼ਤਮ ਕਰ ਕੇ ਪੰਜਾਬ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਪੰਜਾਬ ਦੇ ਸਰੋਤ ਲੁੱਟ ਰਹੀ ਹੈ। ਸਾਰੇ ਪੰਜਾਬੀਆਂ ਨੂੰ ਇਕ ਮੱਤ ਹੋ ਕੇ ਪੰਜਾਬ ਨਾਲ ਹੋ ਰਹੇ ਧੱਕਿਆਂ ਖਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਸਾਂਝੇ ਯਤਨਾਂ ਨਾਲ ਸਾਰੇ ਮਸਲੇ ਦਿਨਾਂ ਵਿਚ ਹੱਲ ਹੋ ਸਕਦੇ ਹਨ। ਜੇ ਪੰਜਾਬ ਖ਼ੁਸ਼ਹਾਲ ਹੈ ਤਾਂ ਸਾਰੇ ਪੰਜਾਬੀ ਖੁਸ਼ਹਾਲ ਹੋਣਗੇ। ਜ਼ਰਾ ਦੱਸੋ ਅਮਨ ਸ਼ਾਂਤੀ ਖੁਸ਼ਹਾਲੀ ਤੇ ਭਾਈਚਾਰਕ ਸਾਂਝ ਕਿਸ ਨੂੰ ਨਹੀਂ ਚਾਹੀਦੀ ਜੋ ਚਾਹੀਦੀ ਹੈ ਤਾਂ ਸੁਹਿਰਦ ਪੰਜਾਬੀ ਬਣੋ ਪੰਜਾਬ ਦੀ ਗੱਲ ਕਰੋ। ਪੰਜਾਬ ਨਾਲ ਖੜ੍ਹੋ ਪੰਜਾਬ ਲਈ ਲੜੋ ਤਾਂ ਜੋ ਪੰਜਾਬ ਨਾਲ ਸਦੀਆ ਤੋਂ ਧ੍ਰੋਹ ਕਮਾ ਰਹੇ ਲੁਕਵੇਂ ਦੁਸ਼ਮਣ ਨੂੰ ਸਮਝ ਆ ਸਕੇ ਕਿ ਪੰਜਾਬੀ ਇਕ ਹਨ। ਹੁਣ ਪੰਜਾਬੀਆਂ ਨੂੰ ਪੰਜਾਬ ਦੀ ਲੁੱਟ ਬਰਦਾਸ਼ਤ ਨਹੀਂ।

# ਹੜ੍ਹ ਕੁਦਰਤੀ ਜਾਂ ਸਿਆਸੀ ਪ੍ਰਬੰਧ ਦੀ ਨਾਕਾਮੀ ਦਾ ਸਿੱਟਾ?

**ਦਵਿੰਦਰ ਕੌਰ ਖੁਸ਼ ਧਾਲੀਵਾਲ**



ਉੱਤਰੀ ਭਾਰਤ 'ਚ ਮੌਨਸੂਨ ਵਿਚ ਵੱਧ ਮੀਂਹ ਪੈਣ ਕਾਰਨ ਜੁਲਾਈ ਵਿਚ ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੇ ਕਈ ਹਿੱਸੇ ਹੜ੍ਹਾਂ ਦਾ ਸ਼ਿਕਾਰ ਹੋਏ ਹਨ। ਕੁਝ ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਾਰ ਮੌਨਸੂਨ ਤੇ ਪੱਛਮੀ ਗੜਬੜਾਂ ਨੇ ਇਕੋ ਵੇਲੇ ਮੀਂਹ ਵਰ੍ਹਾਇਆ ਹੈ, ਜਿਸ ਨਾਲ ਵੱਧ ਮੀਂਹ ਪਿਆ ਹੈ, ਜਦਕਿ ਆਮ ਤੌਰ 'ਤੇ ਮੌਨਸੂਨ ਦੇ ਸਮੇਂ ਪੱਛਮੀ ਗੜਬੜ ਨਹੀਂ ਹੁੰਦੀ। ਹੜ੍ਹਾਂ ਦਾ ਦੂਜਾ ਵੱਡਾ ਕਾਰਨ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਵਿਚ ਪਏ ਮੀਂਹ ਕਾਰਨ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਚੜ੍ਹਨਾ ਵੀ ਹੈ। ਜੁਲਾਈ 'ਚ ਪੰਜਾਬ ਦੇ 14 ਜ਼ਿਲ੍ਹੇ ਪਾਣੀ ਦੀ ਮਾਰ ਹੇਠ ਆਏ ਸਨ, ਜਿਨ੍ਹਾਂ ਵਿਚੋਂ ਪੰਜ ਜ਼ਿਲ੍ਹੇ ਰੂਪਨਗਰ, ਮੁਹਾਲੀ, ਫ਼ਤਹਿਗੜ੍ਹ ਸਾਹਿਬ, ਪਟਿਆਲਾ ਤੇ ਸੰਗਰੂਰ ਸਭ ਤੋਂ ਵੱਧ ਮਾਰ ਹੇਠ ਸਨ। ਜਲੰਧਰ ਤੇ ਫਿਰੋਜ਼ਪੁਰ ਦੇ ਵੀ ਕਈ ਪਿੰਡ ਡੁੱਬੇ ਸਨ। ਅਸਲ 'ਚ ਪੰਜਾਬ 'ਚ ਸਤਲੁਜ ਤੇ ਘੱਗਰ ਨਾਲ ਲਗਦਾ ਇਲਾਕਾ ਮੁੱਖ ਤੌਰ 'ਤੇ ਹੜ੍ਹ ਦੀ ਮਾਰ ਵਿਚ ਆਇਆ ਸੀ। ਪੰਜਾਬ ਦੇ ਕਰੀਬ 1200 ਪਿੰਡ ਤੇ ਸ਼ਹਿਰ ਇਨ੍ਹਾਂ ਹੜ੍ਹਾਂ ਦੀ ਮਾਰ ਵਿਚ ਆਏ ਪਰ ਇਸ ਤੋਂ ਬਿਨਾਂ 300 ਦੇ ਕਰੀਬ ਘਰ ਢਹਿ ਗਏ ਸਨ ਤੇ 6 ਲੱਖ ਏਕੜ ਫ਼ਸਲ ਡੁੱਬ ਗਈ ਸੀ। ਇਸ ਮਹੀਨੇ ਪੰਜਾਬ 'ਚ ਪੌਂਗ ਡੈਮ ਤੇ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹਣ ਨਾਲ ਰੋਪੜ, ਗੁਰਦਾਸਪੁਰ, ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਪਿੰਡ ਫਿਰ ਹੜ੍ਹ ਦੀ ਲਪੇਟ ਵਿਚ ਆ ਗਏ ਹਨ।

ਬੇਸ਼ੱਕ ਮੀਂਹ ਪੈਣਾ ਇਕ ਕੁਦਰਤੀ ਵਰਤਾਰਾ ਹੈ, ਜਿਸ ਦੇ ਵੱਧ-ਘੱਟ ਪੈਣ ਨੂੰ ਕਾਬੂ ਕਰਨ ਦੇ ਹਾਲੇ ਮਨੁੱਖ ਸਮਰੱਥ ਨਹੀਂ ਹੈ ਅਤੇ ਨਾ ਹੀ ਹੜ੍ਹਾਂ ਨੂੰ ਆਉਣ ਤੋਂ ਪੂਰੀ ਤਰ੍ਹਾਂ ਰੋਕਿਆ ਹੀ ਜਾ ਸਕਦਾ ਹੈ। ਪਰ ਪੰਜਾਬ ਵਰਗੇ ਮੈਦਾਨੀ ਇਲਾਕਿਆਂ ਵਿਚ ਮੌਨਸੂਨ ਤੋਂ ਪਹਿਲਾਂ ਹੜ੍ਹਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰੀ ਵਜੋਂ ਬਹੁਤ ਸਾਰੇ ਉਪਰਾਲੇ ਕੀਤੇ ਜਾ ਸਕਦੇ ਸਨ, ਜਿਨ੍ਹਾਂ ਨਾਲ ਹੜ੍ਹਾਂ ਦੀ ਮਾਰ ਘਟ ਸਕਦੀ ਸੀ। ਇਸ ਦੇ ਨਾਲ ਹੀ ਰਾਹਤ ਕਾਰਜ ਵੀ ਤਿਆਰ-ਬਰ-ਤਿਆਰ ਰਹਿਣੇ ਚਾਹੀਦੇ ਸਨ ਤਾਂ ਜੋ ਹੜ੍ਹ ਆਉਣ 'ਤੇ ਲੋਕਾਂ ਦੀ ਮਦਦ ਤੇ ਨੁਕਸਾਨ ਨੂੰ ਘਟਾਉਣ ਲਈ ਵੇਲੇ ਸਿਰ ਢੁੱਕਵੇਂ ਉਪਰਾਲੇ ਕੀਤੇ ਜਾ ਸਕਦੇ। ਪਰ ਪੰਜਾਬ ਵਿਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਇਸ ਕਾਰਜ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ। ਬਰਸਾਤੀ ਨਾਲਿਆਂ, ਡਰੇਨ ਆਦਿ ਦੀ ਸਫਾਈ, ਬੰਨ੍ਹ ਮਜ਼ਬੂਤ ਕਰਨੇ ਤੇ ਨਹਿਰੀ ਪ੍ਰਬੰਧ ਨੂੰ ਦਰੁਸਤ ਰੱਖਣ ਜਿਹੇ ਢੁਕਵੇਂ ਉਪਰਾਲਿਆਂ ਨਾਲ ਇਨ੍ਹਾਂ ਹੜ੍ਹਾਂ ਨੂੰ ਬਹੁਤ ਹੱਦ ਤੱਕ ਰੋਕਿਆ ਜਾ ਸਕਦਾ ਹੈ। 'ਬਦਲਾਅ' ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਪੁਰਾਣੀਆਂ ਸਰਕਾਰਾਂ ਦੀਆਂ ਪੈੜ੍ਹਾਂ ਉੱਪਰ ਚੱਲਦਿਆਂ ਪੰਜਾਬ ਦੀਆਂ ਨਹਿਰਾਂ, ਬਰਸਾਤੀ ਨਾਲਿਆਂ, ਡਰੇਨਾਂ, ਚੋਆਂ ਦੀ ਸਫ਼ਾਈ ਤੇ ਹੋਰ ਕੋਈ ਅਗਾਊਂ ਉਪਰਾਲਾ ਨਹੀਂ ਕੀਤਾ। ਸਭ ਰਾਹਤ ਪ੍ਰਬੰਧ ਵੀ ਮੌਕੇ ਸਿਰ ਹਫੜਾ-ਦਫੜੀ ਵਿਚ ਸ਼ੁਰੂ ਕੀਤੇ ਹਨ, ਜੋ ਬਿਲਕੁਲ ਵੀ ਪ੍ਰਭਾਵੀ ਸਾਬਤ ਨਹੀਂ ਹੋ ਰਹੇ। ਹੜ੍ਹ ਨੂੰ ਰੋਕਣ ਦੇ ਪ੍ਰਬੰਧ ਕਰਨ ਵਿਚ ਘਾਟ ਸਿਰਫ਼ ਸਿਆਸੀ ਇੱਛਾ ਸ਼ਕਤੀ ਦੀ ਹੀ ਹੈ। ਇਨ੍ਹਾਂ ਹੜ੍ਹਾਂ ਦਾ ਇਕ ਹੋਰ ਕਾਰਨ ਪਾਣੀ ਦੇ ਵਹਾਅ ਦੇ ਕੁਦਰਤੀ ਵਹਿਣਾਂ ਨੂੰ ਪ੍ਰਭਾਵਿਤ ਕਰਨਾ ਜਾਂ ਰੋਕਿਆ ਜਾਣਾ ਵੀ ਹੈ। ਪੰਜਾਬ ਦੇ ਦਰਿਆਵਾਂ, ਨਹਿਰਾਂ, ਬਰਸਾਤੀ ਨਾਲਿਆਂ, ਚੋਅ ਆਦਿ ਦੇ ਕਾਫ਼ੀ ਹਿੱਸੇ ਉੱਪਰ ਧਨੀ ਕਿਸਾਨੀ ਨੇ ਕਬਜ਼ਾ ਕਰ ਕੇ ਉਸ ਨੂੰ ਆਪਣੇ ਖੇਤਾਂ ਵਿਚ ਰਲਾ ਲਿਆ ਹੈ। ਕਈ ਹਿੱਸਿਆਂ ਉੱਪਰ ਵੱਡੀਆਂ ਉਸਾਰੀਆਂ ਵੀ ਹੋਈਆਂ ਹਨ। ਇਹ ਸਭ ਸਰਕਾਰੀ ਤੰਤਰ ਦੀਆਂ ਅੱਖਾਂ ਸਾਹਮਣੇ, ਸਗੋਂ ਉਨ੍ਹਾਂ ਦੀ ਮਿਲੀਭੁਗਤ ਨਾਲ ਹੁੰਦਾ ਰਿਹਾ ਹੈ। ਇੱਥੋਂ ਤੱਕ ਕਿ ਦਰਿਆਵਾਂ, ਬਰਸਾਤੀ ਨਾਲਿਆਂ ਨੇੜੇ ਵੱਧ ਸੰਵੇਦਨਸ਼ੀਲ ਇਲਾਕੇ ਹਨ, ਭਾਵ ਜਿੱਥੇ ਪਹਿਲਾਂ ਪਾਣੀ ਵੱਧ ਮਾਰ ਕਰਦਾ ਰਿਹਾ ਹੈ ਤੇ ਜਿੱਥੇ ਕਦੇ ਹੜ੍ਹ ਆਏ ਹਨ ਜਾਂ ਜਿੱਥੋਂ ਪਾਣੀ ਟੁੱਟਿਆ ਹੈ, ਉਨ੍ਹਾਂ ਇਲਾਕਿਆਂ ਵਿਚ ਵੀ ਅਜਿਹੇ ਕਬਜ਼ੇ ਧੜਾ-ਧੜ ਹੋਏ ਹਨ, ਜਿਨ੍ਹਾਂ ਦੀ ਕਿਸੇ ਸਰਕਾਰ ਨੇ ਸਾਰ ਨਹੀਂ ਲਈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਸਤਲੁਜ ਦਰਿਆਵਾਂ ਦੇ ਬੰਨ੍ਹਾਂ ਨੂੰ 4 ਲੱਖ ਕਿਊਸਿਕ ਪਾਣੀ ਨੂੰ ਨਿਪਟਾਉਣ ਦੀ ਸਮਰੱਥਾ ਵਾਲਾ ਬਣਾਇਆ ਗਿਆ ਸੀ, ਪਰ ਦਰਿਆ ਹੁਣ ਸਿਰਫ਼ 2 ਲੱਖ ਕਿਊਸਿਕ ਪਾਣੀ ਵੀ ਨਹੀਂ ਸੰਭਾਲ ਰਿਹਾ। ਇਸ ਦਾ ਕਾਰਨ ਇਹ ਪਾਣੀਆਂ ਦੇ ਕੁਦਰਤੀ ਵਹਿਣਾਂ ਉੱਪਰ ਹੋਏ ਇਹ ਕਬਜ਼ੇ ਹੀ ਹਨ। ਇਸੇ ਤਰ੍ਹਾਂ ਗ਼ੈਰ-ਵਿਉਂਤਬੱਧ ਅਤੇ ਅਨਿਯਮਤ ਢੰਗ ਨਾਲ ਹੋਇਆ ਸ਼ਹਿਰੀ ਵਿਕਾਸ ਵੀ ਇਸ ਲਈ ਜ਼ਿੰਮੇਵਾਰ ਹੈ, ਜਿਸ 'ਚ ਭਾਰੀ ਮੀਂਹ ਜਾਂ ਹੜ੍ਹਾਂ ਨੂੰ ਬਿਲਕੁਲ ਵੀ ਧਿਆਨ ਵਿਚ ਨਹੀਂ ਰੱਖਿਆ ਗਿਆ। ਪਟਿਆਲੇ ਦਾ ਅਰਬਨ ਅਸਟੇਟ ਇਲਾਕੇ ਦਾ ਹੜ੍ਹ ਦੀ ਮਾਰ ਵਿਚ ਆਉਣਾ ਇਸ ਦੀ ਉਦਾਹਰਨ ਹੈ।

ਇਸੇ ਦਾ ਨਤੀਜਾ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਹੜ੍ਹ ਜਿਹੀ ਹਾਲਤ ਬਣੀ ਹੋਈ ਹੈ, ਜਿਹੜੀ ਅਗਲੇ ਦਿਨਾਂ 'ਚ ਹੋਰ ਵੀ ਬਦਤਰ ਹੋ ਸਕਦੀ ਹੈ। ਹੜ੍ਹ ਪੀੜ੍ਹਤ ਇਲਾਕਿਆਂ ਦਾ ਦੌਰਾ ਕਰਨ ਤੇ ਰਾਹਤ ਕਾਰਜਾਂ ਦੇ ਨਾਂਅ ਉੱਪਰ ਸੱਤਾਧਾਰੀ ਆਗੂਆਂ ਦੀ ਡਰਾਮੇਬਾਜ਼ੀ ਹੀ ਚੱਲ ਰਹੀ ਹੈ। ਕਈ ਲੀਡਰ ਹੜ੍ਹ ਪੀੜ੍ਹਤ ਇਲਾਕਿਆਂ ਵਿਚ ਗਿੱਟੇ ਲਿਬੇੜ ਕੇ 'ਫੋਟੋ ਸ਼ੂਟ' ਕਰਵਾਉਣ (ਤਸਵੀਰਾਂ ਖਿਚਵਾਉਣ) ਵਿਚ ਰੁੱਝੇ ਹੋਏ ਹਨ। ਸਭ ਇਕ-ਦੂਜੇ ਤੋਂ ਮੂਹਰੇ ਹੋ ਕੇ ਆਪਣਾ ਪੂਰਾ ਲਾਮ-ਲਸ਼ਕਰ ਤੇ ਡਿਜੀਟਲ ਕੈਮਰੇ ਵਾਲੇ ਵਿਸ਼ੇਸ਼ ਕੈਮਰਾਮੈਨ ਨਾਲ ਲੈ ਕੇ ਪਾਣੀ ਵਿਚ ਕਦੇ ਹੱਥ ਖੜ੍ਹੇ ਕਰ ਕੇ, ਕਦੇ ਹੱਥ ਬਾਹਰ ਕੱਢ ਕੇ, ਕਦੇ ਹੱਥ 'ਚ ਰੋੜਾ ਜਾਂ ਬੂਟੀ ਫੜ ਕੇ ਅਤੇ ਕਦੇ ਕੋਈ ਹੋਰ ਮੁਦਰਾ ਵਿਚ ਤਸਵੀਰਾਂ ਕਰਵਾਉਣ ਦੀ ਦੌੜ ਵਿਚ ਪਏ ਹੋਏ ਹਨ। ਪਰ ਪ੍ਰਸ਼ਾਸਨ ਨੂੰ ਹਰਕਤ ਵਿਚ ਲਿਆਉਣਾ, ਰਾਹਤ ਕਾਰਜ ਤੇਜ਼ ਕਰਨ, ਬਣਦੇ ਫੰਡ ਜਾਰੀ ਕਰਨ, ਸਭ ਤੋਂ ਵੱਧ ਪੀੜਤ ਗਰੀਬਾਂ ਤੱਕ ਪਹਿਲ ਦੇ ਆਧਾਰ 'ਤੇ ਮਦਦ ਪਹੁੰਚਾਉਣ ਆਦਿ ਦੀ ਜਿਹੜੀ ਜ਼ਿੰਮੇਵਾਰੀ ਇਨ੍ਹਾਂ ਨੂੰ ਆਪਣੇ ਅਹੁਦੇ 'ਤੇ ਬੈਠ ਕੇ ਨਿਭਾਉਣੀ ਚਾਹੀਦੀ ਹੈ, ਉਹ ਨਹੀਂ ਨਿਭਾ ਰਹੇ। ਹੁਣ ਤੱਕ ਪੰਜਾਬ ਸਰਕਾਰ ਵਲੋਂ ਸਿਰਫ਼ 33 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤੇ ਲੋਕਾਂ ਤੱਕ ਸਰਕਾਰੀ ਮਦਦ ਬਹੁਤ ਘੱਟ ਪਹੁੰਚ ਰਹੀ ਹੈ। ਪਿਛਲੇ ਦਿਨੀਂ ਪਟਿਆਲੇ ਵਿਚ ਜ਼ਰੂਰ ਕੁਝ ਚੈੱਕ ਦਿੱਤੇ ਗਏ ਹਨ ਪਰ ਰਾਜ ਦੇ ਬਹੁਤੇ ਜ਼ਿਲ੍ਹਿਆਂ ਵਿਚ ਅਜੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ।

ਹੜ੍ਹ ਦੇ ਕਹਿਰ ਵਿਚ ਪੰਜਾਬ ਦੇ ਦਰਿਆਵਾਂ ਉੱਪਰ ਹੱਕ ਦਾ ਮੁੱਦਾ ਇਕ ਵਾਰ ਫੇਰ ਉੱਭਰਿਆ, ਕਿਉਂਕਿ ਇਸ ਦੇ ਪਾਣੀ ਵਿਚ ਆਪਣਾ ਹੱਕ ਜਤਾਉਣ ਵਾਲੇ ਹਰਿਆਣਾ ਤੇ ਰਾਜਸਥਾਨ ਨੇ ਕੋਰੀ ਨਾਂਹ ਕਰ ਦਿੱਤੀ ਕਿ ਉਨ੍ਹਾਂ ਦੀਆਂ ਨਹਿਰਾਂ ਵਿਚ ਹੜ੍ਹ ਦਾ ਪਾਣੀ ਨਾ ਛੱਡਿਆ ਜਾਵੇ। ਇਸ ਕਾਰਨ ਹਰੀਕੇ ਹੈੱਡਵਰਕਸ ਤੋਂ ਰਾਜਸਥਾਨ ਨੂੰ ਜਾਣ ਵਾਲੀਆਂ ਦੋਵੇਂ ਨਹਿਰਾਂ, ਰਾਜਸਥਾਨ ਫੀਡਰ ਤੇ ਬੀਕਾਨੇਰ ਨਹਿਰ ਬੰਦ ਪਈਆਂ ਰਹੀਆਂ ਜਦੋਂ ਕਿ ਉੱਥੇ ਪਾਣੀ ਦੀ ਵਧੀ ਮਾਤਰਾ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡਾਂ ਵਿਚ ਛੱਡ ਕੇ ਉਨ੍ਹਾਂ ਨੂੰ ਵੀ ਹੜ੍ਹਾਂ ਦੀ ਮਾਰ ਹੇਠ ਲਿਆ ਦਿੱਤਾ ਗਿਆ। ਜਦੋਂ ਕਿ ਪਾਕਿਸਤਾਨ ਨੇ ਭਾਈਚਾਰਾ ਵਿਖਾਉਂਦੇ ਹੋਏ ਸੁਲੇਮਾਨ ਹੈੱਡਵਰਕਸ ਤੋਂ ਆਪਣੇ 10 ਫਲੱਡ ਗੇਟ ਖੋਲ੍ਹ ਦਿੱਤੇ, ਜਿਸ ਨਾਲ ਉੱਥੋਂ ਦੇ ਕੁਝ ਇਲਾਕਿਆਂ ਵਿਚ ਪਾਣੀ ਭਰ ਗਿਆ, ਪਰ ਚੜ੍ਹਦੇ ਪੰਜਾਬ ਦੇ ਕਈ ਹੋਰ ਇਲਾਕਿਆਂ ਨੂੰ ਡੁੱਬਣ ਤੋਂ ਬਚਾ ਲਿਆ।

ਪੰਜਾਬ ਸਰਕਾਰ ਨੇ ਇਸ ਮਾਮਲੇ 'ਚ ਕੋਈ ਸਖ਼ਤ ਸਟੈਂਡ ਨਹੀਂ ਲਿਆ, ਸਗੋਂ ਰੌਲਾ ਪੈਣ ਮਗਰੋਂ ਵੀ ਰਾਜਸਥਾਨ ਵਾਲੀਆਂ ਨਹਿਰਾਂ ਨੂੰ ਬੰਦ ਰੱਖੇ ਜਾਣ ਨੂੰ ਹੀ ਤਰਜੀਹ ਦਿੱਤੀ। ਅਸਲ ਵਿਚ ਇਸ ਮਾਮਲੇ 'ਚ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਪਹਿਲਾਂ ਤੋਂ ਹੀ ਰਿਪੇਰੀਅਨ ਕਾਨੂੰਨ ਮੁਤਾਬਿਕ ਅਸੂਲੀ ਤੌਰ 'ਤੇ ਪੰਜਾਬ ਦੇ ਹੱਕ ਦੀ ਗੱਲ ਕਰਨ ਦੀ ਥਾਂ ਦੂਜੇ ਸੂਬਿਆਂ ਨੂੰ ਖ਼ੁਸ਼ ਕਰਨ ਦਾ ਦੋਗਲਾ ਰਵੱਈਆ ਅਪਣਾਉਂਦੀ ਰਹੀ ਹੈ। ਇਸੇ ਤਹਿਤ ਪਿਛਲੇ ਬਜਟ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਪਾਣੀ ਨੂੰ ਲੁੱਟਣ ਵਾਲੀਆਂ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਨੂੰ ਪੱਕੀਆਂ ਕਰਨ ਲਈ 740 ਕਰੋੜ ਰੁਪਏ ਰੱਖੇ ਸਨ। ਪਿੱਛੇ ਜਿਹੇ ਇਕ ਚੋਣ ਰੈਲੀ ਦੌਰਾਨ ਰਾਜਸਥਾਨ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਵਿਚ 600 ਕਰੋੜ ਦਾ ਪ੍ਰਾਜੈਕਟ ਲਾ ਰਹੀ ਹੈ ਤਾਂ ਜੋ ਰਾਜਸਥਾਨ ਤੱਕ ਨਹਿਰ ਰਾਹੀਂ ਸਾਫ਼ ਪਾਣੀ ਪਹੁੰਚੇ। ਹੁਣ ਹੜ੍ਹ ਮੌਕੇ ਵੀ ਰਾਜਸਥਾਨ ਨੂੰ ਖ਼ੁਸ਼ ਰੱਖਣ ਲਈ ਉਸ ਨੂੰ ਜਾਂਦੀਆਂ ਨਹਿਰਾਂ ਨੂੰ ਹੜ੍ਹ ਦੇ ਪਾਣੀ ਦੀ ਗਾਰ ਤੋਂ ਬਚਾਉਣ ਲਈ ਇਨ੍ਹਾਂ ਨੂੰ ਬੰਦ ਰੱਖਿਆ ਗਿਆ ਅਤੇ ਪੰਜਾਬ ਦੇ ਕਈ ਇਲਾਕਿਆਂ ਨੂੰ ਡੁੱਬਣ ਦਿੱਤਾ ਗਿਆ। ਜੇ ਇਨ੍ਹਾਂ ਨਹਿਰਾਂ 'ਚ ਪਾਣੀ ਛੱਡਿਆ ਜਾਂਦਾ ਤਾਂ ਪੰਜਾਬ ਦਾ ਨੁਕਸਾਨ ਕੁਝ ਹੱਦ ਤੱਕ ਲਾਜ਼ਮੀ ਘਟਣਾ ਸੀ। ਇਸ ਔਖੀ ਘੜੀ ਆਮ ਲੋਕ ਫੇਰ ਖੁੱਲ੍ਹੇ ਦਿਲ ਨਾਲ ਇਕ-ਦੂਜੇ ਦੀ ਮਦਦ ਕਰਨ ਲਈ ਅੱਗੇ ਆਏ ਹਨ। ਹੜ੍ਹ ਪੀੜਤਾਂ ਦੀ ਮਦਦ ਸਰਕਾਰ ਨਾਲੋਂ ਵੱਧ ਇਸ ਵੇਲੇ ਆਮ ਲੋਕ ਹੀ ਕਰ ਰਹੇ ਹਨ। ਲੋਕਾਂ ਨੂੰ ਡੁੱਬੇ ਘਰਾਂ 'ਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ, ਖਾਣਾ-ਪੀਣਾ, ਦਵਾਈਆਂ ਤੇ ਹੋਰ ਜ਼ਰੂਰੀ ਸਮੱਗਰੀ ਪਹੁੰਚਾਉਣਾ, ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨਾ ਤੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਜਿਹੇ ਜੋਖ਼ਮ ਭਰੇ ਕੰਮਾਂ ਲਈ ਵੱਡੀ ਗਿਣਤੀ 'ਚ ਲੋਕ ਅੱਗੇ ਆ ਰਹੇ ਹਨ। ਪਾਣੀ ਉੱਤਰਨ ਤੋਂ ਬਾਅਦ ਪੀੜਤਾਂ ਦੇ ਸਿਰ ਉੱਪਰ ਛੱਤ ਖੜ੍ਹੀ ਕਰਨ ਤੇ ਬਿਮਾਰਾਂ ਦਾ ਇਲਾਜ ਵੀ ਜ਼ਿਆਦਾਤਰ ਆਮ ਲੋਕ ਹੀ ਕਰਨਗੇ। ਲੋਕਾਂ ਦੀ ਇਹ ਭਾਈਚਾਰਕ ਸਾਂਝ ਤੇ ਚੰਗਿਆਈ ਹੀ ਹਰ ਬਿਖੜੇ ਪੈਂਡੇ ਨੂੰ ਤੈਅ ਕਰਨ ਵਿਚ ਉਨ੍ਹਾਂ ਦੀ ਵੱਡੀ ਤਾਕਤ ਹੈ। ਹਰ ਕਿਸੇ ਨੂੰ ਹੜ੍ਹ ਪੀੜਤਾਂ ਦੀ ਮਦਦ ਵਿਚ ਵੱਧ ਤੋਂ ਵੱਧ ਸਹਿਯੋਗ ਕਰਨਾ ਚਾਹੀਦਾ ਹੈ ਪਰ ਨਾਲ ਹੀ ਸਰਕਾਰੀ ਪ੍ਰਬੰਧ ਦੀਆਂ ਨਕਾਮੀਆਂ ਉੱਪਰ ਵੀ ਉਂਗਲ ਧਰਨੀ ਚਾਹੀਦੀ ਹੈ ਅਤੇ ਲੋਕਾਂ ਦੇ ਨੁਮਾਇੰਦੇ ਹੋਣ ਦਾ ਝੂਠਾ ਦਾਅਵਾ ਕਰਨ ਵਾਲੇ ਸਿਆਸੀ ਲੀਡਰਾਂ ਨੂੰ ਘੇਰਨਾ ਚਾਹੀਦਾ ਹੈ।

# ਕਾਂਗਰਸ ਤੇ ਆਪ ਦੇ ਨੇਤਾਵਾਂ ਦਾ ਸਿਆਸੀ ਭਵਿੱਖ ਤੈਅ ਕਰੇਗੀ 30 ਅਗਸਤ ਦੀ ਮੁੰਬਈ ਬੈਠਕ

ਚੰਡੀਗੜ੍ਹ : ਪੰਜਾਬ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਦਾ ਸਿਆਸੀ ਭਵਿੱਖ 30 ਅਗਸਤ ਨੂੰ ਮੁੰਬਈ 'ਚ ਹੋਣ ਵਾਲੀ 26 ਰਾਜਨੀਤਿਕ ਪਾਰਟੀਆਂ ਦੀ ਬੈਠਕ ਤੈਅ ਕਰੇਗੀ। ਆਈ. ਐੱਨ. ਡੀ. ਆਈ.ਏ. (ਇੰਡੀਆ) ਨਾਂ ਨਾਲ ਬਣੇ ਗਠਜੋੜ ਦਾ ਸੈਮੀਫਾਈਨਲ ਟੀਚਾ ਇਸੇ ਸਾਲ ਦੇ ਅਖੀਰ ਅਤੇ ਆਉਣ ਵਾਲੇ ਸਾਲ ਦੀ ਸ਼ੁਰੂਆਤ 'ਚ ਹੋਣ ਵਾਲੀਆਂ ਪੰਜ ਸੂਬਿਆਂ ਦੀਆਂ ਚੋਣਾਂ ਅਤੇ ਫਾਈਨਲ ਟੀਚਾ ਸਾਲ 2024 'ਚ ਹੋਣ ਵਾਲੀਆਂ ਚੋਣਾਂ ਹੈ। ਪੰਜਾਬ 'ਚ ਪ੍ਰਭਾਵ ਰੱਖਣ ਵਾਲੇ ਗਠਜੋੜ ਦੇ ਦੋ ਦਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਮੱਧ ਲੋਕ ਸਭਾ ਚੋਣਾਂ ਲਈ ਸੀਟਾਂ ਦਾ ਬਟਵਾਰਾ ਕਿਵੇਂ ਹੁੰਦਾ ਹੈ ਇਸਦਾ ਫੈਸਲਾ ਵੀ ਮੁੰਬਈ ਬੈਠਕ ਦੇ ਤੁਰੰਤ ਬਾਅਦ ਲਗਭਗ ਹੋ ਜਾਵੇਗਾ। ਇਸਨੂੰ 'ਤੇ ਵੀ ਕਾਂਗਰਸ ਦੇ ਨੇਤਾ ਨਜ਼ਰ ਰੱਖ ਰਹੇ ਹਨ। ਇਸੇ ਰਾਜਨੀਤਿਕ ਹਲਚਲ ਨੂੰ ਲੈ ਕੇ ਘੱਟੋ-ਘੱਟ ਕਾਂਗਰਸ 'ਚ ਤੂਫਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਦੀ ਸਥਿਤੀ ਬਣ ਰਹੀ ਹੈ। ਇਸ ਬੈਠਕ 'ਤੇ ਸਾਰਿਆਂ ਦੀ ਨਜ਼ਰ ਟਿਕੀ ਹੋਈ ਹੈ।

30 ਅਗਸਤ ਅਤੇ 1 ਸਤੰਬਰ ਨੂੰ ਹੋਣ ਵਾਲੀ ਇਹ ਬੈਠਕ ਇਹ ਦਿਸ਼ਾ ਵੀ ਤੈਅ ਕਰੇਗੀ ਕਿ ਪੰਜਾਬ 'ਚ ਕਾਂਗਰਸ ਵਿਰੋਧ ਧਿਰ 'ਚ ਰਹੇਗੀ ਨਹੀਂ ਤਾਂ ਸਰਕਾਰ ਦਾ ਹਿੱਸਾ ਬਣੇਗੀ। ਕਾਂਗਰਸ ਅਤੇ ਆਮਦ ਆਦਮੀ ਪਾਰਟੀ ਦੇ ਨਵੇਂ ਰੂਪ ਨੂੰ ਲੈ ਕੇ ਪੰਜਾਬ ਦੀ ਰਾਜਨੀਤਿਕ ਫਿਜ਼ਾ 'ਚ ਵਿਸ਼ੇਸ਼ ਰੂਪ ਨਾਲ ਕਾਂਗਰਸ 'ਚ ਭੰਬਲਭੂਸੇ ਦਾ ਮਾਹੌਲ ਬਣਿਆ ਹੋਇਆ ਹੈ। ਫਿਲਹਾਲ ਕਾਂਗਰਸ ਦੇ ਪੰਜਾਬ 'ਚ 7 ਲੋਕ ਸਭਾ ਮੈਂਬਰ ਹਨ ਅਤੇ ਆਮ ਆਦਮੀ ਪਾਰਟੀ ਦਾ ਇਕ ਲੋਕ ਸਭਾ ਮੈਂਬਰ ਹੈ ਪਰ ਕੁਝ ਸੀਟਾਂ 'ਤੇ ਦੋਵਾਂ ਪਾਰਟੀਆਂ ਦੇ ਨੇਤਾਵਾਂ ਵਿਚ ਟਕਰਾਅ ਹੋ ਸਕਦਾ ਹੈ। ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸਾਬਕਾ ਸੰਸਦ ਮੈਂਬਰ ਵੀ 'ਆਪ' ਵਿਚ ਸ਼ਾਮਲ ਹੋਣ ਦੀ ਤਿਆਰੀ ਕਰ ਰਹੇ ਹਨ। ਇਸ ਸਬੰਧੀ ਗੱਲਬਾਤ ਵਿਚਾਰ ਅਧੀਨ ਹੈ। ਦਲ ਬਦਲੀ ਸਬੰਧੀ ਸਾਬਕਾ ਸੰਸਦ ਮੈਂਬਰ ਦੀ ਇਕ ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਫਿਰੋਜ਼ਪੁਰ ਸੰਸਦੀ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਟਿਕਟ ਦਿੱਤੀ ਜਾਵੇ।

ਸੂਤਰਾਂ ਅਨੁਸਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਰਮਿਆਨ ਸੰਭਾਵੀ ਗਠਜੋੜ ਦੀ ਤਜਵੀਜ਼ ਵਿੱਚ ਫਿਰੋਜ਼ਪੁਰ ਸੰਸਦੀ ਸੀਟ ਤੋਂ ਪੰਜਾਬ ਕਾਂਗਰਸ ਦੇ ਇੱਕ ਉੱਘੇ ਆਗੂ ਦੀ ਪਤਨੀ ਨੂੰ ਟਿਕਟ ਦੇਣਾ ਵੀ ਸ਼ਾਮਲ ਹੈ। ਇਸ ਸੰਭਾਵਨਾ ਕਾਰਨ ਆਗੂਆਂ 'ਚ ਫੁੱਟ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਵਿਚ ਵੀ ਵਿਵਾਦ ਖੜ੍ਹਾ ਹੋ ਸਕਦਾ ਹੈ, ਜਿੱਥੋਂ ਕਾਂਗਰਸ ਦੇ ਮਨੀਸ਼ ਤਿਵਾੜੀ ਸੰਸਦ ਮੈਂਬਰ ਹਨ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਸਿੰਘ ਸ਼ੇਰਗਿੱਲ ਹਾਰ ਗਏ ਸਨ, ਜਦਕਿ ਫਰੀਦਕੋਟ ਸੰਸਦੀ ਸੀਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਖਡੂਰ ਸਾਹਿਬ ਅਤੇ ਲੁਧਿਆਣਾ ਅਜਿਹੀਆਂ ਸੀਟਾਂ ਹਨ, ਜਿੱਥੇ ਦੋਵਾਂ ਪਾਰਟੀਆਂ ਦੇ ਆਗੂਆਂ ਵਿੱਚ ਟੱਕਰ ਹੋ ਸਕਦੀ ਹੈ, ਜਿੱਥੇ ਪਿਛਲੀਆਂ ਸੰਸਦੀ ਚੋਣਾਂ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਮੈਦਾਨ ਵਿਚ ਸਨ। ਮੌਜੂਦਾ ਸਥਿਤੀ ਇਹ ਹੈ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ 7 'ਤੇ ਕਾਂਗਰਸ, ਦੋ 'ਤੇ ਭਾਜਪਾ, ਦੋ ਅਕਾਲੀ ਦਲ, ਇਕ ਆਮ ਆਦਮੀ ਪਾਰਟੀ ਅਤੇ ਇਕ ਸੀਟ 'ਤੇ ਅਕਾਲੀ ਦਲ ਮਾਨ ਦਾ ਕਬਜ਼ਾ ਹੈ।

# ਸੰਸਦ ਦੀ ਕਾਰਵਾਈ 'ਚ ਅੜਿੱਕਾ ਡਾਹ ਕੇ ਦਿਸ਼ਾਹੀਣਤਾ ਦੀ ਸ਼ਿਕਾਰ ਹੋਈ ਵਿਰੋਧੀ ਧਿਰ

-ਸੰਜੇ ਗੁਪਤਾ




ਸੰਸਦ ਦਾ ਮੌਨਸੂਨ ਇਜਲਾਸ ਆਰੰਭ ਹੁੰਦੇ ਹੀ ਇਸ ਦੇ ਸੰਕੇਤ ਮਿਲਣ ਲੱਗੇ ਸਨ ਕਿ ਪਿਛਲੇ ਕਈ ਇਜਲਾਸਾਂ ਦੀ ਤਰ੍ਹਾਂ ਵਿਰੋਧੀ ਪਾਰਟੀਆਂ ਇਸ ਵਾਰ ਵੀ ਸਦਨ ਚੱਲਣ ਨਹੀਂ ਦੇਣਗੀਆਂ। ਅਖ਼ੀਰ ਅਜਿਹਾ ਹੀ ਹੋਇਆ। ਮਨੀਪੁਰ ਦੀ ਨਸਲੀ ਹਿੰਸਾ ਨੂੰ ਸੰਸਦ ਵਿਚ ਅੜਿੱਕੇ ਦਾ ਜ਼ਰੀਆ ਬਣਾਉਣ ਲਈ ਕਾਂਗਰਸ ਅਤੇ ਕੁਝ ਹੋਰ ਪਾਰਟੀਆਂ ਨੇ ਪਹਿਲਾਂ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਇਸ ਦੀ ਸ਼ੁਰੂਆਤ ਤਦ ਹੀ ਹੋ ਗਈ ਸੀ, ਜਦ ਰਾਹੁਲ ਗਾਂਧੀ ਮਨੀਪੁਰ ਵਿਚ ਹਿੰਸਾ ਪੀੜਤਾਂ ਨੂੰ ਮਿਲਣ ਦੇ ਨਾਂ 'ਤੇ ਸੜਕੀ ਮਾਰਗ ਰਸਤੇ ਚੂੜਚੰਦਪੁਰ ਜਾਣ ਲਈ ਅੜ ਗਏ ਸਨ। ਉਨ੍ਹਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਹੈਲੀਕਾਪਟਰ ਜ਼ਰੀਏ ਜਾਣ ਦੀ ਸਲਾਹ ਦਿੱਤੀ ਗਈ ਪਰ ਉਨ੍ਹਾਂ ਦਾ ਇਰਾਦਾ ਸੁਰਖੀਆਂ ਬਟੋਰਨਾ ਸੀ, ਇਸ ਲਈ ਉਹ ਸੜਕੀ ਮਾਰਗ ਰਾਹੀਂ ਜਾਣ ਦੀ ਜ਼ਿੱਦ 'ਤੇ ਅੜੇ ਰਹੇ। ਆਖ਼ਰਕਾਰ ਲੋਕਾਂ ਦੇ ਧਰਨਾ-ਪ੍ਰਦਰਸ਼ਨ ਕਾਰਨ ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਹੀ ਮੰਜ਼ਿਲ ਤਕ ਜਾਣਾ ਪਿਆ। ਰਾਹੁਲ ਗਾਂਧੀ ਜਿਸ ਤਰੀਕੇ ਦੀ ਰਾਜਨੀਤੀ ਕਰਨ ਦੇ ਆਦੀ ਹਨ, ਉਸੇ ਦੇ ਅਨੁਸਾਰ ਉਨ੍ਹਾਂ ਨੇ ਮਨੀਪੁਰ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਬੋਲਿਆ ਪਰ ਇਸ ਨਾਲ ਉਨ੍ਹਾਂ ਨੂੰ ਕੁਝ ਹਾਸਲ ਨਹੀਂ ਹੋਇਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਹਿਲੇ ਹੀ ਦਿਨ ਸਪਸ਼ਟ ਕਰ ਦਿੱਤਾ ਸੀ ਕਿ ਸਰਕਾਰ ਮਨੀਪੁਰ 'ਤੇ ਚਰਚਾ ਨੂੰ ਤਿਆਰ ਹੈ। ਵਿਰੋਧੀ ਧਿਰ ਦੀ ਦਿਲਚਸਪੀ ਕਿਉਂਕਿ ਚਰਚਾ ਵਿਚ ਹੈ ਹੀ ਨਹੀਂ ਸੀ, ਇਸੇ ਲਈ ਉਸ ਵੱਲੋਂ ਨਵੀਆਂ-ਨਵੀਆਂ ਸ਼ਰਤਾਂ ਲਗਾਈਆਂ ਜਾਂਦੀਆਂ ਰਹੀਆਂ। ਇਨ੍ਹਾਂ 'ਚੋਂ ਇਕ ਸ਼ਰਤ ਇਹ ਵੀ ਸੀ ਕਿ ਸੰਸਦ ਉਦੋਂ ਚੱਲਣ ਦਿੱਤੀ ਜਾਵੇਗੀ ਜਦ ਪ੍ਰਧਾਨ ਮੰਤਰੀ ਮਨੀਪੁਰ 'ਤੇ ਬਿਆਨ ਦੇ ਦੇਣਗੇ। ਇਹ ਮੰਗ ਇਸ ਦੇ ਬਾਵਜੂਦ ਕੀਤੀ ਗਈ ਕਿ ਜਦ ਮਨੀਪੁਰ ਵਿਚ ਔਰਤਾਂ ਨਾਲ ਅੱਤਿਆਚਾਰ ਦੀ ਲਗਪਗ ਦੋ ਮਹੀਨੇ ਪੁਰਾਣੀ ਅਤੇ ਰਾਸ਼ਟਰ ਨੂੰ ਸ਼ਰਮਸਾਰ ਕਰਨ ਵਾਲੀ ਵੀਡੀਓ ਸਾਹਮਣੇ ਆਈ ਤਾਂ ਪ੍ਰਧਾਨ ਮੰਤਰੀ ਨੇ ਤਤਕਾਲ ਨਾ ਸਿਰਫ਼ ਇਸ ਘਟਨਾ ਦੀ ਨਿੰਦਾ ਕੀਤੀ ਬਲਕਿ ਇਹ ਭਰੋਸਾ ਵੀ ਦਿੱਤਾ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਇਸੇ ਦੇ ਨਾਲ ਮਨੀਪੁਰ ਵਿਚ ਅਪਰਾਧੀਆਂ ਵਿਰੁੱਧ ਕਾਰਵਾਈ ਵੀ ਤੇਜ਼ ਕਰ ਦਿੱਤੀ ਗਈ ਅਤੇ ਕੁਝ ਮਾਮਲੇ ਸੀਬੀਆਈ ਨੂੰ ਸੌਂਪ ਦਿੱਤੇ ਗਏ। ਇਸ ਤੋਂ ਬਾਅਦ ਵੀ ਵਿਰੋਧੀ ਧਿਰ ਨੇ ਕਿਸੇ ਨਾ ਕਿਸੇ ਬਹਾਨੇ ਸੰਸਦ ਠੱਪ ਰੱਖੀ। ਮਨੀਪੁਰ 'ਤੇ ਪ੍ਰਧਾਨ ਮੰਤਰੀ ਬੋਲਣ, ਇਸ ਮੰਗ ਨੂੰ ਪੂਰਾ ਕਰਨ ਲਈ ਵਿਰੋਧੀ ਪਾਰਟੀਆਂ ਨੇ ਬੇਭਰੋਸਗੀ ਮਤੇ ਦਾ ਸਹਾਰਾ ਲਿਆ। ਬੇਭਰੋਸਗੀ ਮਤੇ 'ਤੇ ਤਿੰਨ ਦਿਨਾਂ ਤਕ ਚੱਲੀ ਚਰਚਾ ਦੌਰਾਨ ਇਹ ਸਪਸ਼ਟ ਦਿਸਿਆ ਕਿ ਰਾਹੁਲ ਗਾਂਧੀ ਸਮੇਤ ਕਿਸੇ ਵੀ ਵਿਰੋਧੀ ਨੇਤਾ ਕੋਲ ਅਜਿਹੇ ਤੱਥ ਅਤੇ ਤਰਕ ਨਹੀਂ ਸਨ ਜਿਨ੍ਹਾਂ ਸਹਾਰੇ ਉਹ ਮੋਦੀ ਸਰਕਾਰ ਨੂੰ ਲਾਜਵਾਬ ਕਰ ਸਕਦੇ।

ਬੇਭਰੋਸਗੀ ਮਤੇ 'ਤੇ ਵਿਰੋਧੀ ਨੇਤਾਵਾਂ ਨੇ ਹੋਰ ਕਈ ਮੁੱਦਿਆਂ 'ਤੇ ਵੀ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਪਰ ਤੱਥਾਂ ਦੀ ਘਾਟ ਕਾਰਨ ਉਹ ਨਾਕਾਮ ਰਹੇ। ਰਾਹੁਲ ਗਾਂਧੀ ਦਾ ਗੁੱਸੇ ਭਰਿਆ ਸੰਬੋਧਨ ਪੀਐੱਮ 'ਤੇ ਨਿੱਜੀ ਹਮਲੇ ਦੇ ਨਾਲ ਹੀ ਮਨੀਪੁਰ ਦੀਆਂ ਦੋ ਘਟਨਾਵਾਂ ਦਾ ਵੇਰਵਾ ਸਦਨ ਵਿਚ ਰੱਖਣ 'ਤੇ ਹੀ ਕੇਂਦਰਿਤ ਰਿਹਾ। ਮਨੀਪੁਰ ਵਿਚ ਜੋ ਕੁਝ ਹੋਇਆ, ਉਹ ਸੱਭਿਅਕ ਸਮਾਜ ਲਈ ਪ੍ਰਵਾਨ ਕਰਨ ਯੋਗ ਨਹੀਂ ਹੈ ਪਰ ਔਰਤਾਂ 'ਤੇ ਅੱਤਿਆਚਾਰ ਦੇ ਇਹ ਇਕਲੌਤੇ ਮਾਮਲੇ ਨਹੀਂ ਹਨ। ਜਦ ਵੀ ਕਿਤੇ ਫ਼ਿਰਕੂ ਜਾਂ ਧੜਿਆਂ ਵਿਚ ਹਿੰਸਾ ਹੁੰਦੀ ਹੈ ਤਾਂ ਔਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ। ਰਾਹੁਲ ਗਾਂਧੀ ਨੇ ਮਨੀਪੁਰ ਨੂੰ ਲੈ ਕੇ ਸਰਕਾਰ 'ਤੇ ਫ਼ਜ਼ੂਲ ਦੋਸ਼ ਲਗਾ ਕੇ ਆਪਣਾ ਖੋਖਲਾ ਰਾਜਨੀਤਕ ਚਿੰਤਨ ਹੀ ਪ੍ਰਦਰਸ਼ਿਤ ਕੀਤਾ। ਉਨ੍ਹਾਂ ਨੇ ਫਿਰ ਤੋਂ ਇਹੀ ਸਾਬਿਤ ਕੀਤਾ ਕਿ ਉਹ ਰਾਜਨੀਤਕ ਤੌਰ 'ਤੇ ਪਰਪੱਕ ਨਹੀਂ ਹੋ ਸਕੇ ਹਨ। ਉਨ੍ਹਾਂ ਦੇ ਸੰਬੋਧਨ ਦੇ ਕਈ ਹਿੱਸੇ ਕਾਰਵਾਈ ਤੋਂ ਹਟਾਉਣੇ ਪਏ। ਬੇਭਰੋਸਗੀ ਮਤੇ 'ਤੇ ਦਿਸ਼ਾਹੀਣ ਨਜ਼ਰ ਆਈ ਵਿਰੋਧੀ ਧਿਰ ਦੇ ਮੁਕਾਬਲੇ ਸੱਤਾ ਧਿਰ ਵਿਰੋਧੀ ਧਿਰ ਦੀ ਨਾਂਹ-ਪੱਖੀ ਸੋਚਣੀ ਨੂੰ ਸਾਹਮਣੇ ਲਿਆਉਣ ਦੇ ਨਾਲ ਹੀ ਆਪਣੀਆਂ ਪ੍ਰਾਪਤੀਆਂ ਦੱਸਣ ਵਿਚ ਕਿਤੇ ਜ਼ਿਆਦਾ ਸਮਰੱਥ ਰਹੀ। ਕਈ ਮੰਤਰੀਆਂ ਦੇ ਨਾਲ-ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਦ ਵੱਖ-ਵੱਖ ਮੁਹਾਜ਼ਾਂ 'ਤੇ ਮੋਦੀ ਸਰਕਾਰ ਦੀਆਂ ਕਾਮਯਾਬੀਆਂ ਨੂੰ ਗਿਣਾਉਣਾ ਸ਼ੁਰੂ ਕੀਤਾ ਤਾਂ ਵਿਰੋਧੀ ਧਿਰ ਦੀ ਬੋਲਤੀ ਬੰਦ ਹੋ ਗਈ।

ਗ੍ਰਹਿ ਮੰਤਰੀ ਨੇ ਮਨੀਪੁਰ ਦੇ ਸਿਲਸਿਲੇ ਵਿਚ ਕਾਂਗਰਸ ਕਾਲ ਦੀਆਂ ਘਟਨਾਵਾਂ ਨੂੰ ਤੱਥਾਂ ਦੇ ਨਾਲ ਸਦਨ ਵਿਚ ਰੱਖਿਆ ਅਤੇ ਇਹ ਰੇਖਾਂਕਿਤ ਕੀਤਾ ਕਿ ਇਸ ਸੂਬੇ ਦੀ ਨਸਲੀ ਹਿੰਸਾ ਦਹਾਕਿਆਂ ਪੁਰਾਣੀ ਸਮੱਸਿਆ ਹੈ। ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਕਾਂਗਰਸ ਦੇ ਸਮੇਂ ਮਨੀਪੁਰ ਵਿਚ ਜਦ ਕਿਤੇ ਜ਼ਿਆਦਾ ਹਿੰਸਾ ਕਈ ਮਹੀਨਿਆਂ ਤਕ ਚੱਲਦੀ ਰਹੀ ਸੀ, ਤਦ ਤਤਕਾਲੀ ਕੇਂਦਰ ਅਤੇ ਰਾਜ ਸਰਕਾਰਾਂ ਦਾ ਕਿਹੋ ਜਿਹਾ ਉਦਾਸੀਨ ਵਤੀਰਾ ਸੀ। ਉਨ੍ਹਾਂ ਨੇ ਵਿਰੋਧੀ ਧਿਰ ਦੇ ਇਨ੍ਹਾਂ ਸਵਾਲਾਂ ਦਾ ਵੀ ਠੋਸ ਜਵਾਬ ਦਿੱਤਾ ਕਿ ਸੂਬਾ ਸਰਕਾਰ ਨੂੰ ਬਰਖਾਸਤ ਕਿਉਂ ਨਹੀਂ ਕੀਤਾ ਗਿਆ? ਬੇਭਰੋਸਗੀ ਮਤੇ 'ਤੇ ਹੋਈ ਚਰਚਾ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਮੌਜੂਦਾ ਦੁਰਦਸ਼ਾ ਨੂੰ ਰੇਖਾਂਕਿਤ ਕਰਨ ਦੇ ਨਾਲ ਹੀ ਵੱਖ-ਵੱਖ ਸਮੱਸਿਆਵਾਂ ਪ੍ਰਤੀ ਉਸ ਦੇ ਸੌੜੇ ਦ੍ਰਿਸ਼ਟੀਕੋਣ ਦੀ ਵੀ ਪੋਲ ਖੋਲ੍ਹ ਦਿੱਤੀ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਦੇਸ਼ ਦੀਆਂ ਅਨੇਕ ਸਮੱਸਿਆਵਾਂ ਲਈ ਕਾਂਗਰਸ ਦੀ ਵੋਟ ਬੈਂਕ ਵਾਲੀ ਰਾਜਨੀਤੀ ਹੀ ਜ਼ਿੰਮੇਵਾਰ ਹੈ।

ਪ੍ਰਧਾਨ ਮੰਤਰੀ ਨੇ ਗਾਂਧੀ ਪਰਿਵਾਰ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਮਹੱਤਵ ਦੇਣ ਲਈ ਵੀ ਕਾਂਗਰਸ ਨੂੰ ਘੇਰਿਆ ਅਤੇ ਅਜਿਹੇ ਅਨੇਕ ਪ੍ਰਸੰਗ ਯਾਦ ਕਰਵਾਏ ਜਿਨ੍ਹਾਂ ਤੋਂ ਪਤਾ ਲੱਗਿਆ ਕਿ ਇਸ ਪਾਰਟੀ ਨੇ ਆਪਣੀ ਤੰਗਦਿਲੀ ਵਾਲੀ ਸਿਆਸਤ ਕਾਰਨ ਕਿਸ ਤਰ੍ਹਾਂ ਰਾਸ਼ਟਰ ਹਿੱਤ ਦੀ ਅਣਦੇਖੀ ਕੀਤੀ। ਕਾਂਗਰਸ ਦੀ ਸੌੜੀ ਸਿਆਸਤ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ ਪਰ ਉਸ ਨੂੰ ਇਸ ਗੱਲ ਦਾ ਰਤਾ ਵੀ ਅਹਿਸਾਸ ਨਹੀਂ ਹੈ। ਉਸ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਦੇਸ਼ ਹਿੱਤ ਨਾਲੋਂ ਨਿੱਜੀ ਹਿੱਤ ਕਦੇ ਵੀ ਵੱਡੇ ਨਹੀਂ ਹੋ ਸਕਦੇ। ਪ੍ਰਧਾਨ ਮੰਤਰੀ ਦੇ ਤਰਕ ਇੰਨੇ ਤਿੱਖੇ ਸਨ ਕਿ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦੇ ਨੇਤਾ ਉਨ੍ਹਾਂ ਨੂੰ ਸੁਣ ਨਹੀਂ ਸਕੇ ਅਤੇ ਸਦਨ ਤੋਂ ਬਾਹਰ ਚਲੇ ਗਏ।

ਇਹ ਅਜੀਬੋ-ਗ਼ਰੀਬ ਹੈ ਕਿ ਇਕ ਪਾਸੇ ਵਿਰੋਧੀ ਪਾਰਟੀਆਂ ਪੀਐੱਮ ਤੋਂ ਸਦਨ ਵਿਚ ਬਿਆਨ ਦੇਣ ਦੀ ਮੰਗ ਕਰ ਰਹੀਆਂ ਸਨ ਅਤੇ ਜਦ ਉਹ ਬੋਲੇ ਤਾਂ ਉਹ ਉਨ੍ਹਾਂ ਨੂੰ ਸੁਣਨ ਦਾ ਹੌਸਲਾ ਨਹੀਂ ਦਿਖਾ ਸਕੀਆਂ। ਆਖ਼ਰਕਾਰ ਬੇਭਰੋਸਗੀ ਮਤਾ ਉਮੀਦ ਮੁਤਾਬਕ ਡਿੱਗ ਗਿਆ। ਇਹੀ ਕੁਝ ਸੰਨ 2018 ਵਿਚ ਵੀ ਹੋਇਆ ਸੀ। ਇਹ ਕਿਸੇ ਤੋਂ ਛੁਪਿਆ ਨਹੀਂ ਕਿ ਸੰਨ 2019 ਦੀਆਂ ਚੋਣਾਂ ਵਿਚ ਐੱਨਡੀਏ ਨੇ ਹੋਰ ਵੱਡੇ ਬਹੁਮਤ ਨਾਲ ਸੱਤਾ ਵਿਚ ਵਾਪਸੀ ਕੀਤੀ ਸੀ। ਪ੍ਰਧਾਨ ਮੰਤਰੀ ਨੇ ਇਹ ਠੀਕ ਹੀ ਕਿਹਾ ਕਿ ਬੇਭਰੋਸਗੀ ਮਤਾ ਤਾਂ ਉਨ੍ਹਾਂ ਦੀ ਸਰਕਾਰ ਲਈ ਵਰਦਾਨ ਸਿੱਧ ਹੋਇਆ ਹੈ।

ਅਜਿਹਾ ਨਹੀਂ ਹੈ ਕਿ ਦੇਸ਼ ਵਿਚ ਸਮੱਸਿਆਵਾਂ ਨਹੀਂ ਹਨ ਜਾਂ ਮੋਦੀ ਸਰਕਾਰ ਦੇ ਕੰਮਕਾਜ ਵਿਚ ਕਮੀਆਂ ਨਹੀਂ ਕੱਢੀਆਂ ਜਾ ਸਕਦੀਆਂ ਪਰ ਵਿਰੋਧੀ ਧਿਰ ਦੀ ਦਿਲਚਸਪੀ ਉਨ੍ਹਾਂ ਨੂੰ ਤਰਕਸੰਗਤ ਤਰੀਕੇ ਨਾਲ ਸਾਹਮਣੇ ਰੱਖਣ ਦੀ ਬਜਾਏ ਹੰਗਾਮਾ ਕਰਨ ਵਿਚ ਹੀ ਵਧੇਰੇ ਰਹੀ। ਭਾਵੇਂ ਹੀ ਵਿਰੋਧੀ ਧਿਰ ਨੂੰ ਇਹ ਲੱਗਦਾ ਹੋਵੇ ਕਿ ਹੰਗਾਮਾ ਕਰ ਕੇ ਉਹ ਜਨਤਾ ਦਾ ਧਿਆਨ ਖਿੱਚ ਸਕਦੀ ਹੈ ਪਰ ਅਜਿਹਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਜਨਤਾ ਨੇ ਇਹ ਚੰਗੀ ਤਰ੍ਹਾਂ ਦੇਖਿਆ-ਸਮਝਿਆ ਕਿ ਵਿਰੋਧੀ ਧਿਰ ਨੇ ਕਿਸ ਤਰ੍ਹਾਂ ਜ਼ਰੂਰੀ ਬਿੱਲਾਂ 'ਤੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ ਜਦਕਿ ਕਈ ਬਿੱਲ ਬੇਹੱਦ ਮਹੱਤਵਪੂਰਨ ਸਨ। ਵਿਰੋਧੀ ਪਾਰਟੀਆਂ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪਾ ਕੇ ਬਹੁਮੁੱਲੇ ਸਮੇਂ ਨੂੰ ਤਾਂ ਬਰਬਾਦ ਕਰ ਸਕਦੀਆਂ ਹਨ ਪਰ ਖ਼ੁਦ ਦਾ ਭਲਾ ਨਹੀਂ ਕਰ ਸਕਦੀਆਂ। ਅੱਜ ਦਾ ਨੌਜਵਾਨ ਵਰਗ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਅਤੇ ਉਸ ਦੇ ਮਾੜੇ ਨਤੀਜਿਆਂ ਨੂੰ ਕਿਤੇ ਜ਼ਿਆਦਾ ਗੰਭੀਰਤਾ ਨਾਲ ਸਮਝਦਾ ਹੈ।

ਕਿੰਨਾ ਚੰਗਾ ਹੋਵੇ ਜੇ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨਾਂਹ-ਪੱਖੀ ਸਿਆਸਤ ਨੂੰ ਤਿਲਾਂਜਲੀ ਦੇ ਕੇ ਹਾਂ-ਪੱਖੀ ਸਿਆਸਤ ਵਿਚ ਯਕੀਨ ਰੱਖਣ। ਅੱਜ ਭਾਰਤ ਤੇਜ਼ੀ ਨਾਲ ਉੱਭਰਦਾ ਇਕ ਮਹੱਤਵਪੂਰਨ ਅਰਥਚਾਰਾ ਹੈ। ਇਸ ਅਰਥਚਾਰੇ ਨੂੰ ਅੱਗੇ ਵਧਾਉਂਦੇ ਹੋਏ ਕਰੋੜਾਂ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰਨ ਲਈ ਬੇਮਿਸਾਲ ਤੇਜ਼ੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਇਹ ਉਦੋਂ ਸੰਭਵ ਹੋਵੇਗਾ ਜਦ ਸੰਸਦ ਸਹੀ ਤਰ੍ਹਾਂ ਚੱਲੇਗੀ। ਜੇਕਰ ਸੰਸਦ ਦੀ ਕਾਰਵਾਈ ਵਿਚ ਬੇਵਜ੍ਹਾ ਅੜਿੱਕਾ ਡਾਹਿਆ ਜਾਵੇਗਾ ਤਾਂ ਦੇਸ਼ ਦੀ ਜਨਤਾ ਵੱਲੋਂ ਵਿਰੋਧੀ ਪਾਰਟੀਆਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।

# ਰੁਕ ਨਹੀਂ ਰਿਹਾ ਕੋਚਿੰਗ ਸਿਟੀ ਕੋਟਾ 'ਚ ਵਿਦਿਆਰਥੀਆਂ ਦੀਆਂ ਆਤਮਹੱਤਿਆਵਾਂ ਦਾ ਸਿਲਸਿਲਾ

ਰਾਜਸਥਾਨ ਦੇ ਕੋਚਿੰਗ ਸਿਟੀ ਕੋਟਾ 'ਚ ਛੋਟੇ-ਵੱਡੇ ਮਿਲਾ ਕੇ 200 ਕੋਚਿੰਗ ਅਦਾਰੇ ਚੱਲ ਰਹੇ ਹਨ ਜੋ ਪੂਰੇ ਦੇਸ਼ ਤੋਂ ਇੱਥੇ ਆਉਣ ਵਾਲੇ ਵਿਦਿਆਰਥੀਆਂ, ਵਿਦਿਆਰਥਣਾਂ ਨੂੰ ਜੁਆਇੰਟ ਦਾਖਲਾ ਪ੍ਰੀਖਿਆ (ਜੇ. ਈ. ਈ.), ਰਾਸ਼ਟਰੀ ਪਾਤਰਤਾ ਅਤੇ ਦਾਖਲਾ ਪ੍ਰੀਖਿਆ (ਐੱਨ. ਈ. ਈ. ਟੀ.) ਆਦਿ ਦੀ ਸਿਖਲਾਈ ਦਿੰਦੇ ਹਨ। ਇਨ੍ਹਾਂ 'ਚ ਲਗਭਗ ਢਾਈ ਲੱਖ ਵਿਦਿਆਰਥੀ ਕੋਚਿੰਗ ਲੈ ਰਹੇ ਹਨ।

ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਦੀਆਂ ਦਾਖਲਾ ਪ੍ਰੀਖਿਆਵਾਂ 'ਚ ਸਫਲਤਾ ਲਈ ਇਸ ਵਿੱਦਿਅਕ ਸੈਸ਼ਨ 'ਚ ਸ਼ਹਿਰ ਦੇ ਵੱਖ-ਵੱਖ ਕੋਚਿੰਗ ਸੈਂਟਰਾਂ 'ਚ 2.25 ਲੱਖ ਤੋਂ ਵੱਧ ਵਿਦਿਆਰਥੀਆਂ ਦੀਆਂ ਕਲਾਸਾਂ ਲੈਣ ਦਾ ਅਨੁਮਾਨ ਹੈ।

ਕੋਟਾ ਭਾਰਤ 'ਚ ਕੋਚਿੰਗ ਦਾ ਪ੍ਰਮੁੱਖ ਕੇਂਦਰ ਹੈ ਜਿਸ ਦਾ ਸਾਲਾਨਾ ਮਾਲੀਆ ਅੰਦਾਜ਼ਨ 5000 ਕਰੋੜ ਰੁਪਏ ਤੋਂ ਵੱਧ ਹੈ ਪਰ ਇੱਥੇ ਅਧਿਐਨ ਕਰਨ ਵਾਲੇ ਵਿਦਿਆਰਥੀਆਂ-ਵਿਦਿਆਰਥਣਾਂ ਵੱਲੋਂ ਆਤਮਹੱਤਿਆਵਾਂ ਦੇ ਮਾਮਲਿਆਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ।

ਪੁਲਸ ਦੇ ਅੰਕੜੇ ਦੱਸਦੇ ਹਨ ਕਿ ਸਾਲ 2014 'ਚ ਤਾਂ ਇਹ 45, 2015 'ਚ 31, 2016 'ਚ 18, 2017 'ਚ 24, 2018 'ਚ 19, 2019 'ਚ 18 ਅਤੇ 2020 'ਚ ਇਹ ਗਿਣਤੀ 20 ਤਕ ਪਹੁੰਚ ਗਈ।

2021 'ਚ ਜ਼ਰੂਰ ਕਿਸੇ ਵੀ ਵਿਦਿਆਰਥੀ ਵੱਲੋਂ ਆਤਮਹੱਤਿਆ ਕਰਨ ਦੀ ਸੂਚਨਾ ਨਹੀਂ ਆਈ ਸੀ ਕਿਉਂਕਿ ਕੋਰੋਨਾ ਕਾਰਨ ਕੋਚਿੰਗ ਅਦਾਰੇ ਬੰਦ ਸਨ ਅਤੇ ਵਿਦਿਆਰਥੀ ਘਰਾਂ ਤੋਂ ਹੀ ਆਨਲਾਈਨ ਕਲਾਸ ਰਾਹੀਂ ਪੜ੍ਹਾਈ ਕਰ ਰਹੇ ਸਨ ਪਰ 2022 'ਚ ਜਿਵੇਂ ਹੀ ਕੋਚਿੰਗ ਅਦਾਰੇ ਖੁੱਲ੍ਹੇ ਇਹ ਅੰਕੜਾ ਸਿੱਧਾ 18 'ਤੇ ਪਹੁੰਚ ਗਿਆ।

ਇਸ ਸਾਲ ਪਿਛਲੇ 8 ਮਹੀਨਿਆਂ 'ਚ ਇੱਥੇ 20 ਵਿਦਿਆਰਥੀ ਆਤਮਹੱਤਿਆ ਕਰ ਚੁੱਕੇ ਹਨ। ਤਾਜ਼ਾ ਘਟਨਾ 'ਚ 10 ਅਗਸਤ ਨੂੰ ਮਹਾਵੀਰ ਨਗਰ ਥਾਣਾ ਖੇਤਰ 'ਚ ਆਜ਼ਮਗੜ੍ਹ (ਉੱਤਰ ਪ੍ਰਦੇਸ਼) ਦੇ ਰਹਿਣ ਵਾਲੇ ਮਨੀਸ਼ ਪ੍ਰਜਾਪਤ (17) ਨਾਮੀ ਵਿਦਿਆਰਥੀ ਨੇ ਹੋਸਟਲ ਦੇ ਕਮਰੇ 'ਚ ਫਾਂਸੀ ਲਾ ਲਈ। ਮ੍ਰਿਤਕ ਇੱਥੇ ਜੇ. ਈ. ਈ. ਦੀ ਤਿਆਰੀ ਕਰ ਰਿਹਾ ਸੀ। ਉਸੇ ਦਿਨ ਉਸ ਦੇ ਪਿਤਾ ਉਸ ਨੂੰ ਮਿਲਣ ਲਈ ਆਏ ਸਨ ਜਿਨ੍ਹਾਂ ਦੇ ਜਾਣ ਤੋਂ 4 ਘੰਟੇ ਬਾਅਦ ਉਸ ਨੇ ਫਾਹਾ ਲੈ ਲਿਆ। ਇਸ ਤੋਂ ਪਹਿਲਾਂ 12ਵੀਂ ਨਾਲ ਨੀਟ ਦੀ ਤਿਆਰੀ ਕਰ ਰਹੇ ਪਟਨਾ (ਬਿਹਾਰ) ਨਿਵਾਸੀ ਨਵਲੇਸ਼ (17) ਨੇ ਵੀ ਫਾਹਾ ਲੈ ਲਿਆ ਸੀ। ਉਸ ਨੇ ਸੁਸਾਈਡ ਨੋਟ 'ਚ ਪੜ੍ਹਾਈ ਦੌਰਾਨ ਤਣਾਅ ਦੀ ਗੱਲ ਲਿਖੀ ਸੀ।

ਇਸ ਤੋਂ ਇਕ ਦਿਨ ਪਹਿਲਾਂ ਹੀ ਇਕ ਹੋਰ ਕੋਚਿੰਗ



ਵਿਦਿਆਰਥੀ ਧਨੇਸ਼ ਕੁਮਾਰ (15) ਨੇ ਫਾਹਾ ਲਾ ਕੇ ਆਤਮਹੱਤਿਆ ਕਰ ਲਈ ਸੀ। ਉਹ ਵੀ 11ਵੀਂ ਦੇ ਨੀਟ ਦੀ ਤਿਆਰੀ 'ਚ ਲੱਗਾ ਸੀ ਜਦੋਂ ਕਿ ਪਿਛਲੇ ਮਹੀਨੇ ਹੀ ਇਕ ਮਲਟੀਸਟੋਰੀ ਬਿਲਡਿੰਗ ਦੀ 10ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਬੈਂਗਲੂਰੂ ਦੇ ਰਹਿਣ ਵਾਲੇ ਨਾਸਿਰ (22) ਨੇ ਆਤਮਹੱਤਿਆ ਕਰ ਲਈ ਸੀ।

ਇਨ੍ਹਾਂ ਘਟਨਾਵਾਂ ਨੇ ਹਰ ਕਿਸੇ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ ਕਿ ਆਖਿਰ ਇੱਥੇ ਆਤਮਹੱਤਿਆਵਾਂ ਦਾ ਅੰਤਹੀਣ ਸਿਲਸਿਲਾ ਕਿੱਥੇ ਜਾ ਕੇ ਰੁਕੇਗਾ। ਕੋਟਾ 'ਚ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਬੱਚੇ ਮੰਨਦੇ ਹਨ ਕਿ ਕਈ ਕਾਰਨ ਉਨ੍ਹਾਂ ਨੂੰ ਡਿਪ੍ਰੈਸ਼ਨ ਵੱਲ ਧੱਕਦੇ ਹਨ ਜੋ ਕਮਜ਼ੋਰ ਪਲਾਂ ਨੂੰ ਜਨਮ ਦਿੰਦਾ ਹੈ। 10 ਮਹੀਨਿਆਂ ਦੀ ਤਿਆਰੀ ਦਾ ਸ਼ੈਡਿਊਲ ਇੰਨਾ ਰੁੱਝਿਆ ਹੁੰਦਾ ਹੈ ਕਿ ਬ੍ਰੇਕ ਦੌਰਾਨ ਵੀ ਉਹ ਘਰ ਨਹੀਂ ਜਾ ਸਕਦੇ ਅਤੇ ਪਰਿਵਾਰ ਤੋਂ ਦੂਰੀ ਅਤੇ ਇਕੱਲਾਪਨ ਉਨ੍ਹਾਂ ਨੂੰ ਰੜਕਦਾ ਹੈ। ਪਰਿਵਾਰ ਨਾਲ 'ਕਮਿਊਨੀਕੇਸ਼ਨ ਗੈਪ' ਵੀ ਇਸ ਦਾ ਇਕ ਕਾਰਨ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਮੇਸ਼ਾ ਛੁੱਟੀਆਂ 'ਚ ਪੜ੍ਹਾਈ 'ਚ ਪੱਛੜ ਜਾਣ ਅਤੇ ਰਹਿ ਗਏ ਲੈਕਚਰਾਂ ਦਾ ਬੈਕਲਾਗ ਵੱਧ ਜਾਣ ਦਾ ਡਰ ਸਤਾਉਂਦਾ ਰਹਿੰਦਾ ਹੈ। ਅਜਿਹੀ ਸਥਿਤੀ 'ਚ ਕਈ ਵਿਦਿਆਰਥੀ ਡਿਪ੍ਰੈਸ਼ਨ 'ਚ ਚਲੇ ਜਾਂਦੇ ਹਨ ਅਤੇ ਆਤਮਹੱਤਿਆ ਵਰਗਾ ਭਿਆਨਕ ਕਦਮ ਚੁੱਕ ਲੈਂਦੇ ਹਨ। ਕੋਰੋਨਾ ਕਾਲ ਤੋਂ ਬਾਅਦ, ਖਾਸ ਕਰ ਕੇ ਇਸ ਸਾਲ ਵਿਦਿਆਰਥੀਆਂ ਦੀਆਂ ਆਤਮਹੱਤਿਆਵਾਂ ਦਾ ਇਕ ਨਵਾਂ ਪੈਟਰਨ ਸਾਹਮਣੇ ਆਇਆ ਹੈ ਜਿਸ ਮੁਤਾਬਕ ਵਿਦਿਆਰਥੀਆਂ ਨੇ ਘਰ ਤੋਂ ਇੱਥੇ ਆਉਣ ਦੇ ਕੁਝ ਹੀ ਮਹੀਨਿਆਂ ਬਾਅਦ ਆਪਣੀ ਜੀਵਨ-ਲੀਲਾ ਖਤਮ ਕਰ ਦਿੱਤੀ। ਇਕ ਪੁਲਸ ਅਧਿਕਾਰੀ ਮੁਤਾਬਕ ਜਾਂ ਤਾਂ ਵਿਦਿਆਰਥੀ ਪ੍ਰੀਖਿਆ ਨੇੜੇ ਆਉਣ ਦੌਰਾਨ ਜਾਂ ਨਤੀਜੇ ਆਉਣ ਦੇ ਆਸਪਾਸ ਇਹ ਕਦਮ ਚੁੱਕਦੇ ਹਨ।

ਮਨੋਵਿਗਿਆਨੀਆਂ ਅਨੁਸਾਰ ਵਿਦਿਆਰਥੀਆਂ 'ਚ ਅਜਿਹੇ ਕਦਮ ਚੁੱਕਣ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਵਧੇਰੇ ਸਮਾਂ ਦੇਣ ਕਾਰਨ ਆਪਣੀ ਪੜ੍ਹਾਈ ਲਈ ਪੂਰਾ ਸਮਾਂ ਨਹੀਂ ਕੱਢ ਸਕਦੇ।

ਸਾਡੇ ਇਨ੍ਹਾਂ ਸਿੱਖਿਆ ਕੇਂਦਰਾਂ 'ਚ ਦੇਸ਼ ਭਰ ਦੇ ਸਭ ਤੋਂ ਹੋਣਹਾਰ ਵਿਦਿਆਰਥੀ ਆਉਂਦੇ ਹਨ ਅਤੇ ਉਹ ਆਪਣੇ ਪਰਿਵਾਰ ਲਈ ਕੁਝ ਬਣਨ ਦੀ ਖਾਤਰ ਬਹੁਤ ਮਿਹਨਤ ਵੀ ਕਰਦੇ ਹਨ। ਲਿਹਾਜ਼ਾ ਭਾਰਤ 'ਚ ਵੀ ਅਮਰੀਕਾ ਵਾਂਗ ਸਕੂਲਾਂ-ਕਾਲਜਾਂ ਅਤੇ ਕੋਚਿੰਗ ਕੇਂਦਰਾਂ 'ਚ ਕੌਂਸਲਰ ਜਾਂ ਸਲਾਹਕਾਰ ਰੱਖਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜੋ ਛੋਟੇ-ਵੱਡੇ ਹਰ ਉਮਰ ਵਰਗ ਦੇ ਬੱਚਿਆਂ ਦਾ ਧਿਆਨ ਰੱਖਣ ਅਤੇ ਉਨ੍ਹਾਂ ਨੂੰ ਢੁੱਕਵਾਂ ਮਾਰਗਦਰਸ਼ਨ ਦੇ ਸਕਣ।

ਨੌਜਵਾਨਾਂ 'ਚ ਬਹੁਤ ਇੱਛਾਵਾਂ ਹੁੰਦੀਆਂ ਹਨ ਪਰ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਹਿੰਮਤ ਅਤੇ ਦ੍ਰਿੜ੍ਹ ਸੰਕਲਪ ਦੀ ਵੀ ਲੋੜ ਹੁੰਦੀ ਹੈ ਅਤੇ ਇਸ ਸਬੰਧੀ ਉਨ੍ਹਾਂ ਕੋਲ ਕੋਈ ਗੱਲ ਕਰਨ ਵਾਲਾ ਹੋਣਾ ਚਾਹੀਦਾ ਹੈ। ਕਿੰਨੇ ਹੀ ਬੱਚੇ 'ਪਿਅਰ ਪ੍ਰੈਸ਼ਰ' (ਸਹਿਪਾਠੀਆਂ ਜਾਂ ਦੋਸਤਾਂ ਦਾ ਦਬਾਅ) ਜਾਂ ਜਾਤੀਗਤ ਸਮੱਸਿਆਵਾਂ ਆਦਿ ਦੇ ਦਬਾਅ 'ਚ ਆਤਮਹੱਤਿਆ ਕਰਦੇ ਹਨ।

ਅਜਿਹੀ ਹਾਲਤ 'ਚ ਕੀ ਅਜਿਹੇ ਕੋਚਿੰਗ ਸੈਂਟਰ ਹਰ ਸ਼ਹਿਰ ਜਾਂ ਸਕੂਲ 'ਚ ਨਹੀਂ ਬਣਾਏ ਜਾ ਸਕਦੇ ਤਾਂ ਜੋ ਬੱਚਿਆਂ ਨੂੰ ਘਰ ਤੋਂ ਦੂਰ ਕੋਚਿੰਗ ਲਈ ਨਾ ਜਾਣਾ ਪਵੇ। ਕੀ ਸਾਨੂੰ ਆਪਣੀ ਸਿੱਖਿਆ ਪ੍ਰਣਾਲੀ ਨੂੰ ਹੋਰ ਸਮਰੱਥ ਨਹੀਂ ਬਣਾਉਣਾ ਚਾਹੀਦਾ?

# ਨਸ਼ਿਆਂ ਨਾਲ ਪੰਜਾਬ 'ਚ ਪਸਰੀ ਸੋਗੀ ਹਵਾ

**ਮੋਹਨ ਸ਼ਰਮਾ**



ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੇ ਜਿੱਥੇ ਸੱਥਾਂ ਅਤੇ ਗਲੀਆਂ ਨੂੰ ਸੁੰਨਾ ਕਰ ਦਿੱਤਾ ਹੈ, ਉੱਥੇ ਹੀ ਘਰਾਂ ਵਿਚ ਪਸਰੀ ਸੋਗੀ ਹਵਾ ਨੇ ਮਾਪਿਆਂ ਦੀਆਂ ਝੁਰੜੀਆਂ ਵਿਚ ਵੀ ਢੇਰ ਸਾਰਾ ਵਾਧਾ ਕੀਤਾ ਹੈ। ਸਿਵਿਆਂ ਦੀ ਪ੍ਰਚੰਡ ਹੋਈ ਹਵਾ ਨੇ ਲੋਕਾਂ ਦੇ ਮਨਾਂ ਅੰਦਰ ਖ਼ੌਫ਼ ਦੀਆਂ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। 'ਲੀਡਰਾਂ ਦੇ ਵਿਕਾਸ ਦੀ ਹਨੇਰੀ' ਹੁਣ ਇਕਤਰਫ਼ਾ ਜਾਲ ਜਿਹਾ ਲੱਗ ਰਹੀ ਹੈ। ਜਿੱਥੇ ਹਰ ਰੋਜ਼ ਤਸਕਰਾਂ ਕੋਲੋਂ ਪੁਲਿਸ ਰਾਹੀਂ ਮਣਾਂ-ਮੂੰਹੀਂ ਨਸ਼ਾ ਫੜਨ ਦੀਆਂ ਖ਼ਬਰਾਂ ਛਪ ਰਹੀਆਂ ਨੇ, ਉੱਥੇ ਹੀ ਹਰ ਰੋਜ਼ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਸੋਸ਼ਲ ਮੀਡੀਆ ਰਾਹੀਂ ਇਨ੍ਹਾਂ ਮ੍ਰਿਤਕਾਂ ਦੀਆਂ ਮਾਵਾਂ, ਭੈਣਾਂ ਅਤੇ ਪਤਨੀਆਂ ਦੇ ਵੈਣ ਦਿਲ ਲੂਹ ਰਹੇ ਹਨ। ਇੰਜ ਲੱਗਦਾ ਹੈ ਜਿਵੇਂ 'ਉੜਤਾ ਪੰਜਾਬ' ਤੋਂ ਬਾਅਦ ਹੁਣ 'ਮਰਦਾ ਪੰਜਾਬ' ਫਿਲਮ ਵੀ ਕੋਈ ਫਿਲਮ ਨਿਰਦੇਸ਼ਕ ਬਣਾ ਸਕਦਾ ਹੈ। ਵੱਡਾ ਸਵਾਲ ਇਹ ਹੈ ਕਿ ਜਦ ਨਸ਼ਾ ਜ਼ਬਤ ਕਰ ਕੇ ਸਪਲਾਈ ਲਾਈਨ 'ਤੇ ਸੱਟ ਮਾਰੀ ਜਾ ਰਹੀ ਹੈ, ਫਿਰ ਧੜੱਲੇ ਨਾਲ ਹਾਲੇ ਵੀ ਤਸਕਰ ਨਸ਼ਾ ਰਿਓੜੀਆਂ ਦੀ ਤਰ੍ਹਾਂ ਵੰਡ ਕੇ 'ਮੌਤ ਦਾ ਫ਼ੁਰਮਾਨ' ਕਿੰਜ ਜਾਰੀ ਕਰ ਰਹੇ ਨੇ ?

ਨਸ਼ਾ ਸਪਲਾਈ ਕਰਨ ਲਈ ਦਿੱਲੀ ਦੇ ਉੱਤਮ ਨਗਰ, ਦੁਆਰਕਾ ਰੋਡ, ਵਿਕਾਸਪੁਰੀ ਅਤੇ ਨਵਾਦਾ ਇਲਾਕੇ ਵਿਚ ਬੈਠੇ ਨਾਈਜੇਰੀਅਨਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਦੇ ਇਸ ਧੰਦੇ ਨਾਲ ਜੁੜੇ ਤਸਕਰਾਂ 'ਚੋਂ ਜਿਨ੍ਹਾਂ ਨਾਲ ਉਨ੍ਹਾਂ ਦੀ ਗੂੜ੍ਹੀ ਜਾਣ-ਪਛਾਣ ਹੁੰਦੀ ਹੈ ਜਾਂ ਜਿਨ੍ਹਾਂ 'ਤੇ ਉਨ੍ਹਾਂ ਨੂੰ ਵਿਸ਼ਵਾਸ ਹੈ, ਉਨ੍ਹਾਂ ਨੂੰ ਤਾਂ ਉਹ ਆਪਣਾ ਥਹੁ-ਟਿਕਾਣਾ ਦੱਸ ਦਿੰਦੇ ਹਨ ਅਤੇ ਆਪਣੇ ਅੱਡੇ 'ਤੇ ਬੁਲਾ ਕੇ ਉਨ੍ਹਾਂ ਨੂੰ ਚਿੱਟੇ ਦਾ ਸੇਵਨ ਕਰਵਾਉਣ ਉਪਰੰਤ ਵੇਚਣ ਵਾਲੇ 'ਅਸਲੀ ਮਾਲ' ਦੀ ਤਸੱਲੀ ਕਰਵਾ ਦਿੰਦੇ ਹਨ। ਫ਼ਸਲੀ ਬਟੇਰਿਆਂ ਨੂੰ ਉਹ ਆਪਣਾ ਥਹੁ-ਟਿਕਾਣਾ ਨਹੀਂ ਦੱਸਦੇ। ਉਨ੍ਹਾਂ ਨੂੰ ਦਿੱਲੀ ਮੈਟਰੋ ਦਾ ਖੰਭਾ ਨੰਬਰ ਦੱਸ ਕੇ ਉੱਥੇ ਉਡੀਕ ਕਰਨ ਲਈ ਕਹਿ ਦਿੰਦੇ ਹਨ। ਬਸ, ਹੱਥੋ-ਹੱਥ ਪੈਸੇ ਅਤੇ ਮਾਲ ਦਾ ਵਟਾਂਦਰਾ ਹੋ ਜਾਂਦਾ ਹੈ। ਇੱਧਰਲੇ ਤਸਕਰਾਂ ਵੱਲੋਂ ਨਕਲੀ ਨੋਟ ਅਤੇ ਉੱਧਰੋਂ ਨਕਲੀ ਚਿੱਟਾ ਦਾ ਵਟਾਂਦਰਾ ਹੋਣਾ ਆਮ ਜਿਹੀ ਗੱਲ ਹੈ। ਦੋਨਾਂ ਧਿਰਾਂ ਨੂੰ ਹੀ ਉੱਥੋਂ ਛੇਤੀ ਖਿਸਕਣ ਦਾ ਫ਼ਿਕਰ ਹੋਣ ਕਾਰਨ ਨਾ ਹੀ ਨੋਟਾਂ ਦੀ ਸਹੀ ਤਸੱਲੀ ਕੀਤੀ ਜਾਂਦੀ ਹੈ ਅਤੇ ਨਾ ਹੀ ਸਹੀ 'ਮਾਲ' ਹੋਣ ਦੀ ਪਰਖ ਕੀਤੀ ਜਾਂਦੀ ਹੈ। ਤਸਕਰਾਂ ਕੋਲੋਂ ਜਦੋਂ ਨਸ਼ੇੜੀ ਚਿੱਟਾ ਲੈਣ ਦੀ ਮੰਗ ਕਰਦੇ ਹਨ ਤਾਂ ਉਹ ਚਿੱਟਾ ਲੈਣ ਦੀ ਗੱਲ ਨਹੀਂ ਕਰਦੇ, ਸਗੋਂ 'ਮਾਲ' ਲੈਣ ਦੀ ਗੱਲ ਕਰਦੇ ਹਨ। ਅੱਗਿਓਂ ਵੇਚਣ ਵਾਲਾ ਤਸਕਰ ਮੰਗਣ ਵਾਲੇ ਤੋਂ ਪੁੱਛਦਾ ਹੈ, 'ਕਿਹੜਾ ਲੈਣੈ, ਆਰ ਦਾ ਜਾਂ ਪਾਰ ਦਾ ?"ਆਰ ਦਾ ਤੋਂ ਮਤਲਬ ਇੱਧਰ ਹੀ ਕੈਮੀਕਲ ਤੋਂ ਤਿਆਰ ਕੀਤੇ 'ਚਿੱਟੇ' ਤੋਂ ਹੁੰਦਾ ਹੈ ਅਤੇ 'ਪਾਰ ਦਾ' ਤੋਂ ਮਤਲਬ ਪਾਕਿਸਤਾਨ ਰਾਹੀਂ ਆਈ ਹੈਰੋਇਨ ਤੋਂ ਹੁੰਦਾ ਹੈ। ਫਿਰ ਲੈਣ ਵਾਲਾ ਰੇਟ ਪੁੱਛਣ ਉਪਰੰਤ ਆਪਣੀ ਵਿੱਤੀ ਹਾਲਤ ਅਨੁਸਾਰ 'ਆਰ ਦਾ' ਜਾਂ 'ਪਾਰ ਦਾ' ਚਿੱਟਾ ਲੈ ਲੈਂਦਾ ਹੈ।

ਜਦੋਂ ਕੋਈ ਭੁੱਕੀ ਵੇਚਣ ਵਾਲਾ ਪਿੰਡ ਵਿਚ ਆਉਂਦਾ ਹੈ ਤਾਂ ਨਸ਼ੇੜੀ ਬੜੇ ਚਾਅ ਨਾਲ ਇਕ-ਦੂਜੇ ਨੂੰ ਸੁਨੇਹਾ ਦਿੰਦੇ ਹਨ, ਅੱਜ ਆਪਣੀ ਫਿਰਨੀ ਵਾਲੇ ਮੋੜ 'ਤੇ ਜਹਾਜ਼ ਉਤਰਿਐ। ਲੈ ਲਓ ਨਜ਼ਾਰਾ "ਅਤੇ ਅਮਲੀ ਰੋਟੀ ਅੱਧ-ਵਿਚਾਲੇ ਛੱਡ ਕੇ ਆਪਣੀ ਵਿਲਖ਼ ਰਹੀ ਪਤਨੀ ਦੇ ਵਿਰਲਾਪ ਤੋਂ ਬੇਪਰਵਾਹ ਇੰਜ ਫਿਰਨੀ ਵਾਲੇ ਮੋੜ ਵੱਲ ਦੌੜਦਾ ਹੈ ਜਿਵੇਂ ਕਾਰੂੰ ਦਾ ਖ਼ਜ਼ਾਨਾ ਲੱਭ ਗਿਆ ਹੋਵੇ। ਪਤਨੀ ਦੇ ਘਰ ਦੀਆਂ ਲੋੜਾਂ ਲਈ ਜੋੜੇ ਪੈਸੇ ਉਹ ਧੰਦਾ ਕਰਨ ਵਾਲੇ ਨੂੰ ਸੌਂਪ ਕੇ ਪ੍ਰਾਪਤ ਕੀਤੇ ਗੰਦ-ਮੰਦ ਨੂੰ ਵੱਡਮੁੱਲੀ ਸੌਗਾਤ ਸਮਝ ਕੇ ਚੁੱਕਵੇਂ ਪੈਰੀਂ ਘਰ ਵੱਲ ਦੌੜਦਾ ਹੈ। ਫਿਰ ਭੁੱਕੀ ਛੱਡਣ ਉਪਰੰਤ ਦੂਜੇ ਅਮਲੀ ਨੂੰ ਲੋਰ ਵਿਚ ਆ ਕੇ ਦੱਸਦਾ ਹੈ, ਜਹਾਜ਼ ਦਾ ਝੂਟਾ ਲੈ ਕੇ ਹਟਿਆਂ।"ਜਦੋਂ ਅਮਲੀ ਨੇ ਅਫੀਮ ਖਾਧੀ ਹੁੰਦੀ ਹੈ ਤਾਂ ਉਹ ਆਪਣੀ ਜੁੰਡਲੀ ਵਿਚ ਇੰਜ ਦੱਸਦੈ, ਅੱਜ ਤਾਂ ਕਾਲੀ ਨਾਗਣੀ ਮੇਲਦੀ ਐ।"ਹੋਰ ਤਾਂ ਹੋਰ ਅਮਲੀਆਂ ਨੇ ਨਸ਼ਿਆਂ ਦੇ ਨਾਂ ਵੀ ਆਧੁਨਿਕ ਸੰਚਾਰ ਸਾਧਨਾਂ ਦੇ ਨਾਂ ਨਾਲ ਜੋੜ ਲਏ ਹਨ। ਅਮਲੀ ਭੁੱਕੀ ਦਾ ਅੱਡਾ ਦੂਜੇ ਅਮਲੀ ਤੋਂ ਇੰਜ ਪੁੱਛਦੈ, ਮੋਬਾਈਲ ਚਾਰਜ ਕਰਵਾਉਣਾ ਸੀ, ਕਿੱਥੋਂ ਹੋਊ ?"ਦੂਜਾ ਅਮਲੀ ਨਸ਼ੇ ਦੀ ਲੋਰ ਵਿਚ ਜਵਾਬ ਦਿੰਦੈ, ਅੱਜ ਆਥਣੇ ਭੀੜੀ ਗਲੀ ਦੇ ਮੋੜ 'ਤੇ ਮੋਬਾਈਲ ਚਾਰਜ ਕਰਨ ਵਾਲਾ ਆਊਗਾ, ਕਰਵਾ ਲਈਂ ਚਾਰਜ।"ਅਮਲੀ ਨੂੰ ਜਦੋਂ ਇਹ ਲੱਗਦੈ ਕਿ ਨਾਲ ਵਾਲੇ ਸਾਥੀ ਨੂੰ ਤੋੜ ਲੱਗੀ ਹੈ ਤਾਂ ਉਹ ਇਉਂ ਪੁੱਛਦੈ, ਕਿਵੇਂ, ਤੇਰੇ ਵਾਲਾ ਮੋਬਾਈਲ ਭੋਰਾ ਵੀ ਰੇਂਜ ਨਹੀਂ ਫੜਦਾ ?"ਅੱਗਿਓਂ ਜੇ ਅਮਲੀ ਨੇ ਥੋੜ੍ਹੀ ਮੋਟੀ ਭੁੱਕੀ ਖਾਧੀ ਹੋਵੇ ਤਾਂ ਉਹ ਨਿਰਾਸ਼ ਜਿਹਾ ਹੋ ਕੇ ਕਹਿੰਦੈ, ਅੱਜ ਤਾਂ ਬਸ ਮਿੱਸ ਕਾਲ ਹੀ ਮਾਰੀ ਐ।"ਪਰ ਜੇਕਰ ਭੁੱਕੀ ਬਿਲਕੁਲ ਹੀ ਖ਼ਤਮ ਹੋ ਗਈ ਹੋਵੇ ਤਾਂ ਅਮਲੀ ਦੁਖੀ ਲਹਿਜ਼ੇ ਵਿਚ ਦੱਸਦਾ ਹੈ, ਕੁਝ ਨਹੀਂ ਯਾਰ, ਮੋਬਾਈਲ ਈ ਡੈੱਡ ਹੋ ਗਿਆ।

ਜੇ ਨਸ਼ਾ ਵੇਚਣ ਵਾਲੇ ਨੇ ਪੁਲਿਸ ਦੇ ਡਰ ਤੋਂ ਅੱਡਾ ਬਦਲ ਲਿਆ ਹੋਵੇ ਤਾਂ ਅਮਲੀ ਆਪਣੇ ਦੂਜੇ ਸਾਥੀਆਂ ਨੂੰ ਸੂਚਨਾ ਵਜੋਂ ਦੱਸਦਾ ਹੈ, ਹੁਣ ਬਈ ਭੱਠੇ ਕੋਲ ਟਾਵਰ ਲੱਗ ਰਿਹੈ। ਕੱਲ੍ਹ ਤੋਂ ਕੰਮ ਸ਼ੁਰੂ ਹੋਜੂਗਾ।"ਜਦੋਂ ਅਮਲੀ ਭੁੱਕੀ ਜਾਂ ਸ਼ਰਾਬ ਦਾ ਨਸ਼ਾ ਛੱਡ ਕੇ ਮੈਡੀਕਲ ਨਸ਼ੇ ਦੀ ਸ਼ਰਨ ਵਿਚ ਚਲਾ ਜਾਂਦਾ ਹੈ ਤਾਂ ਫਿਰ ਆਪਣੇ ਦੂਜੇ ਸਾਥੀਆਂ ਨੂੰ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਹਿੰਦਾ ਹੈ, ਮੋਬਾਈਲ ਦਾ ਪਹਿਲਾ ਕੁਨੈਕਸ਼ਨ ਕਟਵਾ ਦਿੱਤੈ। ਹੁਣ ਤਾਂ ਦੋ ਨੰਬਰ 'ਤੇ ਘੰਟੀ ਮਾਰਨ ਵਾਲਾ ਕੁਨੈਕਸ਼ਨ ਲੈ ਲਿਐ।"ਇਸ ਤਰ੍ਹਾਂ ਹੀ ਬੀੜੀ ਪੀਣ ਸਮੇਂ ਨਸ਼ੇੜੀ ਦੂਜੇ ਨੂੰ ਕਹਿੰਦਾ ਹੈ, ਆ ਜਾ ਫਾਇਰ ਕਰੀਏ।

ਸਮੈਕ ਦਾ ਆਦੀ ਤਕਰੀਬਨ ਅੱਧਾ ਗ੍ਰਾਮ ਰੋਜ਼ਾਨਾ ਪੀ ਜਾਂਦਾ ਹੈ। ਇਸ ਸਬੰਧੀ ਇਕ ਨਸ਼ੇੜੀ ਦੂਜੇ ਨੂੰ ਝੂਰਦਾ ਹੋਇਆ ਆਪਣੀ ਵਿਥਿਆ ਦੱਸਦਾ ਹੈ, ਬੜਾ ਮਹਿੰਗਾ ਕਾਰਡ ਐ। ਇਕੱਠਾ ਈ ਤਿੰਨ ਹਜ਼ਾਰ ਦਾ ਪੁਆਉਣਾ ਪੈਂਦੈ।"ਕਈ ਵਾਰ ਇਹ ਕੀਮਤੀ ਨਸ਼ਾ ਨਸ਼ੇੜੀ ਦੀ ਸਮਰੱਥਾ ਤੋਂ ਬਾਹਰ ਹੋਣ ਕਾਰਨ ਉਹ ਆਪਣੀ ਅਸਮਰੱਥਾ ਦਾ ਪ੍ਰਗਟਾਵਾ ਇਸ ਤਰ੍ਹਾ ਕਰਦਾ ਹੈ,ਟਾਵਰ ਤਾਂ ਕੰਪਨੀ ਨੇ ਬਥੇਰੇ ਲਾਤੇ। ਪਰ ਐਨਾ ਮਹਿੰਗਾ ਕੁਨੈਕਸ਼ਨ ਲੈਣਾ ਆਪਣੇ ਤਾਂ ਵੱਸ ਦਾ ਰੋਗ ਨਹੀਂ।

ਨਸ਼ੀਲੀਆਂ ਦਵਾਈਆਂ ਦਾ ਧੰਦਾ ਕਰਨ ਵਾਲਿਆਂ ਨੇ ਵੀ ਕੋਡ ਵਰਡ ਰੱਖੇ ਹੋਏ ਨੇ। ਕੈਮਿਸਟ, ਡਰੱਗ ਇੰਸਪੈਕਟਰ ਜਾਂ ਪੁਲਿਸ ਦੇ ਡਰੋਂ ਦੁਕਾਨ ਬੰਦ ਕਰ ਕੇ ਘਰੋਂ ਹੀ ਹੋਮ ਡਲਿਵਰੀ ਕਰ ਦਿੰਦਾ ਹੈ। ਨਸ਼ੇੜੀਆਂ ਵੱਲੋਂ ਆਰਡਰ ਮੋਬਾਈਲ ਰਾਹੀਂ ਦੇ ਦਿੱਤਾ ਜਾਂਦਾ ਹੈ। ਕੋਰੈਕਸ ਨੂੰ ਕੋਕ, ਕੈਪਸੂਲ ਨੂੰ ਕਾਜੂ, ਨਸ਼ੀਲੀਆਂ ਦਵਾਈਆਂ ਨੂੰ ਲਾਲ ਘੋੜਾ, ਨੀਲਾ ਘੋੜਾ ਆਦਿ ਕੋਡ ਵਰਡ ਵਰਤ ਕੇ ਇਕ-ਦੂਜੇ ਨੂੰ ਸਮਝਾਇਆ ਜਾਂਦਾ ਹੈ। ਲੋੜ ਅਨੁਸਾਰ ਨਸ਼ੀਲੀਆਂ ਦਵਾਈਆਂ ਪੈਂਟ ਦੀਆਂ ਲੰਬੀਆਂ ਜੇਬਾਂ, ਬੂਟਾਂ, ਜੁਰਾਬਾਂ, ਸਕੂਟਰ ਦੀਆਂ ਡਿੱਗੀਆਂ ਆਦਿ ਵਿਚ ਰੱਖ ਕੇ ਨਸ਼ੇੜੀਆਂ ਨੂੰ ਘਰ ਬੈਠਿਆਂ ਹੀ ਉਨ੍ਹਾਂ ਦੀ ਮੰਗ ਅਨੁਸਾਰ 'ਮਾਲ' ਸਪਲਾਈ ਕਰ ਦਿੱਤਾ ਜਾਂਦਾ ਹੈ। ਐਲਪਰੈਕਸ ਲਈ ਐਲ, ਟਰਾਮਾਡੋਲ ਨੂੰ ਟੀਐੱਮਡੀ, ਸਿਗਨੇਚਰ ਨੂੰ ਘੋੜਾ, ਸਰਿੰਜ ਨੂੰ ਭੜਾਕਾ, ਬੁਪਰੀਨਾਰਫੀਨ ਨੂੰ ਗਲੋਚਰ ਕਹਿਣਾ ਵੀ ਨਸ਼ੇੜੀਆਂ ਦੀ ਗੁਪਤ ਭਾਸ਼ਾ ਦਾ ਹਿੱਸਾ ਹੈ। ਬਹੁ-ਕੌਮੀ ਕੰਪਨੀਆਂ ਵਾਂਗ ਹੁਣ ਇਹ ਧੰਦਾ ਕਰਨ ਵਾਲਿਆਂ ਨੇ ਨਸ਼ੇੜੀਆਂ ਨੂੰ ਆਪਣੇ ਵੱਲ ਖਿੱਚਣ ਲਈ ਦਿਲਕਸ਼ ਸਕੀਮਾਂ ਵੀ ਚਾਲੂ ਕੀਤੀਆਂ ਹੋਈਆਂ ਨੇ। ਜਿਵੇਂ ਦਸ ਫੈਂਸੀ-ਡਰਿੱਲ ਦੀਆਂ ਸ਼ੀਸ਼ੀਆਂ ਪਿੱਛੇ ਇਕ ਸ਼ੀਸ਼ੀ ਮੁਫ਼ਤ। ਲੋਮੋਟਿਲ ਦੇ ਵੀਹ ਪੱਤਿਆਂ ਪਿੱਛੇ ਇਕ ਪੱਤਾ ਮੁਫ਼ਤ ਆਦਿ। ਨਸ਼ੇੜੀਆਂ ਨੇ ਵੀ ਇਕੱਠੇ ਹੋ ਕੇ ਇਕ ਸਾਂਝੀ ਥਾਂ 'ਤੇ ਇਕੱਠਾ ਨਸ਼ਾ ਮੰਗਵਾਉਣਾ ਸ਼ੁਰੂ ਕਰ ਦਿੱਤਾ ਹੈ। ਇੰਜ ਗੁਪਤ ਭਾਸ਼ਾ ਨਾਲ ਅਮਰ ਵੇਲ੍ਹ ਦੀ ਤਰ੍ਹਾਂ ਨਸ਼ਾ ਵਧ-ਫੁੱਲ ਰਿਹਾ ਹੈ।

# ਟੈਲੀਵਿਜ਼ਨ ਅਤੇ ਸਾਹਿਤ ਦਾ ਰਿਸ਼ਤਾ

**ਪ੍ਰੋ. ਕੁਲਬੀਰ ਸਿੰਘ**



ਟੈਲੀਵਿਜ਼ਨ ਅਤੇ ਸਾਹਿਤ ਇਕ-ਦੂਸਰੇ ਦੇ ਪੂਰਕ ਹਨ, ਵਿਰੋਧੀ ਨਹੀਂ। ਪਰ ਟੈਲੀਵਿਜ਼ਨ ਦੇ ਅਧਿਕਾਰੀਆਂ, ਕਰਮਚਾਰੀਆਂ ਦੀ ਹਉਮੈ ਅਤੇ ਲੇਖਕਾਂ, ਸਾਹਿਤਕਾਰਾਂ ਦੀ ਮੈਂ ਨੇ ਇਕ-ਦੂਸਰੇ ਦਾ ਨੁਕਸਾਨ ਕੀਤਾ ਹੈ। ਆਦਾਨ-ਪ੍ਰਦਾਨ ਰਾਹੀਂ ਦੋਹਾਂ ਦਾ ਦਾਇਰਾ ਮੋਕਲਾ ਹੁੰਦਾ ਹੈ ਤੇ ਕੱਦ ਵਧਦਾ ਹੈ। ਪਰ ਤਾਲਮੇਲ ਅਤੇ ਆਪਸੀ ਸਮਝ ਦੀ ਘਾਟ ਕਾਰਨ ਸਮੇਂ ਨਾਲ ਟਕਰਾਅ ਅਤੇ ਵਿਰੋਧ ਵਧਦਾ ਗਿਆ। ਇਕ ਵਿਸ਼ੇਸ਼ ਵਰਗ ਦੇ ਲੇਖਕਾਂ, ਸਾਹਿਤਕਾਰਾਂ, ਸ਼ਾਇਰਾਂ ਦਾ ਟੈਲੀਵਿਜ਼ਨ 'ਤੇ ਗਲਬਾ ਰਿਹਾ। ਨਤੀਜੇ ਵਜੋਂ ਵਧੇਰੇ ਕਰਕੇ ਚੰਗਾ ਮਿਆਰੀ ਤੇ ਸਮਾਜਿਕ ਮਾਨਵੀ ਸਰੋਕਾਰਾਂ ਵਾਲਾ ਸਾਹਿਤ ਟੈਲੀਵਿਜ਼ਨ ਪਰਦੇ ਤੱਕ ਨਹੀਂ ਪਹੁੰਚ ਸਕਿਆ। ਜਦੋਂ-ਜਦੋਂ ਅਜਿਹੀਆਂ ਸਾਹਿਤਕ ਕਿਰਤਾਂ ਨੂੰ ਮੌਕਾ ਮਿਲਿਆ, ਉਦੋਂ-ਉਦੋਂ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਅਤੇ ਟੈਲੀਵਿਜ਼ਨ ਦੀ ਵਾਹਵਾ ਭੱਲ ਬਣੀ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਸਾਰਥਿਕਤਾ ਵਧੀ ਅਤੇ ਕਾਰਗੁਜ਼ਾਰੀ ਬਿਹਤਰ ਹੋਈ। ਦੂਰਦਰਸ਼ਨ ਦੇ ਕੌਮੀ ਚੈਨਲਾਂ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਕੁਝ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਦੀਆਂ। ਸਾਹਿਤਕਾਰ ਖ਼ੁਦ ਨੂੰ ਸਮਾਜ ਨਾਲ ਨੇੜਲਾ ਸੰਬੰਧ ਰੱਖਣ ਵਾਲਾ ਮੰਨਦਾ ਹੈ ਪਰੰਤੂ ਉਸ ਦੀ ਲੋਕਾਂ ਤੱਕ ਵਾਸਤਵਿਕ ਪਹੁੰਚ ਮੀਡੀਆ ਦੁਆਰਾ ਹੁੰਦੀ ਹੈ। ਬਿਨਾਂ ਸ਼ੱਕ ਪ੍ਰਿੰਟ ਮੀਡੀਆ ਦਾ ਸਾਹਿਤ ਨੂੰ ਵਡਮੁੱਲਾ ਯੋਗਦਾਨ ਹੈ ਪਰੰਤੂ ਟੈਲੀਵਿਜ਼ਨ ਦੇ ਪ੍ਰਸੰਗ ਵਿਚ ਅਜਿਹਾ ਨਹੀਂ ਕਿਹਾ ਜਾ ਸਕਦਾ। ਲੋਕਾਂ ਲਈ ਲਿਖਣ ਵਾਲੇ ਬਹੁਗਿਣਤੀ ਲੇਖਕ ਇਸ ਤੋਂ ਕੰਨੀ ਕਤਰਾਉਂਦੇ ਰਹੇ ਹਨ। ਟੈਲੀਵਿਜ਼ਨ ਨੇ ਅਖ਼ਬਾਰਾਂ ਅਤੇ ਆਕਾਸ਼ਵਾਣੀ ਦੇ ਮੁਕਾਬਲੇ ਸਾਹਿਤਕਾਰਾਂ ਨੂੰ ਬਣਦਾ ਆਦਰ ਸਤਿਕਾਰ ਨਹੀਂ ਦਿੱਤਾ। ਸਾਹਿਤ ਅਤੇ ਮੀਡੀਆ ਇਕ ਵਿਸ਼ਾਲ ਕੈਨਵਸ ਹੈ। ਦੋਹਾਂ ਨੂੰ ਚਾਹੀਦਾ ਹੈ ਕਿ ਮਿਲ ਕੇ ਲੋਕ-ਕਲਿਆਣ ਦੀ ਭਾਵਨਾ ਨਾਲ ਕੰਮ ਕਰਨ। ਇਸ ਦੇ ਉਲਟ ਟੈਲੀਵਿਜ਼ਨ ਨੇ ਸਾਹਿਤ ਅਤੇ ਕਲਾ ਨੂੰ ਮੂਲੋਂ ਵਿਸਾਰ ਦਿੱਤਾ ਹੈ। ਸਾਹਿਤ ਅਤੇ ਕਲਾ ਨਾਲ ਸੰਬੰਧਿਤ ਲੜੀਵਾਰ ਪ੍ਰੋਗਰਾਮ ਲੱਭਿਆਂ ਵੀ ਨਹੀਂ ਲੱਭਦੇ। ਪੰਜਾਬੀ ਕਹਾਣੀ, ਪੰਜਾਬੀ ਨਾਵਲ, ਪੰਜਾਬੀ ਨਾਟਕ, ਪੰਜਾਬੀ ਕਵਿਤਾ 'ਤੇ ਆਧਾਰਿਤ ਕਿਸੇ ਵੀ ਪੰਜਾਬੀ ਚੈਨਲ 'ਤੇ ਕਦੇ ਵੀ ਕੋਈ ਪ੍ਰੋਗਰਾਮ ਵੇਖਣ ਨੂੰ ਨਹੀਂ ਮਿਲਦਾ। ਅੱਜਕਲ੍ਹ ਚੈਨਲਾਂ ਦੀਆਂ ਤਰਜੀਹਾਂ ਹੋਰ ਹਨ। ਟੀ.ਆਰ.ਪੀ. ਹੈ, ਇਸ਼ਤਿਹਾਰਬਾਜ਼ੀ ਹੈ। ਕਾਹਲ ਹੈ, ਸ਼ੋਰ ਸ਼ਰਾਬਾ ਹੈ, ਤੂੰ-ਤੂੰ, ਮੈਂ-ਮੈਂ ਹੈ। ਗ਼ੈਰ-ਮਿਆਰੀ ਮਨੋਰੰਜਨ ਹੈ ਅਤੇ ਅਜਿਹਾ ਬੜਾ ਕੁਝ ਹੋਰ। ਖ਼ਬਰ ਦੀ ਪਰਿਭਾਸ਼ਾ ਬਦਲ ਗਈ ਹੈ। ਇਕ ਵਾਰ ਮੈਂ ਪ੍ਰੋਗਰਾਮ ਕਰਨ ਲਈ ਦੂਰਦਰਸ਼ਨ ਗਿਆ। ਪ੍ਰੋਗਰਾਮ ਦਾ ਪ੍ਰੋਡਿਊਸਰ ਛੁੱਟੀ 'ਤੇ ਸੀ। ਉਸ ਦੀ ਜਗ ?ਹਾ ਅਸਿਸਟੈਂਟ ਪ੍ਰੋਡਿਊਸਰ ਡਿਊਟੀ 'ਤੇ ਸੀ। ਮੈਂ ਸਹੀ ਸਮੇਂ 'ਤੇ ਪਹੁੰਚ ਗਿਆ। ਅਸਿਸਟੈਂਟ ਪ੍ਰੋਡਿਊਸਰ ਨੂੰ ਇਧਰ-ਉਧਰ ਵੇਖਿਆ। ਕਿਧਰੇ ਨਜ਼ਰ ਨਾ ਆਇਆ। ਮੈਂ ਪ੍ਰੋਗਰਾਮ ਲਈ ਲੋੜੀਂਦੀ ਕਾਰਵਾਈ ਪੂਰੀ ਕੀਤੀ ਅਤੇ 10 ਕੁ ਮਿੰਟ ਪਹਿਲਾਂ ਮੇਕਅਪ ਰੂਮ ਵਿਚ ਪਹੁੰਚ ਕੇ ਮੇਕਅਪ ਕਰਵਾਉਣ ਲੱਗਾ ਤਾਂ ਉਹ ਉਥੇ ਆ ਕੇ ਗੁੱਸੇ ਵਿਚ ਉੱਚੀ ਆਵਾਜ਼ ਵਿਚ ਬੋਲਣ ਲੱਗਾ। ਮੈਨੂੰ ਵੀ ਅਤੇ ਮਾਹਿਰ ਨੂੰ ਵੀ। ਕਹਿੰਦਾ, "ਤੁਸੀਂ ਇੱਥੇ ਗੈਸਟ ਹੋ, ਦੂਰਦਰਸ਼ਨ ਦੀ ਪ੍ਰਤੀਨਿਧਤਾ ਮੈਂ ਕਰਦਾ ਹਾਂ। ਤੁਹਾਨੂੰ ਮੇਰੇ ਕੋਲ ਆਉਣਾ ਚਾਹੀਦਾ ਸੀ, ਮੈਨੂੰ ਲੱਭਣਾ ਚਾਹੀਦਾ ਸੀ।" ਮੈਂ ਉਸ ਨੂੰ ਬਥੇਰਾ ਕਿਹਾ, "ਤੁਹਾਨੂੰ ਬਹੁਤ ਲੱਭਿਆ, ਤੁਸੀਂ ਨਹੀਂ ਲੱਭੇ।" ਕਹਿਣ ਲੱਗਾ, "ਮੈਂ ਫਲਾਣੀ ਫਲੋਰ 'ਤੇ ਫਲਾਣੇ ਕਮਰੇ ਵਿਚ ਬੈਠਾ ਸਾਂ।" ਮੈਂ ਕਿਹਾ, "ਮੈਨੂੰ ਨਹੀਂ ਪਤਾ ਕਿ ਤੁਸੀਂ ਉੱਥੇ ਬੈਠਦੇ ਹੋ। ਏਨਾ ਵਕਤ ਵੀ ਨਹੀਂ ਸੀ ਕਿ ਤੁਹਾਨੂੰ ਲਗਾਤਾਰ ਲੱਭੀ ਜਾਂਦੇ। ਜਦੋਂ ਤੁਹਾਨੂੰ ਪਤਾ ਹੈ ਕਿ ਮਾਹਿਰ ਅਤੇ ਐਂਕਰ ਫਲਾਣੇ ਕਮਰੇ ਵਿਚ ਆ ਕੇ ਬੈਠਦੇ ਹਨ ਤਾਂ ਤੁਹਾਨੂੰ ਉਥੇ ਮੌਜੂਦ ਹੋਣਾ ਚਾਹੀਦਾ ਸੀ ਜਾਂ ਆ ਕੇ ਮਿਲਣਾ ਚਾਹੀਦਾ ਸੀ।" ਇਸ 'ਤੇ ਉਹ ਹੋਰ ਖਿਝ ਗਿਆ ਅਤੇ ਪ੍ਰੋਗਰਾਮ ਪੇਸ਼ ਕਰਨ ਤੋਂ ਐਨ ਪਹਿਲਾਂ ਸਾਡਾ ਮੂਡ ਖਰਾਬ ਕਰਕੇ ਚਲਾ ਗਿਆ। ਉਸ ਤੋਂ ਬਾਅਦ ਕਦੇ ਵੀ ਮੈਂ ਉਸ ਦੀ ਨਿਗਰਾਨੀ ਹੇਠ ਪ੍ਰੋਗਰਾਮ ਕਰਨ ਨਹੀਂ ਗਿਆ।

ਇਕ ਵਾਰ ਫਿਰ ਅਜਿਹਾ ਵਾਪਰਿਆ। ਸਵੇਰ ਦੇ ਬੜੇ ਮਹੱਤਵਪੂਰਨ ਪ੍ਰੋਗਰਾਮ ਵਿਚ ਮੈਂ ਮਾਹਿਰ ਵਜੋਂ ਬੈਠਾ ਸਾਂ। ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ ਕਰਵਾਉਣੀ ਸੀ। ਉਸ ਸੰਬੰਧ ਵਿਚ ਮੇਰੇ ਨਾਲ ਇੰਟਰਵਿਊ ਸੀ। ਐਂਕਰ ਵਜੋਂ ਇਕ ਆਕੜਖਾਨ ਪ੍ਰੋਡਿਊਸਰ ਖ਼ੁਦ ਬੈਠ ਗਿਆ। ਪਹਿਲਾਂ ਤਾਂ ਉਹ ਉਸ ਜਗ ?ਹਾ ਨਹੀਂ ਪਹੁੰਚਿਆ ਜਿਥੇ ਪ੍ਰੋਗਰਾਮ ਤੋਂ ਪਹਿਲਾਂ ਮਾਹਿਰ, ਐਂਕਰ ਤੇ ਪ੍ਰੋਡਿਊਸਰ ਮਿਲ ਬੈਠਦੇ ਹਨ ਅਤੇ ਇੰਟਰਵਿਊ ਦੀ ਰੂਪ-ਰੇਖਾ, ਸਵਾਲ-ਜਵਾਬ ਬਾਰੇ ਵਿਚਾਰ ਕਰਦੇ ਹਨ। ਉਹ ਸਿੱਧਾ ਸੈੱਟ 'ਤੇ ਪਹੁੰਚਿਆ ਅਤੇ ਪ੍ਰੋਗਰਾਮ ਆਰੰਭ ਹੁੰਦਿਆ ਹੀ ਪੁੱਠੇ ਸਿੱਧੇ ਸਵਾਲ ਕਰਨ ਲੱਗਾ। ਮੈਂ ਆਪਣੇ ਹਫ਼ਤਾਵਾਰ ਕਾਲਮ ਵਿਚ ਇਸ ਸੱਭ ਕੁਝ ਦਾ ਜ਼ਿਕਰ ਕੀਤਾ ਤਾਂ ਬਹੁਤ ਸਾਰੇ ਫ਼ੋਨ ਆਏ ਕਿ ਤੁਸੀਂ ਬਿਲਕੁਲ ਸਹੀ ਲਿਖਿਆ ਹੈ। ਲੁਧਿਆਣੇ ਤੋਂ ਉੱਘੇ ਸਾਹਿਤਕਾਰ ਗੁਰਭਜਨ ਸਿੰਘ ਗਿੱਲ ਹੁਰਾਂ ਦਾ ਲੰਮਾ ਫ਼ੋਨ ਆਇਆ ਕਿ ਤੁਸੀਂ ਜੁਰਅਤ ਨਾਲ ਲਿਖਿਆ ਹੈ। ਇਹ ਪ੍ਰੋਡਿਊਸਰ ਇਕ ਪ੍ਰੋਗਰਾਮ ਵਿਚ ਮੇਰੇ ਨਾਲ ਵੀ ਅਜਿਹਾ ਕਰ ਚੁੱਕਾ ਹੈ। ਉਸ ਨੂੰ ਨਾ ਦੂਰਦਰਸ਼ਨ ਦੇ ਵਿਹੜੇ ਆਏ ਮਹਿਮਾਨ ਦੀ ਕਦਰ ਹੈ, ਨਾ ਲੇਖਕ ਦੀ। ਇਹ ਹਉਮੈ, ਇਹ ਵਿਰੋਧ, ਇਹ ਟਕਰਾਅ ਬੰਦ ਹੋਣੇ ਚਾਹੀਦੇ ਹਨ। ਦੂਰਦਰਸ਼ਨ ਕਿਸੇ ਦਾ ਨਿੱਜੀ ਅਦਾਰਾ ਨਹੀਂ ਹੈ। ਉਹ ਉਥੇ ਕੇਵਲ ਕਰਮਚਾਰੀ, ਅਧਿਕਾਰੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਜਲੰਧਰ ਦੂਰਦਰਸ਼ਨ ਨੂੰ ਮੁੜ ਸਾਹਿਤ ਤੇ ਸੱਭਿਆਚਾਰਕ ਪ੍ਰੋਗਰਾਮ ਵੱਲ ਮੁੜਨਾ ਚਾਹੀਦਾ ਹੈ। ਲੇਖਕਾਂ, ਸਾਹਿਤਕਾਰਾਂ ਤੇ ਪੱਤਰਕਾਰਾਂ ਨੂੰ ਨਾਲ ਜੋੜਨਾ ਚਾਹੀਦਾ ਹੈ। ਦਰਸ਼ਕ ਅੱਜ ਤਕ ਪੁਰਾਣੇ ਮਿਆਰੀ ਪ੍ਰੋਗਰਾਮਾਂ ਨੂੰ ਯਾਦ ਕਰਦੇ ਹਨ।

# ਆਪਸ 'ਚ ਗੱਲਾਂ ਕਰਨ ਦੀ ਥਾਂ ਲੋਕ ਮੋਬਾਈਲਾਂ ਨੂੰ ਚਿੰਬੜੇ ਹੋਏ ਨਜ਼ਰ ਆਉਂਦੇ ਹਨ

-ਡਾ. ਰਣਜੀਤ ਸਿੰਘ



ਮੋਬਾਈਲ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਪੰਜਾਬ ਵਿਚ ਕੋਈ ਵੀ ਪਰਿਵਾਰ ਅਜਿਹਾ ਨਹੀਂ ਹੈ ਜਿਸ ਕੋਲ ਫੋਨ ਨਾ ਹੋਵੇ। ਬਹੁਤੇ ਪਰਿਵਾਰਾਂ ਵਿਚ ਤਾਂ ਟੱਬਰ ਦੇ ਸਾਰੇ ਮੈਂਬਰਾਂ ਕੋਲ ਆਪੋ-ਆਪਣੇ ਸਮਾਰਟਫੋਨ ਹਨ। ਕੋਰੋਨਾ ਮਹਾਮਾਰੀ ਕਾਰਨ ਵਿਦਿਆਰਥੀਆਂ ਦੀਆਂ ਕਲਾਸਾਂ ਆਨਲਾਈਨ ਲੱਗਣ ਕਰਕੇ ਸਾਰੇ ਹੀ ਬੱਚਿਆਂ ਕੋਲ ਸਮਾਰਟਫੋਨ ਹਨ। ਉਹ ਆਪਣਾ ਵਿਹਲਾ ਸਮਾਂ ਬਿਤਾਉਣ ਲਈ ਵੀ ਫੋਨ ਦੀ ਹੀ ਵਰਤੋਂ ਕਰਦੇ ਸਨ।

ਦੋਸਤਾਂ ਨਾਲ ਖੇਡਣਾ, ਪਰਿਵਾਰ ਦੇ ਮੈਂਬਰਾਂ ਨਾਲ ਗੱਲਾਂ ਕਰਨੀਆਂ ਉਹ ਭੁੱਲ ਗਏ ਹਨ। ਬੱਚੇ ਹੀ ਨਹੀਂ, ਵੱਡੇ ਵੀ ਇਸ ਆਦਤ ਦਾ ਸ਼ਿਕਾਰ ਹੋ ਰਹੇ ਹਨ। ਵਿਗਿਆਨੀਆਂ ਨੇ ਤਾਂ ਇਸ ਆਦਤ ਨੂੰ ਬਿਮਾਰੀ ਦਾ ਨਾਮ ਦਿੱਤਾ ਹੈ। ਜਿਵੇਂ ਕਿਸੇ ਨੂੰ ਨਸ਼ੇ ਦੀ ਆਦਤ ਹੋਵੇ, ਉਹ ਨਸ਼ਈ ਬਣ ਜਾਂਦਾ ਹੈ ਇਵੇਂ ਹੀ ਮੋਬਾਈਲ ਦੀ ਵੀ ਲਤ ਪੱਕੀ ਹੋ ਰਹੀ ਹੈ। ਮੋਬਾਈਲ ਘਰ ਰਹਿ ਜਾਵੇ ਜਾਂ ਖ਼ਰਾਬ ਹੋ ਜਾਵੇ, ਮਨ ਬੁਰੀ ਤਰ੍ਹਾਂ ਬੇਚੈਨ ਹੋਣ ਲੱਗਦਾ ਹੈ ਠੀਕ ਉਸੇ ਤਰ੍ਹਾਂ ਜਿਵੇਂ ਕੋਈ ਨਸ਼ਈ ਨਸ਼ਾ ਟੁੱਟਣ 'ਤੇ ਬੇਚੈਨ ਹੋ ਜਾਂਦਾ ਹੈ। ਕਿਸੇ ਦੇ ਘਰ ਚਲੇ ਜਾਓ, ਘਰ ਦੇ ਮੈਂਬਰ ਆਪੋ ਵਿਚ ਗੱਲਾਂ ਕਰਨ ਦੀ ਥਾਂ ਆਪੋ-ਆਪਣੇ ਮੋਬਾਈਲ ਨੂੰ ਚਿੰਬੜੇ ਹੋਏ ਨਜ਼ਰ ਆਉਣਗੇ।

ਇੱਥੋਂ ਤਕ ਵੀ ਦੇਖਣ ਵਿਚ ਆਇਆ ਹੈ ਕਿ ਜੇਕਰ ਸੜਕ 'ਤੇ ਫਾਟਕ ਬੰਦ ਹੈ ਤਾਂ ਸਾਰੇ ਹੀ ਝੱਟ ਆਪਣੇ ਮੋਬਾਈਲ ਕੱਢ ਲੈਂਦੇ ਹਨ। ਕਾਰ ਵਿਚ ਸਫ਼ਰ ਕਰਦੇ ਸਮੇਂ ਵੀ ਆਪੋ ਵਿਚ ਗੱਲਾਂ ਕਰਨ ਦੀ ਥਾਂ ਸਾਰੀਆਂ ਸਵਾਰੀਆਂ ਆਪੋ-ਆਪਣੇ ਮੋਬਾਈਲ ਉੱਤੇ ਉਂਗਲਾਂ ਮਾਰ ਰਹੀਆਂ ਹੁੰਦੀਆਂ ਹਨ।

ਕਦੇ ਜ਼ਮਾਨਾ ਸੀ ਕਿ ਰੇਲ ਜਾਂ ਬੱਸ ਵਿਚ ਸਫ਼ਰ ਕਰਨ ਸਮੇਂ ਬੁੱਕ ਸਟਾਲ ਤੋਂ ਅਖ਼ਬਾਰ, ਮੈਗਜ਼ੀਨ ਜਾਂ ਕੋਈ ਕਿਤਾਬ ਖ਼ਰੀਦੀ ਜਾਂਦੀ ਸੀ ਤਾਂ ਜੋ ਸਫ਼ਰ ਵਧੀਆ ਕੱਟਿਆ ਜਾ ਸਕੇ। ਸਵਾਰੀਆਂ ਆਪੋ ਵਿਚ ਗੱਲਾਂਬਾਤਾਂ ਕਰਦੀਆਂ ਸਨ। ਲੰਬੇ ਸਫ਼ਰ ਵਿਚ ਤਾਂ ਦੋਸਤੀਆਂ ਵੀ ਪੈ ਜਾਂਦੀਆਂ ਸਨ ਪਰ ਹੁਣ ਅਜਿਹਾ ਨਹੀਂ ਹੈ। ਆਪੋ ਵਿਚ ਗੱਲਬਾਤ ਕਰਨ ਦੀ ਕਿਸੇ ਕੋਲ ਵਿਹਲ ਹੀ ਨਹੀਂ ਹੈ। ਜੇਕਰ ਮੇਰੇ ਵਰਗਾ ਪੁਰਾਣਾ ਬੰਦਾ ਗੱਲਬਾਤ ਕਰਨੀ ਵੀ ਚਾਹੇ ਤਾਂ ਹਾਂ-ਹੂੰ ਵਿਚ ਹੀ ਜਵਾਬ ਮਿਲਦਾ ਹੈ। ਅਗਲਾ ਇਹ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਜਿਵੇਂ ਉਸ ਨੂੰ ਬੁਲਾਇਆ ਨਾ ਜਾਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਰਟਫੋਨ ਬੜੇ ਕੰਮ ਦੀ ਚੀਜ਼ ਹੈ। ਇਸ ਤੋਂ ਜਿਹੜੀ ਮਰਜ਼ੀ ਚਾਹੋ, ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੰਮ ਦੀਆਂ ਗੱਲਾਂ ਹੋ ਸਕਦੀਆਂ ਹਨ। ਇਕ-ਦੂਜੇ ਨਾਲ ਸਬੰਧ ਜੋੜੇ ਜਾ ਸਕਦੇ ਹਨ। ਕਦੇ ਸਮਾਂ ਸੀ ਜਦੋਂ ਟੈਲੀਫੋਨ ਹੁੰਦੇ ਸਨ। ਪਰਦੇਸ ਤਾਂ ਦੂਰ, ਆਪਣੇ ਸ਼ਹਿਰ ਤੋਂ ਦੂਸਰੇ ਸ਼ਹਿਰ ਗੱਲ ਕਰਨ ਲਈ ਵੀ ਕਈ ਘੰਟੇ ਉਡੀਕ ਕਰਨੀ ਪੈਂਦੀ ਸੀ। ਪਰ ਕਿਸੇ ਦੀ ਲੋੜ ਤੋਂ ਵੱਧ ਵਰਤੋਂ ਭੈੜੀ ਹੁੰਦੀ ਸੀ।

ਮੋਬਾਈਲ ਨੇ ਸਾਨੂੰ ਝੂਠ ਬੋਲਣਾ ਸਿਖਾ ਦਿੱਤਾ ਹੈ। ਜੇਕਰ ਕਿਸੇ ਨਾਲ ਗੱਲ ਨਾ ਕਰਨੀ ਹੋਵੇ ਤਾਂ ਘਰੋਂ ਬਾਹਰ ਹੋਣ ਦਾ ਬਹਾਨਾ ਬਣਾ ਦਿੱਤਾ ਜਾਂਦਾ ਹੈ। ਕਿਸ਼ੋਰਾਂ ਲਈ ਜਿੱਥੇ ਸਮਾਰਟਫੋਨ ਜਾਣਕਾਰੀ ਦਾ ਵਧੀਆ ਵਸੀਲਾ ਹੈ ਉੱਥੇ ਹੀ ਗ਼ਲਤ ਸੋਚ ਉਭਾਰਨ ਲਈ ਵੀ ਜ਼ਿੰਮੇਵਾਰ ਹੈ। ਫੇਸਬੁੱਕ, ਯੂ-ਟਿਊਬ, ਵ ?ਹਟਸਐਪ ਜਾਂ ਕੋਈ ਹੋਰ ਐਪ ਖੋਲ੍ਹ ਲਵੋ, ਸਮੇਂ ਦਾ ਪਤਾ ਹੀ ਨਹੀਂ ਲੱਗਦਾ। ਕਈ ਵਾਰ ਬਹੁਤ ਜ਼ਰੂਰੀ ਕੰਮ ਰਹਿ ਜਾਂਦੇ ਹਨ। ਇਸ ਨਾਲ ਕੰਮ ਦੀ ਕਾਰਜਕੁਸ਼ਲਤਾ ਉੱਤੇ ਵੀ ਮਾਰੂ ਪ੍ਰਭਾਵ ਪੈਂਦਾ ਹੈ। ਜਦੋਂ ਕਿਸੇ ਆਏ ਸੁਨੇਹੇ ਦੀ ਘੰਟੀ ਵੱਜਦੀ ਹੈ ਤਾਂ ਆਪਣੇ-ਆਪ ਉਸ ਨੂੰ ਪੜ੍ਹਨ ਲਈ ਮਨ ਬੇਚੈਨ ਹੋ ਜਾਂਦਾ ਹੈ। ਵਾਰ-ਵਾਰ ਅਜਿਹਾ ਹੁੰਦਾ ਹੈ ਅਤੇ ਜਿਹੜਾ ਕੰਮ ਕਰ ਰਹੇ ਹੁੰਦੇ ਹੋ, ਉਸ ਵਿਚ ਵਿਘਨ ਪੈਣਾ ਤਾਂ ਲਾਜ਼ਮੀ ਹੀ ਹੈ।

ਮਨੁੱਖੀ ਸਿਹਤ ਉੱਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ। ਇਸ ਦੀਆਂ ਕਿਰਨਾਂ ਸਰੀਰ ਦਾ ਨੁਕਸਾਨ ਕਰਦੀਆਂ ਹਨ। ਹਰ ਵੇਲੇ ਟਿਕੀ ਨਜ਼ਰ, ਅੱਖਾਂ ਨੂੰ ਖਰਾਬ ਕਰਦੀ ਹੈ। ਜਦੋਂ ਅਸੀਂ ਸਕੂਲ ਪੜ੍ਹਦੇ ਸਾਂ ਤਾਂ ਸ਼ਾਇਦ ਹੀ ਕਿਸੇ ਬੱਚੇ ਦੇ ਐਨਕ ਲੱਗੀ ਹੋਵੇ, ਹੁਣ ਹਰੇਕ ਸਕੂਲ ਵਿਚ ਅੱਧ ਤੋਂ ਵੱਧ ਬੱਚਿਆਂ ਦੇ ਐਨਕਾਂ ਲੱਗੀਆਂ ਨਜ਼ਰ ਆਉਂਦੀਆਂ ਹਨ। ਹੁਣ ਦਾਦੀ ਜਾਂ ਨਾਨੀ ਦੀਆਂ ਕਹਾਣੀਆਂ ਸੁਣਨ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੈ। ਇੰਜ ਅਸੀਂ ਆਪਣੇ ਵਿਰਸੇ, ਸੱਭਿਆਚਾਰ ਤੇ ਸਮਾਜਿਕ ਕਦਰਾਂ-ਕੀਮਤਾਂ ਤੋਂ ਦੂਰ ਹੋ ਰਹੇ ਹਾਂ। ਸਮਾਰਟਫੋਨ ਦਾ ਸਭ ਤੋਂ ਬੁਰਾ ਅਸਰ ਭਾਈਚਾਰਕ ਸਾਂਝ ਤੇ ਮਨੁੱਖੀ ਰਿਸ਼ਤਿਆਂ 'ਤੇ ਪੈ ਰਿਹਾ ਹੈ। ਆਪੋ ਵਿਚ ਗੱਲਾਂ ਕਰਨੀਆਂ ਅਸੀਂ ਭੁੱਲਦੇ ਜਾ ਰਹੇ ਹਾਂ।

ਮਨੁੱਖ ਹੀ ਇਸ ਕਾਇਨਾਤ ਵਿਚ ਅਜਿਹਾ ਪ੍ਰਾਣੀ ਹੈ ਜਿਸ ਕੋਲ ਬਾਣੀ ਦੀ ਸ਼ਕਤੀ ਹੈ ਤੇ ਉਹ ਖੁੱਲ੍ਹ ਕੇ ਹੱਸ ਸਕਦਾ ਹੈ। ਇਸ ਬਾਣੀ ਦੀ ਸ਼ਕਤੀ ਸਦਕਾ ਹੀ ਆਪਸੀ ਰਿਸ਼ਤਿਆਂ ਦੀ ਪਛਾਣ ਹੁੰਦੀ ਹੈ ਤੇ ਆਪਸੀ ਰਿਸ਼ਤੇ ਮਜ਼ਬੂਤ ਹੁੰਦੇ ਹਨ। ਹੁਣ ਜਦੋਂ ਬਾਣੀ ਦੀ ਸਾਂਝ ਟੁੱਟ ਰਹੀ ਹੈ ਤਾਂ ਪਰਿਵਾਰਕ ਰਿਸ਼ਤਿਆਂ ਵਿਚ ਕਮਜ਼ੋਰੀ ਆ ਰਹੀ ਹੈ। ਆਪਸੀ ਪਿਆਰ, ਇਕ-ਦੂਜੇ ਲਈ ਤੜਫ ਘਟ ਰਹੇ ਹਨ। ਹਰੇਕ ਆਪਣੇ-ਆਪ ਵਿਚ ਹੀ ਸਿਮਟ ਰਿਹਾ ਹੈ। ਇਸ ਨਾਲ ਆਧੁਨਿਕ ਬਿਮਾਰੀਆਂ ਜਿਵੇਂ ਕਿ ਕਲਸਟਰੋਲ, ਸ਼ੂਗਰ, ਰਕਤਚਾਪ ਆਦਿ ਵਿਚ ਵਾਧਾ ਹੋ ਰਿਹਾ ਹੈ।

ਘਰ ਵਿਚ ਹਰੇਕ ਮੈਂਬਰ ਆਪਣਾ ਵੱਖਰਾ ਕਮਰਾ ਭਾਲਦਾ ਹੈ। ਇਕੱਠੇ ਸੌਣਾ ਤਾਂ ਬੱਚੇ ਭੁੱਲ ਹੀ ਰਹੇ ਹਨ। ਖੁੱਲ੍ਹ ਕੇ ਹੱਸਣਾ ਵੀ ਅਸੀਂ ਭੁੱਲ ਰਹੇ ਹਾਂ। ਸਮਾਜਿਕ ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਹੋ ਰਹੀਆਂ ਹਨ। ਬਹੁਤੇ ਲੋਕੀਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਢਾਹੂ ਸੋਚ ਭਾਰੂ ਹੋ ਰਹੀ ਹੈ। ਖ਼ੁਦਕੁਸ਼ੀਆਂ ਵਿਚ ਵਾਧੇ ਦਾ ਵੀ ਇਹ ਇਕ ਕਾਰਨ ਹੈ। ਘਰਾਂ ਵਿਚ ਕਲੇਸ਼ ਵਧ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਰਟਫੋਨ ਦੀ ਵਰਤੋਂ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ, ਪਰ ਸਮਾਜਿਕ ਮੀਡੀਆ ਉੱਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ, ਝੂਠ ਅਤੇ ਕਾਮੁਕ ਕਹਾਣੀਆਂ ਤੇ ਫਿਲਮਾਂ ਸਮਾਜ ਵਿਚ ਤਣਾਅ ਦਾ ਕਾਰਨ ਬਣਦੇ ਜਾ ਰਹੇ ਹਨ। ਨਵੀਂ ਪੀੜ੍ਹੀ ਨੂੰ ਇਨ੍ਹਾਂ ਮਾੜੇ ਪ੍ਰਭਾਵਾਂ ਤੋਂ ਮੁਕਤ ਕਰਨ ਲਈ ਮਾਪੇ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿੱਥੇ ਮਾਂ-ਪਿਉ ਦੋਵੇਂ ਨੌਕਰੀ ਕਰਦੇ ਹਨ, ਉਹ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਸਕਦੇ ਪਰ ਆਪਣੇ ਸਮੇਂ ਦੀ ਵਿਉਂਤਬੰਦੀ ਇਸ ਢੰਗ ਨਾਲ ਕੀਤੀ ਜਾਵੇ ਕਿ ਬੱਚਿਆ ਲਈ ਸਮਾਂ ਜ਼ਰੂਰ ਕੱਢਿਆ ਜਾਵੇ। ਇਹ ਦੇਖਣ ਵਿਚ ਆਇਆ ਹੈ ਕਿ ਕਈ ਮਾਪੇ ਦੋ ਸਾਲ ਦੇ ਬੱਚੇ ਦੇ ਹੱਥ ਮੋਬਾਈਲ ਫੜਾ ਦਿੰਦੇ ਹਨ ਤਾਂ ਜੋ ਉਹ ਕਾਰਟੂਨ ਵੇਖਣ ਵਿਚ ਰੁੱਝਿਆ ਰਹੇ। ਇੰਜ ਅਸੀਂ ਬਚਪਨ ਵਿਚ ਹੀ ਬੱਚੇ ਨੂੰ ਇਸ ਦਾ ਆਦੀ ਬਣਾ ਦਿੰਦੇ ਹਾਂ। ਮਾਪਿਆਂ ਨੂੰ ਚਾਹੀਦਾ ਹੈ ਕਿ ਰਾਤ ਦੀ ਰੋਟੀ ਸਾਰਾ ਪਰਿਵਾਰ ਇਕੱਠਿਆਂ ਬੈਠ ਕੇ ਖਾਵੇ। ਘੱਟ ਤੋਂ ਘੱਟ ਇਕ ਘੰਟੇ ਲਈ ਘਰ ਦੇ ਸਾਰੇ ਮੋਬਾਈਲ ਤੇ ਟੀਵੀ ਬੰਦ ਕੀਤੇ ਜਾਣ। ਆਪੋ ਵਿਚ ਗੱਲਾਂ ਕੀਤੀਆਂ ਜਾਣ।

ਬੱਚਿਆਂ ਤੋਂ ਉਨ੍ਹਾਂ ਦੇ ਸਕੂਲ ਬਾਰੇ ਪੁੱਛਿਆ ਜਾਵੇ। ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇ। ਮਾਪੇ ਵੀ ਆਪੋ-ਆਪਣੇ ਦਿਨ ਦੇ ਅਨੁਭਵ ਸਾਂਝੇ ਕਰਨ। ਇੰਜ ਆਪਸੀ ਪਿਆਰ ਦੀਆਂ ਤੰਦਾਂ ਹੀ ਮਜ਼ਬੂਤ ਨਹੀਂ ਹੋਣਗੀਆਂ ਸਗੋਂ ਮਾਨਸਿਕ ਤਣਾਅ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਦਿਨ ਦੇ ਕੌੜੇ ਅਨੁਭਵ ਜਦੋਂ ਆਪੋ ਵਿਚ ਵਿਚਾਰੇ ਜਾਂਦੇ ਹਨ ਤਾਂ ਮਨ ਹਲਕਾ ਹੋ ਜਾਂਦਾ ਹੈ ਤੇ ਦਿਮਾਗੀ ਬੋਝ ਲੱਥ ਜਾਂਦਾ ਹੈ। ਬੱਚਿਆਂ ਨੂੰ ਕੁਝ ਸਮੇਂ ਲਈ ਖੇਡਣ ਵਾਸਤੇ ਉਤਸ਼ਾਹਤ ਕੀਤਾ ਜਾਵੇ। ਉਨ੍ਹਾਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਗਾਈ ਜਾਵੇ। ਬੱਚਿਆਂ 'ਤੇ ਨਜ਼ਰ ਰੱਖਣੀ ਵੀ ਜ਼ਰੂਰੀ ਹੈ ਕਿ ਉਹ ਮੋਬਾਈਲ 'ਤੇ ਕੀ ਵੇਖ ਰਹੇ ਹਨ। ਅਜਿਹਾ ਨਾ ਕਰਨ ਲਈ ਪਿਆਰ ਨਾਲ ਸਮਝਾਇਆ ਜਾਵੇ ਤੇ ਉਨ੍ਹਾਂ ਨੂੰ ਸਹੀ ਰਾਹੇ ਪਾਇਆ ਜਾਵੇ।

# ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਹੈ ਨਿਰੰਤਰ ਚੱਲਣ ਵਾਲੀ

*ਜੇ ਅਸੀਂ ਚਾਹੁੰਦੇ ਹਾਂ ਕਿ ਵਧੀਆ ਪੜ੍ਹੀ-ਲਿਖੀ ਪੀੜ੍ਹੀ ਤਿਆਰ ਕੀਤੀ ਜਾਵੇ ਤਾਂ ਸਾਨੂੰ ਸਭ ਨੂੰ ਮਿਲ ਕੇ ਬੜੇ ਸੁਚੱਜੇ ਢੰਗ ਨਾਲ ਇਕ ਤਜਰਬੇਕਾਰ ਨਿਰਵਿਘਨ ਚੱਲਣ ਵਾਲਾ ਐਜੂਕੇਸ਼ਨ ਸਿਸਟਮ ਤਿਆਰ ਕਰਨਾ ਪਵੇਗਾ।*

ਮਨੁੱਖ ਹਮੇਸ਼ਾ ਸਿੱਖਦਾ ਹੀ ਰਹਿੰਦਾ ਹੈ। ਹਰ ਕਿਸੇ ਦਾ ਸਭ ਤੋਂ ਵੱਡਾ ਤੇ ਪਹਿਲਾ ਅਧਿਆਪਕ ਉਸ ਦੀ ਮਾਂ ਹੁੰਦੀ ਹੈ। ਸਭ ਤੋਂ ਵੱਡੀ ਚੀਜ਼ ਜੋ ਮਨੁੱਖ ਆਪਣੀ ਮਾਂ ਤੋਂ ਸਿੱਖਦਾ ਹੈ, ਉਹ ਹੁੰਦੀ ਹੈ ਮਾਂ-ਬੋਲੀ। ਭਾਵੇਂ ਬੱਚੇ ਵਿਚ ਸਿੱਖਣ ਦੀਆਂ ਯੋਗਤਾਵਾਂ ਜਮਾਂਦਰੂ ਹੁੰਦੀਆਂ ਹਨ ਪਰ ਮਾਂ ਤੋਂ ਬਿਨਾਂ ਉਨ੍ਹਾਂ ਨੂੰ ਸੁਚਾਰੂ ਰੂਪ ਨਹੀਂ ਦਿੱਤਾ ਜਾ ਸਕਦਾ। ਜਦੋਂ ਬੱਚਾ ਮਾਂ ਤੋਂ ਸਿੱਖਦਾ-ਸਿਖਾਉਂਦਾ ਅਧਿਆਪਕ ਕੋਲ ਪਹੁੰਚ ਜਾਂਦਾ ਹੈ ਤਾਂ ਉੱਥੇ ਵੀ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ। ਜਦੋਂ ਕੋਈ ਅਧਿਆਪਕ ਜਮਾਤ 'ਚ ਪੜ੍ਹਾ ਰਿਹਾ ਹੁੰਦਾ ਹੈ ਜਾਂ ਕਿਸੇ ਵਿਸ਼ੇ, ਟੌਪਿਕ ਜਾਂ ਸੰਕਲਪ ਦਾ ਉਤਾਰਾ ਵਿਦਿਆਰਥੀ ਦੇ ਦਿਮਾਗ 'ਚ ਪਾ ਰਿਹਾ ਹੁੰਦਾ ਹੈ ਤਾਂ ਉਹ ਵਿਸ਼ਾ-ਵਸਤੂ ਦਾ ਰੇਤਾ ਰੂਪੀ ਮਹੱਲ ਹਵਾ ਵਿਚ ਹੀ ਬਣਾ ਰਿਹਾ ਹੁੰਦਾ ਹੈ। ਇਸ ਹਵਾਈ ਮਹੱਲ ਦਾ ਪਹਿਲਾ ਰੂਪ ਰੇਤੇ ਤੋਂ ਬਣੇ ਹੋਏ ਮਹੱਲ ਦੇ ਵਾਂਗ ਹੀ ਹੁੰਦਾ ਹੈ। ਜੇ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਦੌਰਾਨ ਇਸ ਰੇਤਾ ਰੂਪੀ ਮਹੱਲ ਨੂੰ ਨਾਲ ਦੀ ਨਾਲ ਚਿਰ ਸਥਾਈ ਰੂਪ ਨਾ ਦਿੱਤਾ ਜਾਵੇ ਤਾਂ ਇਹ ਢਹਿ ਜਾਵੇਗਾ ਤੇ ਦਿਮਾਗ 'ਚ ਵਿਸ਼ੇ-ਵਸਤੂ ਦੇ ਰੂਪ 'ਚ ਖਿੰਡੇ ਰੇਤੇ ਦਾ ਮਲਬਾ ਇਕੱਠਾ ਕਰਨਾ ਹੋਰ ਵੀ ਔਖਾ ਕੰਮ ਹੋਵੇਗਾ। ਸਾਰੀ ਮਿਹਨਤ ਵਿਅਰਥ ਜਾਵੇਗੀ ਤੇ ਇਹ ਕਾਰਜ ਮੁੜ ਤੋਂ ਆਰੰਭ ਕਰਨਾ ਪਵੇਗਾ। ਜੇ ਦੁਬਾਰਾ ਆਰੰਭ ਕੀਤੇ ਹੋਏ ਅਧਿਆਪਨ ਦੇ ਕਾਰਜ 'ਚ ਇਹ ਰੇਤੇ ਦਾ ਮਹੱਲ ਪਹਿਲਾਂ ਦੀ ਤਰ੍ਹਾਂ ਰੂਪ ਨਾ ਲੈ ਸਕਿਆ ਤਾਂ ਵਿਦਿਆਰਥੀ ਮਨ 'ਚ ਬੜੇ ਭੁਲੇਖੇ ਪੈਦਾ ਹੋ ਜਾਣਗੇ। ਇਸ ਅਧਿਆਪਨ ਦੇ ਪਵਿੱਤਰ ਕੰਮ 'ਚ ਵਿਘਨ ਪਾਉਣ ਵਾਲੇ ਕਈ ਕਾਰਕ ਹੋ ਸਕਦੇ ਹਨ। ਇਹ ਕਾਰਕ ਨਿਰਜੀਵ ਵੀ ਹੋ ਸਕਦੇ ਹਨ ਅਤੇ ਸਜੀਵ ਵੀ। ਨਿਰਜੀਵ ਕਾਰਕ ਜਿਵੇਂ ਕਮਰਿਆਂ, ਡੈਸਕਾਂ, ਸਿੱਖਣ-ਸਿਖਾਉਣ ਸਮੱਗਰੀ, ਪਾਣੀ ਅਤੇ ਪਖਾਨਿਆਂ ਦੀ ਘਾਟ ਆਦਿ ਹੋ ਸਕਦੇ ਹਨ। ਸਜੀਵ ਕਾਰਕਾਂ ਵਿਚ ਵਿਦਿਆਰਥੀਆਂ ਦੀ ਇਕਾਗਰਤਾ ਦੀ ਘਾਟ, ਮਾਪਿਆਂ ਦੀਆਂ ਅਣਗਹਿਲੀਆਂ ਤੇ ਖ਼ੁਦ ਅਧਿਆਪਕ ਆਦਿ ਕਾਰਕ ਹੋ ਸਕਦੇ ਹਨ। ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਕੋਈ ਵੀ ਬਾਹਰਲਾ ਕਾਰਕ ਅਧਿਆਪਨ ਦੀ ਪ੍ਰਕਿਰਿਆ 'ਚ ਵਿਘਨ ਨਾ ਪਾ ਸਕੇ। ਉੱਨਤ ਐਜੂਕੇਸ਼ਨ ਸਿਸਟਮ ਦੇ ਵਿਕਾਸ ਵਿਚ ਯੋਗਦਾਨ ਪਾਉਣ ਤੋਂ ਅਧਿਆਪਕ ਨੂੰ ਕਦੇ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਅਧਿਆਪਕ ਨੂੰ ਨਿੱਜੀ ਤੌਰ 'ਤੇ ਵੀ ਇਨ੍ਹਾਂ ਕਾਰਕਾਂ ਦੀ ਪੜਚੋਲ ਕਰਦੇ ਹੋਏ ਇਨ੍ਹਾਂ ਦਾ ਬਣਦਾ ਹੱਲ ਕੱਢਦੇ ਹੋਏ ਅਧਿਆਪਨ ਦੇ ਕਾਰਜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਵਧੀਆ ਪੜ੍ਹੀ-ਲਿਖੀ ਪੀੜ੍ਹੀ ਤਿਆਰ ਕੀਤੀ ਜਾਵੇ ਤਾਂ ਸਾਨੂੰ ਸਭ ਨੂੰ ਮਿਲ ਕੇ ਬੜੇ ਸੁਚੱਜੇ ਢੰਗ ਨਾਲ ਇਕ ਤਜਰਬੇਕਾਰ ਨਿਰਵਿਘਨ ਚੱਲਣ ਵਾਲਾ ਐਜੂਕੇਸ਼ਨ ਸਿਸਟਮ ਤਿਆਰ ਕਰਨਾ ਪਵੇਗਾ। ਇਸ ਐਜੂਕੇਸ਼ਨ ਸਿਸਟਮ ਨੂੰ ਤਿਆਰ ਕਰਨ ਵਾਸਤੇ ਸਰਕਾਰਾਂ ਦੇ ਨਾਲ-ਨਾਲ ਸਮਾਜ ਦੀ ਜ਼ਿੰਮੇਵਾਰੀ ਵੀ ਬਣਦੀ ਹੈ। ਅਧਿਆਪਕ ਜਮਾਤ 'ਚ ਤਾਂ ਹੀ ਵਧੀਆ ਪੜ੍ਹਾ ਸਕਦਾ ਹੈ ਜੇ ਉੱਥੋਂ ਦਾ ਮਾਹੌਲ ਸੁਚੱਜਾ ਤੇ ਕੋਈ ਅੜਚਨ ਨਾ ਪਾਉਣ ਵਾਲਾ ਹੋਵੇ।






# ਨੇਲਪਾਲਿਸ਼ - ਨਵਾਂ ਖ਼ੂਬਸੂਰਤ ਅੰਦਾਜ਼

ਖੁੰਜਰੀ ਦੇਵਾਂਗਨ

ਤੁਸੀਂ ਕਦੀ ਆਪਣੇ ਹੁਨਰ ਨੂੰ ਪੈਰਾਂ ਦੀ ਖ਼ੂਬਸੂਰਤੀ ਵਧਾਉਣ ਲਈ ਕੋਈ ਨੁਸਖਾ ਅਜ਼ਮਾਇਆ ਹੈ? ਸ਼ਾਇਦ ਨਹੀਂ, ਤਾਂ ਅੱਜ ਪੈਰਾਂ ਨੂੰ ਸਜਾਓ ਕੁਝ ਨਵੇਂ ਹੀ ਅੰਦਾਜ਼ ਵਿਚ। ਖ਼ੂਬਸੂਰਤੀ ਦਾ ਪਹਿਲਾ ਕਦਮ ਹੈ ਸਫ਼ਾਈ, ਤਾਂ ਸਜਾਵਟ ਤੋਂ ਪਹਿਲਾਂ ਪੈਡੀਕਿਓਰ ਕਰਨਾ ਨਾ ਭੁੱਲੋ। ਨਹੁੰਆਂ ਨੂੰ ਸਾਫ਼ ਕਰ ਕੇ ਖ਼ੂਬਸੂਰਤ ਸ਼ੇਪ ਦਿਓ।

ਹੁਣ ਸਭ ਤੋਂ ਪਹਿਲਾਂ ਨਹੁੰਆਂ 'ਤੇ ਮਾਸਚਰਾਈਜਿੰਗ ਬੇਸ ਕੋਟ ਅਪਲਾਈ ਕਰੋ। ਇਹ ਨਹੁੰਆਂ ਨੂੰ ਡਰਾਈ ਹੋਣ ਤੋਂ ਬਚਾਏਗਾ ਅਤੇ ਜਗਾਏਗਾ ਸਿਹਤ ਭਰੀ ਗੁਲਾਬੀ ਚਮਕ। ਕੰਟਰਾਸਟ ਰੰਗਾਂ ਵਿਚ ਦੋ ਨੇਲਪਾਲਿਸ਼ ਪੈਕ ਲਓ। ਜਿਵੇਂ ਲਾਲ ਅਤੇ ਕਾਲਾ, ਪਰਪਲ ਅਤੇ ਸਿਲਵਰ। ਆਪਣੀ ਪਸੰਦ ਦੇ ਹਿਸਾਬ ਨਾਲ ਇਕ ਹੀ ਰੰਗ ਦੇ ਦੋ ਸ਼ੇਡ ਵੀ ਲੈ ਸਕਦੇ ਹੋ ਭਾਵ ਗੂੜ੍ਹੇ ਅਤੇ ਲਾਈਟ ਗ੍ਰੀਨ ਜਾਂ ਡਾਰਕ ਅਤੇ ਲਾਈਟ ਬਲਿਊ। ਇਸ ਤਰ੍ਹਾਂ ਹੀ ਮਨਚਾਹਿਆ ਅਤੇ ਆਪਣੇ ਕੱਪੜਿਆਂ ਨਾਲ ਮੇਲ ਖਾਂਦਾ ਕੋਈ ਵੀ ਕਾਂਬੀਨੇਸ਼ਨ ਚੁਣੋ।

ਹੁਣ ਸਭ ਤੋਂ ਪਹਿਲਾਂ ਚੁੱਕੋ ਆਪਣੇ ਮਨਚਾਹੇ ਕਾਂਬੀਨੇਸ਼ਨ ਵਿਚੋਂ ਡਾਰਕ ਸ਼ੇਡ। ਇਸ ਨੂੰ ਨਹੁੰਆਂ 'ਤੇ ਸਫ਼ਾਈ ਨਾਲ ਲਗਾਓ ਅਤੇ ਸੁੱਕਣ ਦਿਓ। ਸ਼ਾਨਦਾਰ ਰੰਗ ਅਤੇ ਚਮਕ ਲਿਆਉਣ ਲਈ ਦੂਹਰਾ ਕੋਟ ਲਗਾਓ। ਨੇਲਪੇਂਟ ਦੇ ਸੁੱਕਣ ਤੱਕ ਰੁਕੋ। ਹੁਣ ਸਮਾਂ ਹੈ ਤੁਹਾਡੀ ਰਚਨਾਤਮਿਕਤਾ ਦਾ ਸ਼ਿਖ਼ਰ ਦੇਖਣ ਦਾ। ਆਪਣੇ ਕੰਬੀਨੇਸ਼ਨ ਵਿਚੋਂ ਲਾਈਟ ਸ਼ੇਡ ਲਓ ਅਤੇ ਬੇਸ ਕਲਰ 'ਤੇ ਕੋਈ ਵੀ ਖ਼ੂਬਸੂਰਤ ਡਿਜ਼ਾਈਨ ਉਕੇਰ ਦਿਓ। ਚਾਹੋ ਤਾਂ ਅੱਧੇ ਨਹੁੰਆਂ 'ਤੇ ਦੂਜਾ ਰੰਗ ਲਗਾ ਦਿਓ ਜਾਂ ਜੜ ਦਿਓ ਇਕ ਛੋਟਾ ਜਿਹਾ ਚਮਕਦਾਰ ਸਿਤਾਰਾ। ਤੁਸੀਂ ਚਾਹੋ ਤਾਂ ਬਾਰਿਸ਼ ਦੇ ਮੌਸਮ ਵਿਚ ਆਪਣੇ ਨਹੁੰਆਂ 'ਤੇ ਬਿਜਲੀ ਦੀ ਚਮਚਮਾਉਂਦੀ ਦਿੱਖ ਵੀ ਕੈਦ ਕਰ ਸਕਦੇ ਹੋ।

ਜੇਕਰ ਤੁਸੀਂ ਨਹੁੰਆਂ ਦੇ ਬੇਸ ਕਲਰ ਵਿਚ ਤਬਦੀਲੀ ਕਰਨੀ ਚਾਹੋ ਤਾਂ ਇਹ ਵੀ ਹੋਵੇਗਾ ਕਮਾਲ ਦਾ ਆਈਡੀਆ। ਇਕ ਨਹੁੰ 'ਤੇ ਪਰਪਲ ਕੋਟ ਲਗਾਓ ਤੇ ਦੂਜੇ 'ਤੇ ਸਿਲਵਰ। ਆਕਰਸ਼ਣ ਵਧਾਉਣ ਲਈ ਪਰਪਲ 'ਤੇ ਸਿਲਵਰ ਫੁੱਲ ਲਗਾ ਦਿਓ ਤਾਂ ਸਿਲਵਰ 'ਤੇ ਉਕੇਰੋ ਪਰਪਲ ਫੁੱਲ। ਤੁਸੀਂ ਵੀ ਹੈਰਾਨ ਹੋ ਜਾਓਗੇ ਆਪਣੇ ਪੈਰਾਂ ਦਾ ਆਕਰਸ਼ਣ ਦੇਖ ਕੇ। ਜੇਕਰ ਸਮਾਂ ਘੱਟ ਹੋਵੇ ਤਾਂ ਡਾਰਕ ਬੇਸ 'ਤੇ ਲਾਈਟ ਸ਼ੇਡ ਦੀਆਂ ਕੁਝ ਤਿਰਛੀਆਂ ਲਾਈਨਾਂ ਹੀ ਪਾ ਲਓ। ਪੈਰਾਂ ਦੀ ਖ਼ੂਬਸੂਰਤੀ ਖਿੜ ਜਾਵੇਗੀ।

ਘੱਟ ਤੋਂ ਘੱਟ ਅੱਧਾ ਘੰਟਾ ਇੰਤਜ਼ਾਰ ਕਰੋ ਤਾਂ ਕਿ ਮਿਹਨਤ ਨਾਲ ਬਣਾਇਆ ਗਿਆ ਡਿਜ਼ਾਈਨ ਵਿਗੜ ਨਾ ਜਾਵੇ।

ਸਭ ਤੋਂ ਅਖ਼ੀਰ ਵਿਚ ਪਾਰਦਰਸ਼ੀ ਲੈ ਕੇ ਇਕ ਕੋਟ ਜ਼ਰੂਰ ਲਗਾਓ।



# ਚੀਨੀ ਔਰਤਾਂ 'ਚ ਜਣੇਪਾ ਦਰ 3 ਗੁਣਾ ਵਧੀ

*ਚੀਨੀ ਨੌਜਵਾਨਾਂ 'ਚ ਵਿਆਹ ਦੀ ਉਮਰ ਵਧੀ ਹੈ ਅਤੇ ਉਸ ਪਿੱਛੋਂ ਉਨ੍ਹਾਂ ਵੱਲੋਂ ਪਰਿਵਾਰ ਵਧਾਉਣ ਦੀ ਇੱਛਾ ਵੀ ਦੇਰ ਨਾਲ ਹੋ ਰਹੀ ਹੈ। ਚੀਨ 'ਚ ਇਸ ਰਿਵਾਜ ਕਾਰਨ ਆਉਣ ਵਾਲੇ ਦਿਨਾਂ 'ਚ ਚੀਨੀ ਔਰਤਾਂ 'ਚ ਜਣੇਪੇ ਦਾ ਅਨੁਪਾਤ ਹੋਰ ਵਧਣ ਦਾ ਖਦਸ਼ਾ ਤੇਜ਼ ਹੋ ਗਿਆ ਹੈ।*



ਚੀਨ 'ਚ ਪਿਛਲੇ 10 ਸਾਲਾਂ 'ਚ ਔਰਤਾਂ ਦੀ ਜਣੇਪਾ ਦਰ 'ਚ 3 ਗੁਣਾ ਵਾਧਾ ਹੋਇਆ ਹੈ। ਇਸ 'ਚ ਸਭ ਤੋਂ ਵੱਧ ਵਾਧਾ ਰਾਜਧਾਨੀ ਬੀਜਿੰਗ ਅਤੇ ਆਰਥਿਕ ਰਾਜਧਾਨੀ ਸ਼ੰਘਾਈ 'ਚ ਦਰਜ ਹੋਇਆ ਹੈ। ਇਹ ਅੰਕੜੇ ਚੀਨ ਦੀ ਜਨਸੰਖਿਆ ਵਿਕਾਸ ਅਤੇ ਖੋਜ ਕੇਂਦਰ ਨੇ ਜਾਰੀ ਕੀਤੇ ਹਨ, ਇਹ ਵਿਭਾਗ ਚੀਨ ਦੇ ਰਾਸ਼ਟਰੀ ਸਿਹਤ ਕਮਿਸ਼ਨ ਅਧੀਨ ਆਉਂਦਾ ਹੈ। ਜਾਰੀ ਕੀਤੇ ਗਏ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2020 'ਚ 49 ਸਾਲ ਦੀਆਂ ਚੀਨੀ ਔਰਤਾਂ 'ਚ ਬਾਂਝਪਨ ਜਾਂ ਜਣੇਪਾ ਦਰ ਸਾਲ 2010 ਦੀ ਤੁਲਨਾ 'ਚ 4 ਗੁਣਾ ਵੱਧ ਹੈ, ਜੋ ਕ੍ਰਮਵਾਰ 5.16 ਫੀਸਦੀ ਅਤੇ 1.29 ਫੀਸਦੀ ਦਰਜ ਕੀਤੀ ਗਈ ਹੈ। ਪਿਛਲੇ 10 ਸਾਲਾਂ ਦੇ ਔਸਤ ਅੰਕੜੇ ਦੱਸਦੇ ਹਨ ਕਿ ਸਾਲ 2020 'ਚ ਪਿਛਲੇ ਦਹਾਕੇ ਦੀ ਤੁਲਨਾ 'ਚ ਇਸ ਤੋਂ 3 ਗੁਣਾ ਵੱਧ ਦਾ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਦੇ ਜਾਣਕਾਰ ਜਿਹੜਾ ਅੰਦਾਜ਼ਾ ਲਾ ਰਹੇ ਸੀ ਕਿ ਚੀਨੀ ਔਰਤਾਂ ਦੀ ਜਣੇਪਾ ਦਰ ਉਸ ਤੋਂ ਵੀ ਜ਼ਿਆਦਾ ਤੇਜ਼ੀ ਨਾਲ ਦੌੜ ਰਹੀ ਹੈ। ਨਵੀਂ ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਲ 2010 'ਚ 2020 ਵਾਲੇ ਦਹਾਕੇ 'ਚ ਹਰ ਉਮਰ ਦੀਆਂ ਔਰਤਾਂ 'ਚ ਇਕ ਵੀ ਬੱਚੇ ਨੂੰ ਜਨਮ ਨਾ ਦੇਣ ਵਾਲੀਆਂ ਔਰਤਾਂ ਦਾ ਅਨੁਪਾਤ ਵਧਿਆ ਹੈ। ਇਨ੍ਹਾਂ 'ਚ 20 ਤੋਂ 30 ਸਾਲ ਦੀ ਉਮਰ ਵਰਗ ਦੀਆਂ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ ਹਨ। ਜਣੇਪਾ ਸਿਹਤ ਸਰਵੇ ਦੇ ਮਾਹਿਰਾਂ ਨੇ ਜੋ ਰਿਪੋਰਟ ਦਿੱਤੀ ਹੈ, ਉਹ ਵੱਧ ਹੈਰਾਨੀ ਵਾਲੀ ਹੈ। ਇਸ ?ਰਿਪੋਰਟ ਅਨੁਸਾਰ ਇਨ੍ਹੀਂ ਦਿਨੀਂ ਅਜਿਹੇ ਲੋਕ ਦਿਖਾਈ ਨਹੀਂ ਦੇ ਰਹੇ ਜੋ ਬੱਚਾ ਪੈਦਾ ਕਰਨਾ ਚਾਹੁੰਦੇ ਹਨ। ਰਿਪੋਰਟ ਇਸ ਗੱਲ ਦਾ ਵੀ ਖੁਲਾਸਾ ਕਰਦੀ ਹੈ ਕਿ ਸਾਲ 2007 ਦੀ ਤੁਲਨਾ 'ਚ ਸਾਲ 2020 'ਚ ਇਸ 'ਚ ਵੱਧ ਵਾਧਾ ਹੋਇਆ ਹੈ। ਚੀਨੀ ਔਰਤਾਂ 'ਚ ਜਿੱਥੇ ਜਣੇਪਾ ਦਰ 12 ਫੀਸਦੀ ਸੀ ਤਾਂ ਉਧਰ ਸਾਲ 2020 'ਚ ਇਹ ਵਧ ਕੇ ਫੀਸਦੀ 'ਤੇ ਜਾ ਪੁੱਜੀ ਹੈ। ਇਸ ਦਾ ਮਤਲਬ ਇਹ ਹੈ ਕਿ ਹਰ 5-6 ਵਿਆਹੁਤਾ ਜੋੜਿਆਂ 'ਚ 1 ਜੋੜੇ ਨੂੰ ਬੱਚੇ ਪੈਦਾ ਕਰਨ 'ਚ ਪ੍ਰੇਸ਼ਾਨੀ ਹੋ ਰਹੀ ਹੈ।

ਇਹ ਨਵਾਂ ਟਰੈਂਡ ਕਿਸੇ ਵੀ ਦੇਸ਼ ਲਈ ਖਤਰਨਾਕ ਹੋ ਸਕਦਾ ਹੈ, ਜੇ ਹੁਣ ਨਹੀਂ ਤਾਂ ਆਉਣ ਵਾਲੇ 20 ਤੋਂ 30 ਸਾਲਾਂ 'ਚ ਇਸ ਦਾ ਅਸਰ ਦਿਖਾਈ ਦੇਣ ਲੱਗੇਗਾ। ਚਿਆਂਗਸੂ ਸੂਬੇ ਦੇ ਸਿਆਸੀ ਸੁਝਾਅ ਸਲਾਹਕਾਰ ਕਮੇਟੀ ਦੇ ਮੈਂਬਰ ਸੁਨ ਸੀ ਅਨੁਸਾਰ ਕਮੇਟੀ ਦਾ ਅੰਦਾਜ਼ਾ ਸੀ ਕਿ ਸਾਲ 2025 'ਚ ਜਣੇਪਾ ਦਰ 18 ਫੀਸਦੀ ਤੱਕ ਪਹੁੰਚੇਗੀ ਪਰ ਇਸ ਪੱਧਰ 'ਤੇ ਚੀਨ ਪਹਿਲਾਂ ਹੀ ਪਹੁੰਚ ਚੁੱਕਾ ਹੈ। ਇਨ੍ਹਾਂ 'ਚ ਸਭ ਤੋਂ ਵੱਧ ਗਿਣਤੀ 20 ਤੋਂ 30 ਸਾਲ ਦੀਆਂ ਔਰਤਾਂ ਦੀ ਹੈ, ਇਨ੍ਹਾਂ ਦੀ ਗਿਣਤੀ ਪਿਛਲੇ ਇਕ ਦਹਾਕੇ 'ਚ 10 ਫੀਸਦੀ ਵਧੀ ਹੈ। ਉੱਥੇ ਹੀ 35 ਸਾਲ ਦੀਆਂ ਔਰਤਾਂ ਦੀ ਗਿਣਤੀ 'ਚ, ਜਿਨ੍ਹਾਂ ਨੇ ਇਕ ਵੀ ਬੱਚੇ ਨੂੰ ਜਨਮ ਨਹੀਂ ਦਿੱਤਾ ਹੈ, 5.39 ਫੀਸਦੀ ਤੋਂ ਵਧ ਕੇ 10.91 ਫੀਸਦੀ ਹੋ ਗਈ ਹੈ ਤਾਂ ਇਹ ਗਿਣਤੀ 40 ਸਾਲ ਦੀਆਂ ਔਰਤਾਂ 'ਚ 2.66 ਫੀਸਦੀ ਤੋਂ ਵਧ ਕੇ 7.85 ਫੀਸਦੀ ਹੋ ਗਈ ਹੈ। ਚੀਨ ਲਈ ਇਹ ਚਿੰਤਾ ਵਾਲੀ ਗੱਲ ਇਸ ਲਈ ਵੀ ਹੈ ਕਿਉਂਕਿ ਸਾਲ 2022 'ਚ ਚੀਨ ਦੀ ਕੁਲ ਆਬਾਦੀ 1.412 ਅਰਬ ਸੀ ਪਰ ਪਿਛਲੇ 4 ਸਾਲਾਂ 'ਚ 1 ਕਰੋੜ 20 ਲੱਖ ਘੱਟ ਬੱਚੇ ਪੈਦਾ ਹੋਏ ਹਨ, ਸਾਲ 1961 ਪਿੱਛੋਂ ਪਹਿਲੀ ਵਾਰ ਚੀਨ ਦੀ ਜਨਮ ਦਰ 'ਚ ਗਿਰਾਵਟ ਦਰਜ ਹੋਈ ਹੈ। ਹਾਲਾਂਕਿ ਇਹ ਸਮੱਸਿਆ ਚੀਨ 'ਚ ਪਹਿਲਾਂ ਤੋਂ ਹੀ ਮੌਜੂਦ ਸੀ ਪਰ ਚੀਨ ਦੀ ਕਮਿਊਨਿਸਟ ਸਰਕਾਰ ਦੀਆਂ ਇਕ ਬੱਚੇ ਵਾਲੀਆਂ ਨੀਤੀਆਂ ਕਾਰਨ ਇਸ 'ਤੇ ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਜਦ ਸਾਲ 2016 'ਚ ਚੀਨ ਨੇ ਦੋ ਬੱਚਿਆਂ ਦੀ ਨੀਤੀ ਸ਼ੁਰੂ ਕੀਤੀ, ਉਸ ਪਿੱਛੋਂ ਕੁਝ ਲੋਕਾਂ ਨੂੰ ਇਸ ਪ੍ਰੇਸ਼ਾਨੀ ਬਾਰੇ ਪਤਾ ਲੱਗਾ। ਇਹ ਗੱਲ ਸੱਚ ਹੈ ਕਿ ਆਬਾਦੀ ਦੀ ਇਹ ਸਮੱਸਿਆ ਚੀਨ ਦੀ ਅਰਥਵਿਵਸਥਾ 'ਤੇ ਬਹੁਤ ਵੱਡਾ ਅਸਰ ਨਹੀਂ ਪਾਵੇਗੀ ਪਰ ਉਸ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਇਸ 'ਚ ਜ਼ਰੂਰ ਹੈ।


ਚੀਨ 'ਚ ਆਬਾਦੀ ਮਾਹਿਰਾਂ ਦਾ ਮੰਨਣਾ ਹੈ ਕਿ ਚੀਨ 'ਚ ਜਿਸ ਤੇਜ਼ੀ ਨਾਲ ਉਦਯੋਗੀਕਰਨ ਪਿਛਲੇ ਕੁਝ ਦਹਾਕਿਆਂ 'ਚ ਹੋਇਆ ਹੈ ਅਤੇ ਨਵੇਂ-ਨਵੇਂ ਸ਼ਹਿਰ ਵਸਾਏ ਜਾ ਰਹੇ ਹਨ, ਲੋਕ ਆਪਣੇ ਪਿੰਡਾਂ ਅਤੇ ਖੇਤਾਂ 'ਚੋਂ ਬਾਹਰ ਨਿਕਲ ਕੇ ਕਾਰਪੋਰੇਟ ਸੈਕਟਰ 'ਚ ਕੰਮ ਕਰਨ ਲਈ ਸ਼ਹਿਰਾਂ 'ਚ ਆਉਣ ਲੱਗੇ ਹਨ। ਉਸ 'ਚ ਚੀਨੀ ਨੌਜਵਾਨਾਂ 'ਚ ਵਿਆਹ ਦੀ ਉਮਰ ਵਧੀ ਹੈ ਅਤੇ ਉਸ ਪਿੱਛੋਂ ਉਨ੍ਹਾਂ ਵੱਲੋਂ ਪਰਿਵਾਰ ਵਧਾਉਣ ਦੀ ਇੱਛਾ ਵੀ ਦੇਰ ਨਾਲ ਹੋ ਰਹੀ ਹੈ। ਚੀਨ 'ਚ ਇਸ ਰਿਵਾਜ ਕਾਰਨ ਆਉਣ ਵਾਲੇ ਦਿਨਾਂ 'ਚ ਚੀਨੀ ਔਰਤਾਂ 'ਚ ਜਣੇਪੇ ਦਾ ਅਨੁਪਾਤ ਹੋਰ ਵਧਣ ਦਾ ਖਦਸ਼ਾ ਤੇਜ਼ ਹੋ ਗਿਆ ਹੈ। ਮਾਹਿਰ ਇਸ ਗੱਲ ਦੀ ਵੀ ਬੇਨਤੀ ਕਰ ਰਹੇ ਹਨ ਕਿ ਕਮਿਊਨਿਸਟ ਪਾਰਟੀ ਆਪਣੇ ਅੰਕੜਿਆਂ ਨਾਲ ਅਕਸਰ ਹੇਰ-ਫੇਰ ਕਰਦੀ ਹੈ, ਜਿਸ ਨਾਲ ਲੋਕਾਂ ਤੱਕ ਸਹੀ ਜਾਣਕਾਰੀ ਨਾ ਪੁੱਜੇ। ਅਜਿਹਾ ਕਰ ਕੇ ਸੀ. ਪੀ. ਸੀ. ਆਪਣੀਆਂ ਕਮੀਆਂ ਛੁਪਾਉਂਦੀ ਹੈ। ਇਸ ਲਈ ਅਜਿਹੀਆਂ ਔਰਤਾਂ ਦੀ ਗਿਣਤੀ ਅਸਲ 'ਚ ਕਿਤੇ ਜ਼ਿਆਦਾ ਹੋ ਸਕਦੀ ਹੈ ਜਿੰਨੀ ਅੰਕੜਿਆਂ 'ਚ ਦਿਖਾਈ ਜਾ ਰਹੀ ਹੈ।







# ਪਬਲਿਕ ਰਿਲੇਸ਼ਨ ਅਫਸਰ ਕਿਵੇਂ ਬਣੀਏ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਪਬਲਿਕ ਰਿਲੇਸ਼ਨ ਅਫਸਰ ਜੋ ਆਮ ਤੌਰ ’ਤੇ ਪੀਆਰਓ ਵਜੋਂ ਜਾਣਿਆ ਜਾਂਦਾ ਹੈ, ਹਰ ਸੰਸਥਾ ਵਿੱਚ ਇੱਕ ਆਮ ਸ਼ਬਦ ਬਣ ਗਿਆ ਹੈ ਭਾਵੇਂ ਇਹ ਵਪਾਰਕ ਹੋਵੇ ਜਾਂ ਗੈਰ-ਵਪਾਰਕ, ??ਸਰਕਾਰੀ ਜਾਂ ਨਿੱਜੀ ਰਸਮੀ ਜਾਂ ਗੈਰ ਰਸਮੀ ਅਤੇ ਉਹ ਵੀ ਆਪਣੀ ਸ਼ੁਰੂਆਤ ਤੋਂ ਬਹੁਤ ਥੋੜ੍ਹੇ ਸਮੇਂ ਵਿੱਚ। ਭਾਵੇਂ ਇਹ ਖਾਸ ਕੰਮ ਆਦਿ ਕਾਲ ਤੋਂ ਭਾਵ ਰਾਜਿਆਂ-ਮਹਾਰਾਜਿਆਂ ਦੇ ਸਮੇਂ ਤੋਂ ਜਾਂ ਉਸ ਤੋਂ ਵੀ ਪਹਿਲਾਂ ਭਗਵਾਨ ਰਾਮ ਅਤੇ ਭਗਵਾਨ ਕ੍ਰਿਸ਼ਨ ਦੇ ਸਮੇਂ ਤੋਂ ਕੀਤਾ ਜਾਂਦਾ ਰਿਹਾ ਹੈ ਜਦੋਂ ਉਹ ਆਪਣੇ ਦੂਤ ਦੂਜੇ ਰਾਜਾਂ ਨੂੰ ਭੇਜਦੇ ਸਨ ਜਿਵੇਂ ਅੰਗਦ ਨੂੰ ਰਾਮ ਦੁਆਰਾ ਰਾਵਣ ਕੋਲ ਭੇਜਿਆ ਗਿਆ ਸੀ। ਸੀਤਾ ਨੂੰ ਬਿਨਾਂ ਕਿਸੇ ਲੜਾਈ ਦੇ ਛੱਡ ਕੇ ਸ਼ਾਂਤੀ ਲਿਆਉਣ ਲਈ। ਹਰ ਚੀਜ਼ ਅਤੇ ਕਿਸੇ ਵੀ ਚੀਜ਼ ਦੇ ਸਮੇਂ ਅਤੇ ਸਾਕਾਰੀਕਰਨ ਦੇ ਨਾਲ, ਅਜੋਕੇ ਸਮੇਂ ਦੇ ਡੂਟਾ ਅਤੇ ਪੀਆਰਓ ਦੀ ਭੂਮਿਕਾ ਬਹੁਤ ਹੱਦ ਤੱਕ ਬਦਲ ਗਈ ਹੈ. ਪੀਆਰਓ ਪ੍ਰਬੰਧਨ ਅਤੇ ਕਰਮਚਾਰੀਆਂ ਵਿਚਕਾਰ ਇੱਕ ਸਪਸ਼ਟ ਸੰਚਾਰ ਨੈਟਵਰਕ ਬਣਾਈ ਰੱਖ ਕੇ ਕੰਪਨੀ ਵਿੱਚ ਅੰਦਰੂਨੀ ਏਕਤਾ ਨੂੰ ਯਕੀਨੀ ਬਣਾਉਂਦੇ ਹਨ। ਇਸਦਾ ਪਹਿਲਾ ਉਦੇਸ਼ ਸੰਚਾਰ ਦੇ ਚੈਨਲਾਂ ਨੂੰ ਬਿਹਤਰ ਬਣਾਉਣਾ ਅਤੇ ਜਾਣਕਾਰੀ ਅਤੇ ਸਮਝ ਦੇ ਦੋ-ਪੱਖੀ ਪ੍ਰਵਾਹ ਨੂੰ ਸਥਾਪਤ ਕਰਨ ਦੇ ਨਵੇਂ ਤਰੀਕੇ ਸਥਾਪਤ ਕਰਨਾ ਹੈ। ਕਰੀਅਰ ਦੇ ਵਿਕਲਪ ਵਜੋਂ ਲੋਕ ਸੰਪਰਕ ਉਦੋਂ ਹੋਂਦ ਵਿੱਚ ਆਇਆ ਜਦੋਂ ਬਹੁਤ ਸਾਰੀਆਂ ਪ੍ਰਾਈਵੇਟ ਜਾਂ ਸਰਕਾਰੀ ਕੰਪਨੀਆਂ ਅਤੇ ਸੰਸਥਾਵਾਂ ਨੇ ਆਪਣੇ ਉਤਪਾਦ, ਸੇਵਾਵਾਂ ਅਤੇ ਸਹੂਲਤਾਂ ਦੀ ਮਾਰਕੀਟਿੰਗ ਕਰਨ ਦੀ ਲੋੜ ਮਹਿਸੂਸ ਕੀਤੀ। ਗਲਾ ਕੱਟਣ ਦੇ ਮੁਕਾਬਲੇ ਅਤੇ ਵੇਚਣ ਲਈ ਸਮਾਨ ਉਤਪਾਦਾਂ ਅਤੇ ਸੇਵਾਵਾਂ ਦੇ ਸਮੇਂ ਵਿੱਚ, ਇਹ ਜਨਤਕ ਚਿੱਤਰ ਹੈ ਜੋ ਸਾਰੀਆਂ ਸੰਸਥਾਵਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਲਈ ਮਹੱਤਵਪੂਰਨ ਬਣ ਗਿਆ ਹੈ। ਜਨਸੰਪਰਕ ਮਾਹਰ ਦੀ ਭੂਮਿਕਾ ਸੰਕਟ ਦੀਆਂ ਸਥਿਤੀਆਂ ਵਿੱਚ ਉਚਿਤ ਹੋ ਜਾਂਦੀ ਹੈ ਜਦੋਂ ਜਾਣਕਾਰੀ ਦਾ ਸਹੀ ਅਤੇ ਸਮੇਂ ਸਿਰ ਪ੍ਰਸਾਰਣ ਸੰਸਥਾ ਦੇ ਚਿਹਰੇ ਨੂੰ ਬਚਾਉਣ ਵਿੱਚ ਮਦਦ ਕਰ ਸਕਦਾ ਹੈ। ਕਰੀਅਰ ਦੇ ਮੌਕਿਆਂ ਦੇ ਸੰਦਰਭ ਵਿੱਚ, ਜਨਤਕ ਸਬੰਧਾਂ ਦਾ ਵਿਆਪਕ ਤੌਰ ’ਤੇ ਉਤਪਾਦ ਪ੍ਰਚਾਰ, ਕਾਰਪੋਰੇਟ ਪ੍ਰਚਾਰ, ਸਰਕਾਰ ਨਾਲ ਬਿਹਤਰ ਸਬੰਧ ਬਣਾਉਣ, ਕਾਰਪੋਰੇਟ ਪ੍ਰਕਾਸ਼ਨਾਂ ਜਿਵੇਂ ਕਿ ਨਿਊਜ਼ਲੈਟਰ, ਬੁਲੇਟਿਨ, ਕਰਮਚਾਰੀਆਂ ਲਈ ਰਸਾਲੇ ਆਦਿ ਪ੍ਰਕਾਸ਼ਿਤ ਕਰਨ ਲਈ ਅਭਿਆਸ ਕੀਤਾ ਜਾਂਦਾ ਹੈ। ਆਪਣੇ ਕਰਤੱਵਾਂ ਨੂੰ ਪੂਰੀ ਕੁਸ਼ਲਤਾ ਨਾਲ ਨਿਭਾਉਣ ਲਈ ਇੱਕ ਪੀਆਰਓ। ਨੂੰ ਲੋਕਾਂ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਮੌਜੂਦਾ ਜਾਣਕਾਰੀ ’ਤੇ ਅਪ-ਟੂ-ਡੇਟ ਹੋਣਾ ਚਾਹੀਦਾ ਹੈ। ਕਿਸੇ ਕੋਲ ਵਧੀਆ ਸੰਚਾਰ ਹੁਨਰ ਹੋਣਾ ਚਾਹੀਦਾ ਹੈ, ਬੋਲਿਆ ਅਤੇ ਲਿਖਿਆ ਦੋਵੇਂ, ਇਸ ਲਈ ਆਪਣੇ ਵਿਚਾਰਾਂ ਨੂੰ ਸਪਸ਼ਟ ਅਤੇ ਸਰਲ ਢੰਗ ਨਾਲ ਪ੍ਰਗਟ ਕਰਨਾ ਚਾਹੀਦਾ ਹੈ। ਇੱਕ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਇੱਕ ਸੰਗਠਨ ਦੇ ਅੰਦਰ ਅਤੇ ਬਾਹਰ ਦੋਨਾਂ ਲੋਕਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨਾਲ ਜੁੜਨ ਦੀ ਯੋਗਤਾ ਜ਼ਰੂਰੀ ਹੈ। ਇੱਕ ਪੀਆਰਓ ਨੂੰ ਹਮੇਸ਼ਾ ਨਿਮਰ ਹੋਣਾ ਚਾਹੀਦਾ ਹੈ ਕਿਉਂਕਿ ਉਸਨੂੰ ਦਬਾਅ ਜਾਂ ਭੜਕਾਹਟ ਵਿੱਚ ਕੰਮ ਕਰਨਾ ਪੈਂਦਾ ਹੈ। ਇੱਕ ਸੰਗਠਿਤ ਯੋਗਤਾ ਦੀ ਵੀ ਲੋੜ ਹੁੰਦੀ ਹੈ, ਕਿਉਂਕਿ ਕਿਸੇ ਨੂੰ ਕਾਨਫਰੰਸਾਂ, ਭਾਸ਼ਣਾਂ, ਪ੍ਰਦਰਸ਼ਨੀਆਂ ਅਤੇ ਜਨਤਕ ਸਮਾਗਮਾਂ ਦਾ ਆਯੋਜਨ ਕਰਨਾ ਪੈ ਸਕਦਾ ਹੈ। ਉਸ ਕੋਲ ਆਤਮ-ਵਿਸ਼ਵਾਸ ਅਤੇ ਦੂਰਅੰਦੇਸ਼ੀ ਹੋਣੀ ਚਾਹੀਦੀ ਹੈ। ਉਸਨੂੰ ਮਨੁੱਖੀ ਮਨੋਵਿਗਿਆਨ ਨੂੰ ਸਮਝਣ ਅਤੇ ਸਥਿਤੀ ਦੇ ਅਨੁਕੂਲ ਫੈਸਲੇ ਲੈਣ ਦੇ ਯੋਗ ਹੋਣਾ ਚਾਹੀਦਾ ਹੈ। ਸਖ਼ਤ ਮਿਹਨਤ ਦੀ ਇੱਛਾ ਅਤੇ ਸਮਰੱਥਾ ਵਾਲੇ ਨੌਜਵਾਨ ਇਸ ਕਿੱਤੇ ਵਿੱਚ ਬਹੁਤ ਜਲਦੀ ਪੈਸਾ ਅਤੇ ਸੰਤੁਸ਼ਟੀ ਪ੍ਰਾਪਤ ਕਰ ਸਕਦੇ ਹਨ ਅਤੇ ਉੱਚ ਅਹੁਦਿਆਂ ’ਤੇ ਪਹੁੰਚ ਸਕਦੇ ਹਨ। ਪਰ ਅਜਿਹੇ ਉੱਚ ਅਹੁਦਿਆਂ ’ਤੇ ਪਹੁੰਚਣ ਲਈ ਵਿਅਕਤੀ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਇਸ ਖੇਤਰ ਨਾਲ ਸਬੰਧਤ ਲੋੜੀਂਦੀ ਮੁਢਲੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸਦੇ ਲਈ, ਇੱਥੇ ਖਾਸ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਕੋਰਸ ਉਪਲਬਧ ਹਨ ਜਿਨ੍ਹਾਂ ਵਿੱਚੋਂ ਕਿਸੇ ਨੂੰ ਲੰਘਣਾ ਪੈਂਦਾ ਹੈ। ਪੀਆਰਓ ਬਣਨ ਲਈ ਕਿਸੇ ਨੂੰ ਹੇਠਾਂ ਦਿੱਤੇ ਇੱਕ ਜਾਂ ਵੱਧ ਕੋਰਸਾਂ ਵਿੱਚੋਂ ਲੰਘਣਾ ਪੈਂਦਾ ਹੈ। ਪਬਲਿਕ ਰਿਲੇਸ਼ਨ ਅਫਸਰ ਦੀ ਯੋਗਤਾ ਵਿੱਦਿਅਕ ਯੋਗਤਾ ਪੀਆਰਓ ਦੇ ਇਸ ਖੇਤਰ ਵਿੱਚ ਕੋਰਸ ਕਰਨ ਲਈ ਤਰਜੀਹੀ ਤੌਰ ’ਤੇ ਸਮਾਜਿਕ ਵਿਗਿਆਨ, ਉਦਾਰਵਾਦੀ ਕਲਾਵਾਂ ਅਤੇ ਮਨੁੱਖਤਾ ਦੇ ਨਾਲ ਕਿਸੇ ਵੀ ਅਨੁਸ਼ਾਸਨ ਵਿੱਚ ਬੈਚਲਰ ਡਿਗਰੀ ਦੀ ਲੋੜ ਹੁੰਦੀ ਹੈ। ਇੱਕ ਪੀਆਰਓ ਕਿਵੇਂ ਬਣਨਾ ਹੈ? ਚਾਹਵਾਨ ਉਮੀਦਵਾਰਾਂ ਨੂੰ ਪਬਲਿਕ ਰਿਲੇਸ਼ਨ ਅਫਸਰ ਬਣਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਕਦਮ 1 ਦਿਲਚਸਪੀ ਰੱਖਣ ਵਾਲੇ ਉਮੀਦਵਾਰ ਨੂੰ ਡਿਪਲੋਮਾ ਪ੍ਰਦਾਨ ਕਰਨ ਵਾਲੀਆਂ ਵੱਖ-ਵੱਖ ਸੰਸਥਾਵਾਂ ਦੁਆਰਾ ਆਯੋਜਿਤ ਇੱਕ ਦਾਖਲਾ ਪ੍ਰੀਖਿਆ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਨਾਲ ਹੀ ਪਬਲਿਕ ਰਿਲੇਸ਼ਨਜ਼ ਵਿੱਚ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਕੋਰਸ। ਜ਼ਿਆਦਾਤਰ ਕੋਰਸਾਂ ਦੀ ਮਿਆਦ ਇੱਕ ਸਾਲ ਦੀ ਹੁੰਦੀ ਹੈ। ਇਸ ਤੋਂ ਇਲਾਵਾ ਥੋੜ੍ਹੇ ਸਮੇਂ ਦੇ ਸਰਟੀਫਿਕੇਟ ਕੋਰਸ ਵੀ ਹਨ। ਹਾਲਾਂਕਿ, ਕੁਝ ਕਾਲਜ ਯੋਗਤਾ ਕਲਾਸ ਵਿੱਚ ਪ੍ਰਾਪਤ ਅੰਕਾਂ ਦੇ % ਦੇ ਅਧਾਰ ’ਤੇ ਵੀ ਦਾਖਲਾ ਦਿੰਦੇ ਹਨ। ਕਦਮ 2 ਇਸ 1-2 ਸਾਲਾਂ ਦੇ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ, ਜਿਸ ਵਿੱਚ ਕਿਸੇ ਨੂੰ ਸਾਰੇ ਪ੍ਰਮੁੱਖ ਪਹਿਲੂਆਂ ਜਿਵੇਂ ਕਿ ਜਨ ਸੰਪਰਕ ਸਿਧਾਂਤ ਅਤੇ ਤਕਨੀਕਾਂ, ਜਨ ਸੰਪਰਕ ਪ੍ਰਬੰਧਨ ਅਤੇ ਪ੍ਰਸ਼ਾਸਨ, ਜਿਸ ਵਿੱਚ ਸੰਗਠਨਾਤਮਕ ਵਿਕਾਸ, ਲਿਖਣਾ, ਨਿਊਜ਼ ਰਿਲੀਜ਼ਾਂ ’ਤੇ ਜ਼ੋਰ ਦੇਣਾ, ਪ੍ਰਸਤਾਵਾਂ, ਸਾਲਾਨਾ ਰਿਪੋਰਟਾਂ, ਸਕ੍ਰਿਪਟਾਂ, ਆਦਿ ਵਿੱਚੋਂ ਲੰਘਣਾ ਹੁੰਦਾ ਹੈ। ਭਾਸ਼ਣ, ਅਤੇ ਸੰਬੰਧਿਤ ਆਈਟਮਾਂ, ਵਿਜ਼ੂਅਲ ਸੰਚਾਰ, ਡੈਸਕਟੌਪ ਪਬਲਿਸ਼ਿੰਗ ਅਤੇ ਕੰਪਿਊਟਰ ਗ੍ਰਾਫਿਕਸ ਸਮੇਤ, ਅਤੇ ਖੋਜ, ਸਮਾਜਿਕ ਵਿਗਿਆਨ ਖੋਜ ਅਤੇ ਸਰਵੇਖਣ ਡਿਜ਼ਾਈਨ ਅਤੇ ਲਾਗੂ ਕਰਨ ’ਤੇ ਜ਼ੋਰ ਦਿੰਦੇ ਹੋਏ। ਪਬਲਿਕ ਰਿਲੇਸ਼ਨ ਅਫਸਰ ਨੌਕਰੀ ਦਾ ਵੇਰਵਾ ਪਬਲਿਕ ਰਿਲੇਸ਼ਨ ਅਫਸਰ ਦਾ ਮੁੱਖ ਕੰਮ ਉਸ ਸੰਸਥਾ ਦੀ ਚੰਗੀ ਤਸਵੀਰ ਬਣਾਉਣਾ ਹੈ ਜਿਸ ਵਿੱਚ ਉਹ ਕੰਮ ਕਰ ਰਿਹਾ ਹੈ। ਉਹ ਆਪਣੇ ਸੰਚਾਰ ਹੁਨਰ ਅਤੇ ਪ੍ਰਭਾਵਸ਼ਾਲੀ ਸ਼ਕਤੀ ਦੁਆਰਾ ਲੋਕਾਂ ਅਤੇ ਹੋਰ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਸਾਹਮਣੇ ਸੰਸਥਾ ਦੀ ਇੱਕ ਚੰਗੀ ਤਸਵੀਰ ਪੇਸ਼ ਕਰਨ ਲਈ ਜ਼ਿੰਮੇਵਾਰ ਹੈ। ਪਬਲਿਕ ਰਿਲੇਸ਼ਨ ਅਫਸਰ ਕਰੀਅਰ ਦੀਆਂ ਸੰਭਾਵਨਾਵਾਂ ਅਤੇ ਨੌਕਰੀ ਦੇ ਮੌਕੇ ਪੀਆਰਓ ਲਈ ਨਿੱਜੀ ਅਤੇ ਜਨਤਕ ਖੇਤਰ ਦੀਆਂ ਸੰਸਥਾਵਾਂ ਵਿੱਚ ਰੁਜ਼ਗਾਰ ਦੇ ਬਹੁਤ ਮੌਕੇ ਉਪਲਬਧ ਹਨ। ਇਸ ਖੇਤਰ ਵਿੱਚ ਕਰੀਅਰ ਦੇ ਮੌਕੇ ਇੱਕ ਵਿਅਕਤੀ ਦੇ ਮੁਹਾਰਤ ਦੇ ਖੇਤਰ ’ਤੇ ਨਿਰਭਰ ਕਰਨਗੇ। ਲੋਕ ਸੰਪਰਕ ਅਧਿਕਾਰੀ ਕਾਰਪੋਰੇਟ ਸੈਕਟਰ, ਜਨਤਕ ਖੇਤਰ, ਸਰਕਾਰੀ ਏਜੰਸੀਆਂ, ਸੈਰ-ਸਪਾਟਾ ਏਜੰਸੀਆਂ, ਹੋਟਲਾਂ, ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ, ਨਿੱਜੀ ਸਲਾਹਕਾਰ ਫਰਮਾਂ ਆਦਿ ਵਿੱਚ ਰੁਜ਼ਗਾਰ ਲੱਭ ਸਕਦੇ ਹਨ। ਅੱਜਕੱਲ੍ਹ ਉਹ ਸਿਆਸੀ ਹਸਤੀਆਂ, ਮਾਡਲਾਂ ਅਤੇ ਫਿਲਮੀ ਸਿਤਾਰਿਆਂ ਵਰਗੇ ਵਿਅਕਤੀਆਂ ਨਾਲ ਵੀ ਕੰਮ ਲੱਭ ਸਕਦੇ ਹਨ। ਉਹਨਾਂ ਦੀਆਂ ਤਸਵੀਰਾਂ, ਪ੍ਰੋਫਾਈਲਾਂ ਅਤੇ ਇੰਟਰਵਿਊ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਏਜੰਟਾਂ ਦੀ ਲੋੜ ਹੈ ਜੋ ਉਹਨਾਂ ਲਈ ਕੰਮ ਕਰ ਸਕਣ ਤਾਂ ਜੋ ਆਮ ਲੋਕਾਂ ਦੇ ਸਾਹਮਣੇ ਇੱਕ ਚਿੱਤਰ ਹੋਵੇ. ਪਬਲਿਕ ਰਿਲੇਸ਼ਨ ਅਫਸਰ ਦੀ ਤਨਖਾਹ ਜਿੱਥੋਂ ਤੱਕ ਸਟਾਰਟਰ ਦਾ ਸਬੰਧ ਹੈ, ਪਬਲਿਕ ਰਿਲੇਸ਼ਨ ਅਫਸਰ ਲਗਭਗ 25,000 ਤੋਂ 30,000 ਰੁਪਏ ਪ੍ਰਾਪਤ ਕਰਨ ਦੀ ਉਮੀਦ ਕਰ ਸਕਦਾ ਹੈ। ਨੌਕਰੀ ਦਾ ਤਜਰਬਾ ਹਾਸਲ ਕਰਨ ਤੋਂ ਬਾਅਦ ਕੋਈ ਵੀ ਪ੍ਰਤੀ ਮਹੀਨਾ 50,000 ਰੁਪਏ ਅਤੇ ਇਸ ਤੋਂ ਵੱਧ ਕਮਾ ਸਕਦਾ ਹੈ।

# ਕੁਦਰਤ ਦੀ ਅਨਮੋਲ ਦਾਤ ਮੀਂਹ ਨੂੰ ਕੁਦਰਤ ਦੀ ਕਰੋਪੀ ’ਚ ਬਦਲਣ ਵਾਲੀਆਂ ਕੁਦਰਤ ਵਿਰੋਧੀ ਸਰਕਾਰੀ ਤੇ ਮਾਇਆਧਾਰੀ ਸ਼ਕਤੀਆਂ ਦੀ ਪਛਾਣ ਕਰਕੇ ਦਬੱਲੇ ਬਿਨਾਂ ਹੜ੍ਹਾਂ ਦੀ ਮਾਰ ਤੋਂ ਬਚਾਅ ਨਹੀ ਹੋਣਾ

ਗੁਰਬਿੰਦਰ ਸਿੰਘ ਬਾਜਵਾ
9814522707

ਫੌਜ ਚ ਪੈਂਤੀ ਬੰਦਿਆਂ ਦੀ ਪਲਟੂਨ ਚ ਇੱਕ ਬੰਦਾ ਗਲਤੀ ਕਰੇ ਤਾਂ ਸਜ਼ਾ ਸਾਰੀ ਪਲਟੂਨ ਨੂੰ ਮਿਲਦੀ ਹੈ.. ਇਸ ਪਿੱਛੇ ਮਕਸਦ ਇਹ ਹੁੰਦਾ ਹੈ ਕਿ ਸਾਰੇ ਬੰਦੇ ਇੱਕ ਦੂਜੇ ਨੂੰ ਗਲਤੀ ਕਰਨ ਤੋਂ ਰੋਕਣ.. ਪਰ ਸਮਾਜ ‘ਚ ਇਹ ਕਨੂੰਨ ਲਾਗੂ ਨਹੀਂ ਹੈ ਜਿਸਦੀ ਸਜ਼ਾ ਸਾਰਾ ਸਮਾਜ ਭੁਗਤ ਰਿਹਾ.. ਹੁਣ ਪੰਜਾਬ, ਹਿਮਾਚਲ ਅਤੇ ਉਤਰਾਖੰਡ ਦੇ ਹੜ੍ਹਾਂ ਦੀ ਉਦਾਹਰਣ ਲੈ ਲਵੋ..

ਹਿਮਾਚਲ ਅਤੇ ਉਤਰਾਖੰਡ ਅੰਦਰ ਚੰਦ ਬੰਦਿਆਂ ਨੇ ਪਹਾੜਾਂ ਨਾਲ ਛੇੜਛਾੜ ਕਰਕੇ ਪਿੱਛਲੇ ਪੰਦਰਾਂ ਸਾਲਾਂ ’ਚ ਓਨਾ ਪੈਸਾ ਨਹੀਂ ਕਮਾਇਆ ਹੋਣਾ ਜਿਨ੍ਹਾਂ ਪੰਦਰਾਂ ਦਿਨਾਂ ਚ ਨੁਕਸਾਨ ਹੋ ਗਿਆ। ਪਰ ਉਹਨਾਂ ਦੇ ਨਾਲ ਨਾਲ ਆਮ ਲੋਕ ਵੀ ਰਗੜੇ ਗਏ..ਪੰਜ ਸਾਲ ਲੱਗਣਗੇ ਦੁਬਾਰਾ ਏਸੇ ਹਾਲਤ ਚ ਆਉਣ ਲਈ.. ਏਸੇ ਲਈ ਪਹਾੜ੍ਹਾ ਦੇ ਆਮ ਲੋਕ ਮੰਨਦੇ ਹਨ ਕੇ ਇਹ ਕੁਦਰਤ ਨਾਲ ਹੱਦੋ ਵੱਧ ਛੇੜਛਾੜ ਦਾ ਨਤੀਜਾ ਹੈ ਜਿਸ ਕਾਰਨ ਦੇਵੀ ਦੇਵਤੇ ਨਰਾਜ਼ ਹੋ ਗਏ.. ਦੇਵਭੂਮੀ ਨੇ ਮਨੁੱਖਾਂ ਉੱਤੇ ਨਕੇਲ ਕੱਸ ਦਿੱਤੀ ਹੈ..

ਦੂਜੇ ਪਾਸੇ ਪੰਜਾਬ ਵੱਲ ਵੇਖ ਲਵੋ ਹੜ੍ਹਾਂ ਨੇ ਕਿੰਨਾ ਨੁਕਸਾਨ ਕੀਤਾ ਹੈ.. ਮਹਾਤੜ੍ਹ ਕਿਸਾਨਾਂ ਨੂੰ ਦਸ ਸਾਲ ਪਿੱਛੇ ਪਾ ਦਿੱਤਾ। ਪਰ ਇਹ ਚੰਦ ਲਾਲਚੀ ਅਤੇ ਸਿਆਸਤ ਦੀ ਸ਼ਹਿ ਪ੍ਰਾਪਤ ਘੜਮ ਚੌਧਰੀਆਂ ਦੀ ਵਜਾ ਨਾਲ ਹੋਇਆ ਹੈ ਜਿਹਨਾਂ ਨੇ ਪਾਣੀ ਦੇ ਕੁਦਰਤੀ ਸ੍ਰੋਤਾਂ ਉੱਤੇ ਕਬਜ਼ਾ ਕਰਕੇ ਉਸਾਰੀਆਂ ਕੀਤੀਆਂ, ਖ਼ੇਤੀ ਕੀਤੀ ਅਤੇ ਦਰਿਆਵਾਂ ਦੀ ਜਗਾ ਚ ਲੱਕੜ ਵੇਚਣ ਲਈ ਰੁੱਖ ਲਾ ਦਿੱਤੇ.. ਫਿਰ ਦਰਿਆ ਕਿਥੇ ਜਾਣ.. ਨਾਲ਼ੇ ਦਰਿਆ ਨੂੰ ਕਿਹੜਾ ਆਪਣੀ ਜਗਾ ਦੀ ਨਿਸ਼ਾਨਦੇਹੀ ਲਈ ਪਟਵਾਰੀ ਚਾਹੀਦਾ ਹੁੰਦਾ.. ਦੋ ਕਿਲੋਮੀਟਰ ਵਿੱਚ ਵਗਣ ਵਾਲੇ ਦਰਿਆ ਨੂੰ 200 ਮੀਟਰ ਚ ਸਮੇਟਣ ਵਾਲਿਆਂ ਦੀ ਕਰਤੂਤ ਕਰਕੇ ਹੁਣ ਦਰਿਆ ਚਾਰ ਕਿਲੋਮੀਟਰ ਦੇ ਦਾਇਰੇ ਚ ਵਗ ਰਿਹਾ..

ਬੇਕਸੂਰਾਂ ਨੂੰ ਵੀ ਸਜ਼ਾ ਮਿਲ ਗਈ ਹੈ ਸ਼ਾਇਦ ਏਸੇ ਲਈ ਕਿ ਤੁਸੀਂ ਮੂਕ-ਦਰਸ਼ਕ ਅਤੇ ਤਮਾਸ਼ਬੀਨ ਕਿਉਂ ਬਣੇ ਰਹੇ ਜਦੋਂ ਤੁਹਾਡੀਆਂ ਅੱਖਾਂ ਅੱਗੇ ਦਰਿਆਵਾਂ, ਨਹਿਰਾਂ, ਸੂਇਆਂ, ਡਰੇਨਾਂ, ਨਾਲਿਆਂ, ਖਾਲਾਂ, ਢਾਬਾਂ, ਛੱਪੜਾਂ ਅਤੇ ਸ਼ਾਮਲਾਤਾ ਉੱਤੇ ਕਬਜ਼ੇ ਹੋ ਰਹੇ ਸੀ..

ਸਤਲੁਜ, ਬਿਆਸ, ਰਾਵੀ, ਘੱਗਰ ਦੇ ਕੰਢਿਆਂ ਦੀ ਜ਼ਮੀਨ ਕਬਜ਼ਾਉਣ ਵਾਲਿਆਂ ਦੀ ਬੇਸ਼ਰਮੀ ਦਾ ਆਲਮ ਦੇਖੋ ਕਿ ਉਹ ਹੁੱਬ ਹੁੱਬ ਕੇ ਦੱਸਦੇ ਹਨ ਕਿ ਏਨੀ ਜ਼ਮੀਨ ਕਾਗਜ਼ਾਂ ਚ ਹੈ ਤੇ ਏਨਾ ਕਬਜ਼ਾ ਹੈ.. ਖ਼ਰੀਦਣ ਵੇਚਣ ਵਾਲੇ ਵੀ ਇਸ ਕਵਾਇਦ ਨੂੰ ਰੋਕਣ ਦੀ ਬਜਾਏ ਦਾਅ ਲਾਉਣ ਦੀ ਤਾਕ ‘ਚ ਰਹਿੰਦੇ ਹਨ..

ਭਾਰਤ ਬਾਰੇ ਕਹਾਵਤ ਹੈ ਕੇ ਇਥੇ ਓਹੀ ਭਲਾਮਾਨਸ ਹੈ ਜਿਸਦਾ ਦਾਅ ਨੀਂ ਲੱਗਦਾ,, ਇਮਾਨਦਾਰ ਓਹੀ ਹੈ ਜਿਸਨੂੰ ਬੇਈਮਾਨੀ ਦਾ ਮੌਕਾ ਨਹੀਂ ਮਿਲਦਾ..

ਸਾਡੇ ਵਡੇਰੇ ਕਹਿੰਦੇ ਸੀ ‘ਮੈਂ ਮਰਾਂ ਪੰਥ ਜੀਵੇ’ ਪਰ ਹੁਣ ਕਹਿੰਦੇ ‘ਮੈਂ ਜੀਵਾਂ ਬਾਕੀ ਜਾਣ ਢੱਠੇ ਖੂਹ ’ਚ’

ਇਸ ਸਵਾਰਥ ਅਤੇ ਪਦਾਰਥਵਾਦੀ ਸੋਚ ਨੇ ਸਾਡੇ ਸਮਾਜ ਅਤੇ ਕੁਨਬੇ ਦਾ ਕਿੰਨਾ ਨੁਕਸਾਨ ਕਰ ਦਿੱਤਾ ਹੈ? ਕੋਈ ਸੋਚਦਾ ਹੀ ਨਹੀਂ.. ਜਿਸ ਮਿੱਟੀ ਚੋਂ ਸ਼ਾਨਦਾਰ ਜਵਾਨ ਤੇ ਕਿਸਾਨ ਨਿਕਲਦੇ ਸੀ ਉਸ ਮਿੱਟੀ ਦੇ ਬੱਚੇ ਸਾਰੀ ਦੁਨੀਆ ਚ ਰੁਲਦੇ ਫਿਰਦੇ ਹਨ .. ਸਾਡੀ ਔਕਾਤ ਡਰਾਈਵਰ ਅਤੇ ਸਕਿਉਰਿਟੀ ਗਾਰਡ ਬਣਨ ਦੀ ਹੀ ਰਹਿ ਗਈ ਹੈ..

ਪਹਿਲਾਂ ਬਦਮਾਸ਼, ਕੰਜਰ ਅਤੇ ਚਵਲ ਬੰਦੇ ਨੂੰ ਗਰੀਬ ਤੋਂ ਗਰੀਬ ਬੰਦਾ ਵੀ ਧੀਅ ਨਹੀਂ ਸੀ ਦਿੰਦਾ ਤੇ ਹੁਣ ਸਾਡੀਆਂ ਧੀਆਂ ਦਾ ਕੀ ਹਾਲ ਹੋਇਆ ਪਿਆ ਸਭ ਦੇ ਸਾਹਮਣੇ ਹੈ..

ਇਹ ਸਭ ਪਾਣੀ ਅਤੇ ਮਿੱਟੀ ਦਾ ਸਰਾਪ ਹੈ ਅਤੇ ਕੁਦਰਤੀ ਸ੍ਰੋਤਾਂ ਨਾਲ ਛੇੜਛਾੜ੍ਹ ਕਰਨ ਵਾਲਿਆਂ ਨੂੰ ਰੋਕਣ, ਟੋਕਣ ਅਤੇ ਜੁੱਤੀ ਨਾ ਫੇਰਨ ਦਾ ਪ੍ਰਕੋਪ ਹੈ..

ਅਸੀਂ ਮੁਸੀਬਤ ਵੇਲੇ ਸਰਕਾਰਾਂ ਤੇ ਸਿਸਟਮ ਨੂੰ ਕੋਸ ਕੇ ਚੁੱਪ ਕਰ ਜਾਂਦੇ ਹਾਂ ਪਰ ਜੋ ਖ਼ਲਨਾਇਕ ਸਾਡੇ ਆਲੇ ਦੁਆਲੇ ਮੌਜੂਦ ਹਨ ਉਹਨਾਂ ਬਾਰੇ ਅਸੀਂ ਬੇਖ਼ਬਰ ਤੇ ਅੱਖਾਂ ਮੀਚੀਆਂ ਹੋਈਆਂ ਹਨ..ਨਿਊ ਵਰਲਡ ਆਰਡਰ ਤੇ ਸ਼ੈਤਾਨੀ ਸ਼ਕਤੀਆਂ ਦੀਆਂ ਬਾਤਾਂ ਪਾਉਣ ਲੱਗ ਜਾਂਦੇ ਹਾਂ ਪਰ ਜੋ ਸਾਡਾ ਆਪਣਾ ਆਰਡਰ ਵਿਗੜਿਆ ਹੋਇਆ ਤੇ ਜੋ ਸ਼ੈਤਾਨ ਸਾਡੇ ਚ ਹੀ ਮੌਜੂਦ ਹਨ ਉਹਨਾਂ ਦਾ ਕੀ ਹੋਵੇ?

ਸਭ ਨੂੰ ਪਤਾ ਹੈ ਕਿ ਕਬਜ਼ਾਧਾਰੀ ਕੌਣ ਹਨ ਪਰ ਸਭ ਆਪਣਾ ਮੌਕਾ ਹੀ ਲੱਭਦੇ ਹਨ,, ਫਿਰ ਕੁਦਰਤ ਆਪਣਾ ਮੌਕਾ ਲੱਭਦੀ ਹੈ ਤਾਂ ਸਾਡੀਆਂ ਚੀਕਾਂ ਵੱਜਦੀਆਂ ਹਨ..

ਮੁੱਕਦੀ ਗੱਲ ਇਹ ਹੈ ਕਿ ਕੁਦਰਤ ਨੇ ਸਾਡੇ ਸਾਹਮਣੇ ਨਿਚੋੜ ਕੱਢ ਕੇ ਰੱਖ ਦਿੱਤਾ ਹੈ ਕਿ ਕੀ ਹੋਇਆ ਤੇ ਕਿਉਂ ਹੋਇਆ.. ਕੋਈ ਦੁਵਿਧਾ ਜਾਂ ਬਹਾਨਾ ਨਹੀਂ ਹੈ..

ਸਰਕਾਰ ਆਪਣਾ ਕੰਮ ਕਰ ਸਕਦੀ ਹੈ ਅਤੇ ਲੋਕਾਂ ਨੂੰ ਆਪਣਾ ਫਰਜ ਨਿਭਾਉਣਾ ਚਾਹੀਦਾ ਹੈ ਕਬਜ਼ਾਧਾਰੀਆਂ ਦੀ ਕੋਈ ਸੁਣਵਾਈ ਨਾ ਹੋਵੇ.. ਬੇਕਸੂਰ ਲੋਕਾਂ ਦੇ ਹੋਏ ਨੁਕਸਾਨ ਵੀ ਇਹਨਾਂ ਕੋਲੋਂ ਵਸੂਲਣੇ ਚਾਹੀਦੇ ਹਨ..

ਦਰਿਆ, ਨਹਿਰਾਂ, ਸੂਏ, ਖਾਲ, ਡਰੇਨਾ, ਢਾਬਾਂ, ਛੱਪੜ੍ਹ ਸਾਫ ਹੋਵਣ.. ਇਹਨਾਂ ਦੀ ਪੁਨਰ ਸੁਰਜੀਤੀ ਤੋਂ ਬਗੈਰ ਪੰਜਾਬ ਦੀ ਪੁਨਰ ਸੁਰਜੀਤੀ ਅਸੰਭਵ ਹੈ.. ਲੋਕੋ ਪੰਚਾਇਤੀ ਚੋਣਾਂ ਦੇ ਰਾਮ ਰੌਲੇ ਚ ਭੁੱਲ ਨਾ ਜਾਇਓ.. ਪੰਚ ਸਰਪੰਚ ਕਿਸੇ ਪਾਰਟੀ ਦੇ ਨਹੀਂ ਸਗੋਂ ਪਿੰਡ ਪ੍ਰਸਤ ਬੰਦੇ ਹੋਣੇ ਚਾਹੀਦੇ ਹਨ ਜਿਹੜ੍ਹੇ ਗ੍ਰਾਮ ਸਭਾ ਮਜ਼ਬੂਤ ਕਰਨ ਅਤੇ ਉਸਦੀ ਤਾਕਤ ਰਾਹੀਂ ਆਉਣ ਵਾਲੀਆਂ ਮੁਸੀਬਤਾਂ ਨੂੰ ਟਾਲਣ..

** ਸਮਝਦਾਰ ਤੇ ਸਿਆਣੇ ਲੋਕ ਮੁਸੀਬਤ ਚੋਂ ਵਸੇਬਾ ਲਭਦੇ ਹਨ ਅਤੇ ਮੂਰਖ ਤਬਾਹੀ.. ਤੇ ਲੁਟੇਰੇ ਬੇਸ਼ਰਮੀ ਨਾਲ ਰਿਲੀਫ ਦੀ ਫਸਲ ਵੱਢਦੇ ਹਨ**

**ਇਕੱਠੇ ਹੋਵੋ.. ਵਿਚਾਰ ਕਰੋ..ਫ਼ੈਸਲਾ ਤੁਹਾਡੇ ਹੱਥ ਹੈ..**

# ਭਾਈਚਾਰਾ ਸੇਵਾ 'ਤੇ ਉਮੀਦ ਜ਼ਰੂਰੀ ਹੈ- ਲੋੜਮੰਦਾਂ ਲਈ

*''ਵਿਸ਼ਵ ਮਾਨਵਤਾਵਾਦੀ ਦਿਵਸ 2023 ਦਾ ਥੀਮ ਹੈ- ਭਾਈਚਾਰੇ ਲਈ ਸੇਵਾ ਅਤੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣ ਲਈ ਇੱਕ ਉਮੀਦ ਨੂੰ ਬਰਕਰਾਰ ਰੱਖਣਾ ਹੈ। ਕਿੱਥੇ ਅਤੇ ਕਿਵੇਂ, ਕੋਈ ਫਰਕ ਨਹੀਂ ਪੈਂਦਾ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਸਾਲ 2023 ਵਿਸ਼ਵ ਮਾਨਵਤਾਵਾਦੀ ਦਿਵਸ ਮੁਹਿਮ, ਇਰਾਕ 'ਚ ਸੰਯੁਕਤ ਰਾਸ਼ਟਰ ਦੇ ਹੈਡਕੁਆਟਰ 'ਤੇ ਹਮਲੇ ਦੀ 20ਵੀਂ ਵਰ੍ਹੇਗੰਢ ਮਨਾਉਣ ਲਈ ਅਤੇ ਉਹਨਾਂ ਭਾਈਚਾਰਿਆਂ ਲਈ ਪ੍ਰਦਾਨ ਕਰਨ ਲਈ ਸਾਡੀ ਅੱਟਲ ਵਚਨਬੱਧਤਾ ਨੂੰ ਦਰਸਾਉਂਦੀ ਹੈ ਜੋ ਵਿਸ਼ਵ ਭਾਈਚਾਰੇ ਨੂੰ ਇਕੱਠਾ ਕਰ ਰਹੀ ਹੈ। ਅਸੀਂ ਜੋ ਵੀ ਸੇਵਾ ਕਰਦੇ ਹਾਂ, ਕਿੱਥੇ ਅਤੇ ਕਿਵੇਂ, ਕੋਈ ਫਰਕ ਨਹੀਂ ਪੈਂਦਾ। ਮਾਨਵਤਾਵਾਦੀ ਕੋਲ ਜਾਨਾਂ ਬਚਾਉਣ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਪ੍ਰਦਾਨ ਕਰਨਾ ਹੀ ਉਦੇਸ਼ ਹੈ। 19 ਅਗਸਤ 2003 ਨੂੰ, ਇਰਾਕ ਦੇ ਬਗਦਾਦ 'ਚ ਕੈਨਾਲ ਹੋਟਲ ਉੱਤੇ ਇੱਕ ਬੰਬ ਹਮਲੇ 'ਚ ਇਰਾਕ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਦੇ ਵਿਸ਼ੇਸ਼ ਪ੍ਰਤੀਨਿਧੀ ਸਰਜੀਓ ਵੀਏਰਾ ਡੀ ਮੇਲੋ ਸਮੇਤ 22 ਮਾਨਵਤਾਵਾਦੀ ਸਹਾਇਤਾ ਕਰਮਚਾਰੀ ਮਾਰੇ ਗਏ। ਪੰਜ ਸਾਲ ਬਾਅਦ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 19 ਅਗਸਤ ਨੂੰ ਵਿਸ਼ਵ ਮਾਨਵਤਾਵਾਦੀ ਦਿਵਸ ਵੱਜੋਂ ਮਨੋਨੀਤ ਕਰਨ ਦਾ ਮਤਾ ਅਪਣਾਇਆ। ਹਰ ਸਾਲ ਇਸ ਦਿਨ ਇੱਕ ਥੀਮ ਰੱਖਿਆ ਜਾਂਦਾ ਹੈ, ਜੋ ਕਿ ਸੰਕਟਾਂ ਤੋਂ ਪ੍ਰਭਾਵਿਤ ਲੋਕਾਂ ਦੇ ਬਚਾਅ, ਤੰਦਰੁਸਤੀ ਅਤੇ ਸਨਮਾਨ ਲਈ, ਸਹਾਇਤਾ ਕਰਮਚਾਰੀਆਂ ਦੀ ਸੁਰੱਖਿਆ ਲਈ ਵਕਾਲਤ ਕਰਨ ਲਈ ਮਾਨਵਤਾਵਾਦੀ ਪ੍ਰਣਾਲੀ ਦੇ ਪਾਰਟਨਰਾਂ ਨੂੰ ਇੱਕਠਾ ਕਰਦਾ ਹੈ। ਮਾਨਵਤਾਵਾਦੀ ਕੰਮ ਦੀ ਮਹੱਤਤਾ, ਪ੍ਰਭਾਵ, ਸਕਾਰਾਤਮਕ ਪ੍ਰਭਾਵ ਲਈ ਯਤਨ ਕੀਤੇ ਜਾਂਦੇ ਹਨ।

2021 ਵਿੱਚ, 460 ਸਹਾਇਤਾ ਕਰਮਚਾਰੀਆਂ 'ਤੇ


ਅਨਿਲ ਧੀਰ
ਕਾਲਮਨਿਸਟ
healthmedia1@hotmail.com


ਹਮਲੇ ਦੌਰਾਣ 140 ਮਾਰੇ ਗਏ, 203 ਜ਼ਖਮੀ ਹੋਏ ਅਤੇ 117 ਅਗਵਾ ਕੀਤੇ ਗਏ। ਜਾਨ ਗੁਆਨ ਵਾਲੇ ਸਹਾਇਤਾ ਕਰਮਚਾਰੀਆਂ ਵਿੱਚੋਂ, 98% ਰਾਸ਼ਟਰੀ ਸਟਾਫ ਅਤੇ 2% ਅੰਤਰਰਾਸ਼ਟਰੀ ਸਟਾਫ ਦੇ 'ਤੇ 53% ਰਾਸ਼ਟਰੀ ਗੈਰ ਸਰਕਾਰੀ ਸੰਗਠਨਾਂ ਦੇ ਸਟਾਫ ਸਨ। ਸੱਭ ਤੋਂ ਵੱਧ ਹਿੰਸਾ ਦੱਖਣੀ ਸੂਡਾਨ, ਅਫਗਾਨਿਸਤਾਨ ਅਤੇ ਸੀਰੀਆ ਹੋਈ। ਯੁਕਰੇਨ 'ਚ ਜੰਗ ਦੇ ਕਾਰਨ 2022 ਵਿੱਚ ਰਾਕੇਟ ਹਮਲੇ, ਗੋਲਾਬਾਰੀ ਕਾਰਨ ਜਾਨਾਂ ਗਈਆਂ ਅਤੇ ਸਹਾਇਤਾ ਪ੍ਰਦਤਾਵਾਂ ਨੂੰ ਬਰਾਬਰ ਖਤਰੇ 'ਚ ਪਾਇਆ। ਮਾਨਵਤਾਵਾਦੀ ਲੋੜਾਂ ਦੀ ਜਾਣਕਾਰੀ ਮੁਤਾਬਿਕ 20.7 ਮਿਲੀਅਨ ਲੋਕਾਂ ਨੂੰ ਲੋੜ ਦੇਖੀ ਗਈ ਹੈ, ਜਿਨਾਂ ਵਿੱਚੋਂ 12.1 ਮਿਲੀਅਨ ਲੋਕਾਂ ਨੂੰ ਗੰਭੀਰ ਲੋੜ ਵਿਸ਼ਵ ਦਾ ਸੱਬ ਤੋਂ ਵੱਡਾ ਮਾਨਵਤਾਵਾਦੀ ਸੰਕਟ ਬਣਿਆ।

ਵਿਸ਼ਵ ਭਰ 'ਚ 19 ਅਗਸਤ ਨੂੰ ਅਸੀਂ ਮਨੁੱਖਤਾਵਾਦੀਆਂ ਦਾ ਸਨਮਾਨ ਕਰਨ ਲਈ ਇੱਕਠੇ ਹਾਂ ਜੋ ਲਗਾਤਾਰ ਵੱਧ ਰਹੀਆਂ ਵਿਸ਼ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਖਤਰੇ ਜਾਂ ਮੁਸ਼ਕਲਾਂ ਦਾ ਕੋਈ ਫਰਕ ਨਹੀਂ ਪੈਂਦਾ। ਮਨੁੱਖਤਾਵਾਦੀ ਤਬਾਹੀ ਤੋਂ ਪ੍ਰਭਾਵਿਤ ਖੇਤਰਾਂ 'ਚ ਡੂੰਘੇ ਉੱਦਮ ਕਰਦੇ ਹਨ ਅਤੇ ਸੰਘਰਸ਼ ਦੀਆਂ ਮੂਹਰਲੀਆਂ ਲਾਈਨਾਂ 'ਤੇ ਲੋੜਵੰਦ ਲੋਕਾਂ ਨੂੰ ਅਤੇ ਬਚਾਉਣ ਦੀ ਕਰਦੇ ਹਨ। ਮਨੁੱਖਤਾਵਾਦੀ ਜੀਵਨ ਬਚਾਉਣ ਅਤੇ ਸੁਰੱਖਿਅਤ ਕਰਨ ਲਈ ਸਾਂਝੇ ਮਿਸ਼ਨ ਇੱਕਜੁਟ ਹੁੰਦੇ ਹਨ। ਅਕਸਰ ਉਹ ਮਾਨਵਤਾਵਾਦੀ ਸਿਧਾਂਤਾਂ ਨਾਲ ਸਮਝੋਤਾ ਨਹੀਂ ਕਰਦੇ ਅਤੇ ਲੋਕਾਂ ਲਈ ਚੰਗੇ ਫੈਸਲੇ ਲੈਣ ਦੀ ਕੋਸ਼ਿਸ਼ ਕਰਦੇ ਹਨ, ਜਿਨਾਂ ਦੀ ਉਹ ਸੇਵਾ ਕਰਦੇ ਹਨ। ਹਾਲਾਂਕਿ ਮਾਨਵਤਾਵਾਦੀ ਕੰਮ ਮੁਸ਼ਲ 'ਤੇ ਖਤਰਨਾਕ ਹੈ, ਪਰ ਚੁਣੌਤੀਆਂ 'ਤੇ ਕਾਬੂ ਪਾਉਣ ਅਤੇ ਲੋੜਵੰਦ ਲੋਕਾਂ ਦੇ ਜੀਵਨ ਨੂੰ ਬਚਾਉਣ ਵਾਲੀ ਮਦਦ ਕਰਨ ਲਈ ਆਪਣੀ ਵਚਨਬੱਧਤਾ ਨਹੀਂ ਛਡਦੇ। ਸਾਡੇ ਮੂਲ ਸਿਧਾਂਤ






ਮਨੁੱਖਤਾ, ਨਿਰਪੱਖਤਾ ਅਤੇ ਆਜਾਦੀ ਨੂੰ ਅੱਗੇ ਰੱਖਿਆ ਗਿਆ ਹੈ। ਅੱਜ ਵਿਸ਼ਵ ਭਰ ਦੇ ਲੋਕਾਂ ਨੂੰ ਲੋੜਮੰਦਾਂ ਦੀ ਸੇਵਾ ਲਈ ਇੱਕਜੁੱਟ ਹੋ ਕੇ ਇਸ ਮੁਹਿਮ ਹੋਰ ਤੇਜ਼ ਕਰਨ ਦੀ ਲੋੜ ਹੈ।

- ਅੱਜ ਸੰਕਟਕਾਲ ਦੌਰਾਨ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਵਿਸ਼ ਭਰ 'ਚ ਸੰਯੁਕਤ ਰਾਸ਼ਟਰ ਏਜੰਸੀਆਂ, ਅੰਤਰਰਾਸ਼ਟਰੀ ਰੈੱਡ ਕਰਾਸ, ਗੈਰ-ਸਰਕਾਰੀ ਸੰਸਥਾਵਾਂ, ਮਾਨਵਤਾਵਾਦੀ ਗੱਠਜੋੜ 'ਤੇ ਮਿਲਟਰੀ ਸੰਥਾਵਾਂ ਏਜੰਸੀਆਂ ਇੱਕ ਨੈਟਵਰਕ ਦੁਆਰਾ ਮਦਦ ਕਰਦੇ ਹਨ।
- ਮਾਨਵਤਾਵਾਦੀ ਤੋਂ ਭਾਵ ਉਹ ਆਦਮੀ ਜੋ ਮਨੁੱਖੀ ਭਲਾਈ ਨੂੰ ਉਤਸ਼ਾਹਿਤ ਕਰਦੇ ਹੋਏ ਦੂਜਿਆਂ ਲਈ ਚਿੰਤਾ ਪ੍ਰਗਟ ਕਰੇ। ਮਾਨਵਤਾਵਾਦੀ ਇੱਕ ਵਲੰਟੀਅਰ, ਤਨਖਾਹ ਵਾਲਾ ਜੋ ਵਿਸ਼ਵਵਿਆਪੀ ਮੁੱਦਿਆਂ, ਚੁਣੌਤੀਆਂ, ਦੌਰਾਣ ਭੋਜਨ, ਪਾਣੀ ਦੀ ਕਮੀ, ਕੁਪੋਸ਼ਨ, ਵਾਤਾਵਰਣਕ ਆਫਤਾਂ, ਬੰਬ ਹਮਲੇ, ਰਾਜਨੀਤਿਕ ਅਸ਼ਾਂਤੀ ਅਤੇ ਸਿਹਤ ਸੰਭਾਲ ਸੰਕਟਕਾਲ ਦੌਰਾਣ ਇੱਕਠੇ ਹੋ ਕੇ ਮਦਦ ਕੀਤੀ ਜਾਂਦੀ ਹੈ।
- ਨੌਜਵਾਨ ਪੀੜ੍ਹੀ ਨੂੰ ਸੰਕਟਕਾਲ ਦੌਰਾਨ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਦੀ ਨਿਗਰਾਨੀ, ਹਰ ਪੱਧਰ 'ਤੇ ਪ੍ਰਭਾਵਿਤ ਲੋਕਾਂ ਦੀ ਲੋੜ ਮੁਤਾਬਿਕ ਇੱਕਜੁਟ ਹੋ ਕੇ ਮਦਦ ਕਰਨ ਦੀ ਲੋੜ ਹੈ।
- ਸੰਕਟਕਾਲ ਦੌਰਾਣ ਪੀੜਿਤਾਂ ਦੀ ਮਦਦ ਮੱਨੁਖਤਾ, ਨਿਰਪੱਖਤਾ, ਅਤੇ ਸੁਤੰਤਰਤਾ ਨੂੰ ਅੱਗੇ ਰੱਖ ਕੇ ਕਰਨ ਦੀ ਲੋੜ ਹੈ। ਸੱਭ ਤੋਂ ਕਮਜ਼ੋਰ ਲੋਕਾਂ ਲਈ ਹਮੇਸ਼ਾ ਜ਼ਿਆਦਾ ਧਿਆਣ ਦੇਣਾ ਜ਼ਰੂਰੀ ਹੋ ਜਾਂਦਾ ਹੈ।

# ਤੰਦਰੁਸਤੀ ਵਿਚ ਵਿਟਾਮਿਨ 'ਬੀ' ਦੀ ਭੂਮਿਕਾ



ਵਿਟਾਮਿਨ ਬੀ ਕੰਪਲੈਕਸ ਪਾਣੀ ਵਿਚ ਘੁਲਣਸ਼ੀਲ ਅੱਠ ਤਰ੍ਹਾਂ ਦੇ ਬੀ ਵਿਟਾਮਿਨਾਂ ਦਾ ਸਮੂਹ ਹੈ ਜੋ ਸਰੀਰਕ ਕਿਰਿਆਵਾਂ ਅਤੇ ਸਰੀਰਕ ਨਿਰਮਾਣ ਤੋਂ ਇਲਾਵਾ ਅਨੇਕਾਂ ਤਰ੍ਹਾਂ ਦੀਆਂ ਜੈਵਿਕ ਕਿਰਿਆਵਾਂ ਕਰਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵਿਟਾਮਿਨ ਬੀ-1 (ਥਾਈਮਿਨ) ਦੀ ਘਾਟ ਜ਼ਿਆਦਾ ਸ਼ਰਾਬ ਪੀਣ ਅਤੇ ਵਧੇਰੇ ਪਿਸ਼ਾਬ ਲਿਆਉਣ ਲਈ ਵਰਤੀ ਜਾਂਦੀ ਦਵਾਈ ਡਾਈਯੂਰੈਟਿਕਸ ਲੈਣ ਕਾਰਨ ਹੋ ਸਕਦੀ ਹੈ। ਇਸਦੀ ਲੋੜ ਸਰੀਰਕ ਵਾਧੇ, ਸੈੱਲਾਂ ਦੇ ਕੰਮਕਾਜ ਅਤੇ ਭੋਜਨ ਤੋਂ ਊਰਜਾ ਪ੍ਰਾਪਤ ਕਰਨ ਲਈ ਹੁੰਦੀ ਹੈ। ਇਸ ਦੀ ਕਮੀ ਦੇ ਲੱਛਣ ਹਨ ਭੁੱਖ ਘਟਣਾ, ਥਕਾਵਟ, ਚਿੜਚਿੜਾਪਣ, ਬੇਰੀ-ਬੇਰੀ ਰੋਗ ਲੱਗਣਾ (ਜਿਸ ਵਿਚ ਲੱਤਾਂ ਵਿਚ ਸੋਜਾ ਪੈਣਾ, ਸਰੀਰਕ ਕੰਮ ਕਰਦਿਆਂ ਸਾਹ ਚੜ੍ਹਨਾ, ਅਧਰੰਗ, ਬੋਲਣ ਵਿਚ ਤਕਲੀਫ਼, ਹੱਥਾਂ-ਪੈਰਾਂ ਵਿਚ ਸੂਈਆਂ ਚੁੱਭਣਾ ਅਤੇ ਦਿਮਾਗੀ ਉਲਝਣ ਜਾਂ ਬਦਹਵਾਸੀ ਆਦਿ), ਉਲਟੀ ਆਉਣਾ ਅਤੇ ਧੁੰਦਲਾ ਨਜ਼ਰ ਆਉਣਾ ਆਦਿ। ਇਹ ਵਿਟਾਮਿਨ ਸਾਬਤ ਅਨਾਜ, ਫਲੀਆਂ, ਤਾਜ਼ੀਆਂ ਸਬਜ਼ੀਆਂ, ਹਰੇ ਮਟਰਾਂ, ਸੂਰਜਮੁਖੀ ਦੇ ਬੀਜਾਂ, ਬਰਾਊਨ ਰਾਈਸ (ਭੂਰੇ ਚੌਲਾਂ), ਮੱਛੀ, ਬਦਾਮ, ਅਖਰੋਟ ਅਤੇ ਨਾਰੀਅਲ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-2 (ਰਾਈਬੋਫਲੇਵਿਨ) ਦੀ ਘਾਟ ਨਾਲ ਬੁੱਲ੍ਹ ਸੁੱਕਣਾ, ਖ਼ੂਨ ਦੀ ਕਮੀ, ਜ਼ੁਬਾਨ ਦਾ ਸੁੱਜਣਾ, ਅੱਖਾਂ ਵਿਚ ਲਾਲੀ ਆਉਣਾ ਅਤੇ ਖਾਰਿਸ਼ ਹੋਣਾ ਅਤੇ ਚਮੜੀ ਤੇ ਧੱਫੜ ਪੈਣਾ ਆਦਿ ਲੱਛਣ ਪੈਦਾ ਹੋ ਸਕਦੇ ਹਨ। ਇਹ ਵਿਟਾਮਿਨ ਸਾਨੂੰ ਅੰਡਿਆਂ, ਦੁੱਧ, ਪਨੀਰ, ਚਿਕਨ, ਬਦਾਮ ਅਤੇ ਪਾਲਕ ਤੋਂ ਪ੍ਰਾਪਤ ਹੁੰਦਾ ਹੈ। ਵਿਟਾਮਿਨ ਬੀ-3(ਨਿਆਸਿਨ) ਊਰਜਾ ਪੈਦਾ ਕਰਦਾ ਅਤੇ ਸਰੀਰਕ ਸੈੱਲਾਂ ਦੀ ਮੁਰੰਮਤ ਕਰਦਾ ਹੈ। ਇਸ ਦੀ ਕਮੀ ਨਾਲ ਸਿਰ ਪੀੜ, ਸਰੀਰਕ ਥਕਾਵਟ, ਯਾਦਦਾਸ਼ਤ ਘਟਣਾ ਅਤੇ ਉਦਾਸੀ ਹੋ ਸਕਦੀ ਹੈ। ਇਹ ਵਿਟਾਮਿਨ ਫਲੀਆਂ, ਮੱਛੀ, ਕੇਲੇ, ਮੀਟ, ਅੰਡੇ, ਬਦਾਮ ਅਤੇ ਅਖਰੋਟ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-5 (ਪੈਂਟੋਥੇਨਿਕ ਏਸਿਡ) ਦਾ ਕੰਮ ਹੈ ਸਰੀਰਕ ਢਾਹ-ਉਸਾਰੂ ਕਿਰਿਆਵਾਂ ਕਰਨਾ, ਚਰਬੀ ਕਣਾਂ ਦਾ ਨਿਰਮਾਣ ਕਰਨਾ ਅਤੇ ਕੋਲੈਸਟ ?ਰਾਲ ਨੂੰ ਘੱਟ ਕਰਨਾ। ਇਸ ਦੀ ਘਾਟ ਦੇ ਲੱਛਣ ਹਨ ਪੱਠਿਆਂ ਵਿਚ ਅਕੜਣ, ਹੱਥਾਂ-ਪੈਰ੍ਹਾਂ ਦਾ ਸੁੰਨ ਹੋਣਾ, ਚਿੜਚਿੜਾਪਨ, ਥਕਾਵਟ, ਉਲਟੀ ਆਉਣਾ ਅਤੇ ਸਿਰਦਰਦ ਆਦਿ। ਇਹ ਸਾਨੂੰ ਚਿਕਨ, ਖੁੰਬਾਂ, ਬਦਾਮ, ਅਖਰੋਟ, ਦੁੱਧ, ਅੰਡਿਆਂ ਅਤੇ ਬਰੋਕਲੀ ਤੋਂ ਮਿਲ ਸਕਦਾ ਹੈ।

ਵਿਟਾਮਿਨ ਬੀ-6 (ਪਾਇਰੀਡਾਕਸਿਨ) ਦਿਮਾਗੀ ਤੰਦਰੁਸਤੀ, ਰੋਗ ਰੋਕੂ ਸਮਰੱਥ ਦੇ ਕੰਮਾਂ, ਚਰਬੀ ਅਤੇ ਪ੍ਰੋਟੀਨ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਵਿਚ ਸਹਾਇਕ ਹੁੰਦਾ ਹੈ। ਇਸ ਦੀ ਕਮੀ ਨਾਲ ਉਦਾਸੀ, ਰੋਗ ਰਹਿਤਤਾ ਵਿਚ ਕਮੀ, ਖ਼ੂਨ ਦੀ ਕਮੀ ਅਤੇ ਚਮੜੀ ਦੀਆਂ ਸਮੱਸਿਆਵਾਂ ਜਿਹੇ ਲੱਛਣ ਪੈਦਾ ਹੋ ਸਕਦੇ ਹਨ। ਇਹ ਸਾਨੂੰ ਕੇਲੇ, ਪਪੀਤਾ, ਸੰਤਰਾ, ਸਾਗ, ਪਾਲਕ, ਅੰਡੇ, ਮੀਟ ਅਤੇ ਤਾਜ਼ੇ ਫ਼ਲ ਸਬਜ਼ੀਆਂ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-7 (ਬਾਇਓਟਿਨ) ਭੋਜਨ ਦੇ ਅੰਸ਼ਾਂ ਨੂੰ ਤੋੜ ਕੇ ਊਰਜਾ ਪ੍ਰਦਾਨ ਕਰਵਾਉਣ ਅਤੇ ਸਰੀਰਕ ਅੰਗਾਂ ਦੇ ਵੱਖ-ਵੱਖ ਸਨੇਹਿਆਂ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੁੰਦਾ ਹੈ। ਇਸ ਦੀ ਘਾਟ ਨਾਲ ਵਾਲ ਪਤਲੇ ਹੋ ਜਾਂਦੇ ਹਨ, ਅੱਖਾਂ, ਨੱਕ ਅਤੇ ਮੂੰਹ ਦੀ ਚਮੜੀ ਦੁਆਲੇ ਧੱਫੜ ਪੈ ਸਕਦੇ ਹਨ, ਨਹੁੰਆਂ ਦਾ ਲਚਕੀਲਾਪਣ ਖਤਮ ਹੋਣਾ ਜਿਹੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਵਿਟਾਮਿਨ ਬੀ-7 ਸਾਨੂੰ ਖੁੰਬਾਂ, ਗੋਭੀ, ਪਾਲਕ, ਬਦਾਮ, ਬਰੋਕਲੀ, ਮੂੰਗਫਲੀ, ਟਮਾਟਰ, ਕੇਲੇ, ਅੰਡੇ ਅਤੇ ਸ਼ਕਰਕੰਦੀ ਤੋਂ ਹਾਸਿਲ ਹੋ ਸਕਦਾ ਹੈ। ਵਿਟਾਮਿਨ ਬੀ-9 (ਫਾਲਿਕ ਏਸਿਡ) ਗਰਭਵਤੀ ਮਹਿਲਾਵਾਂ, ਬੱਚਿਆਂ ਦੇ ਵਾਧੇ, ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਪ੍ਰੋਟੀਨ ਦੀਆਂ ਢਾਹ-ਉਸਾਰੂ ਕਿਰਿਆਵਾਂ ਲਈ ਲੌੜੀਂਦਾ ਹੈ। ਇਸ ਦੀ ਘਾਟ ਨਾਲ ਖ਼ੂਨ ਦੀ ਕਮੀ, ਥਕਾਵਟ, ਵਾਲਾਂ ਦਾ ਝੜਨਾ, ਚਮੜੀ ਦਾ ਪੀਲਾ ਪੈਣਾ ਅਤੇ ਸਾਹ ਲੈਣ ਵਿਚ ਤਕਲੀਫ਼ ਹੋਣ ਜਿਹੇ ਲੱਛਣ ਹੋ ਸਕਦੇ ਹਨ। ਫਾਲਿਕ ਏਸਿਡ ਸਾਨੂੰ ਅੰਡੇ, ਤਾਜ਼ੇ ਫਲਾਂ, ਫਲੀਆਂ, ਮੂੰਗਫਲੀ, ਸਾਬਤ ਅਨਾਜ ਅਤੇ ਸਮੁੰਦਰੀ ਭੋਜਨ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-12 (ਕੋਬਲਾਮਿਨ) ਲਹੂ ਬਣਾਉਣ, ਪ੍ਰੋਟੀਨ ਨੂੰ ਪਚਾਉਣ ਅਤੇ ਦਿਮਾਗ ਦੇ ਸਹੀ ਤਰੀਕੇ ਨਾਲ ਕੰਮ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਘਾਟ ਨਾਲ ਉਦਾਸੀ ਹੋਣੀ, ਯਾਦਦਾਸ਼ਤ ਘਟਣਾ, ਹੱਥਾਂ-ਪੈਰਾਂ ਦਾ ਸੌਣਾ, ਕਮਜ਼ੋਰੀ, ਥਕਾਵਟ ਅਤੇ ਮਾਨਸਿਕ ਹਫੜਾ-ਦਫੜੀ ਜਿਹੇ ਲੱਛਣ ਸਾਹਮਣੇ ਆ ਸਕਦੇ ਹਨ। ਇਹ ਵਿਟਾਮਿਨ ਸਾਨੂੰ ਅੰਡਿਆਂ, ਪਨੀਰ, ਦੁੱਧ, ਚਿਕਨ, ਮੱਛੀ, ਸੋਇਆ ਮਿਲਕ, ਖੁੰਬਾਂ ਅਤੇ ਮੀਟ ਆਦਿ ਤੋਂ ਪ੍ਰਾਪਤ ਹੋ ਸਕਦਾ ਹੈ।


CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਗ਼ਜ਼ਲ

ਪਾਕ ਪਵਿੱਤਰ ਧਰਤੀ ਉੱਤੇ ਹੱਦੋਂ ਵੱਧ ਵਿਭਚਾਰ ਵਧੇ ਨੇ।
ਗੁੰਡੇ, ਪਾਪੀ, ਅਤਿਆਚਾਰੀ, ਅਪਰਾਧੀ ਬਦਕਾਰ ਵਧੇ ਨੇ।

ਕਾਇਰ ਬੁਜ਼ਦਿਲ ਵਹਿਸ਼ੀ ਭੇੜੀਏ ਝੁੰਡ ਬਣਾ ਕੇ ਫਿਰਦੇ ਜੋ,
ਮਜ਼ਲੂਮਾਂ ਦੇ ਉੱਤੇ ਅੱਤ ਉਨ੍ਹਾਂ ਦੇ ਅਤਿਆਚਾਰ ਵਧੇ ਨੇ।

ਤਰਸ ਨਹੀਂ ਭੋਰਾ ਵੀ ਅੰਦਰ ਨਾ ਹੀ ਦਰਦ ਉਨ੍ਹਾਂ ਦੇ ਹਿਰਦੇ,
ਬੇਦਰਦੇ ਤੇ ਹੱਡ ਹਰਾਮ ਧਰਮ ਦੇ ਠੇਕੇਦਾਰ ਵਧੇ ਨੇ।

ਇਕ ਪਾਸੇ ਤਾਂ ਇਕ ਵੇਲੇ ਜੀ ਖਾਣ ਲਈ ਨਾ ਬਚਦਾ ਕੁਝ,
ਦੂਜੇ ਪਾਸੇ ਮਹਿਲਾਂ ਅੰਦਰ ਦੌਲਤ ਦੇ ਅੰਬਾਰ ਵਧੇ ਨੇ ।

ਬੇਸ਼ੱਕ ਵਧੇ ਨੇ ਸਹਿਜੇ-ਸਹਿਜੇ ਹੱਦੋਂ ਵੱਧ ਵਧੇ ਫਿਰ ਵੀ,
ਲੋਕਾਂ ਦੇ ਹੱਕਾਂ 'ਤੇ ਡਾਕੇ, ਨੇਤਾ ਦੇ ਅਧਿਕਾਰ ਵਧੇ ਨੇ ।

ਮੂੰਹ ਦੇ ਮਿੱਠੇ ਦਿਲ ਦੇ ਕੌੜੇ ਦੋਗਲਿਆਂ ਕਿਰਦਾਰਾਂ ਵਾਲੇ ,
ਗਿਰਗਿਟ ਵਾਂਗਰ ਰੰਗ ਬਦਲਦੇ ਪੈਸੇ ਦੇ ਹੀ ਯਾਰ ਵਧੇ ਨੇ ।

ਪੱਤੇਬਾਜ਼ੀ, ਠੱਗੀ-ਠੋਰੀ ਹਰ ਥਾਂ ਹਰ ਪਾਸੇ ਜ਼ੋਰਾਂ 'ਤੇ,
ਢੌਂਗੀ ਨੇਤਾ, ਝੂਠੇ ਲਾਰੇ, ਝੂਠੇ ਕੌਲ ਕਰਾਰ ਵਧੇ ਨੇ।

ਜ਼ੁਲਮ ਤਸ਼ੱਦਦ ਚਾਰ-ਚੁਫੇਰੇ ਹੁੰਦੇ ਵੇਖ ਨਿਸ਼ਾਨ ਚਿਲਾਵੇ,
ਉੱਠੋ, ਜਾਗੋ, ਨੀਂਦ ਤਿਆਗੋ ਜ਼ਾਲਮ ਤੇ ਖੂੰਖਾਰ ਵਧੇ ਨੇ ।



**ਨਿਸ਼ਾਨ ਸਿੰਘ**
9646540249

## ਦਰਦ ਦੀ ਨਦੀ

ਦਰਦ ਦੀ
ਵਗਦੀ ਹੈ
ਇੱਕ ਨਦੀ
ਮੇਰੇ ਅੰਦਰ

ਨਦੀ
ਵਿੱਚ ਡਿੱਗਦੇ ਨੇ ਕਈ
ਨਹਿਰਾਂ ਤੇ ਨਾਲੇ
ਸੂਏ ਤੇ
ਰਲ ਜਾਂਦਾ
ਹਿੰਦੁਸਤਾਨ ਦੇ
ਘਰਾਂ ਦਾ ਗਟਰ ਵੀ

ਸਾਲ ਦੇ ਸਾਲ
ਸਾਉਣ ਦੇ ਮਹੀਨੇ
ਭਰ ਵਗਦੀ
ਇਹ ਨਦੀ
ਥੋੜੀ ਲਾਲ ਵੀ ਹੁੰਦੀ

ਘਰ ਘਰ
ਵਾਪਰਦੀ ਹਿੰਸਾ
ਵਿਤਕਰੇ
ਹੋ ਰਹੇ
ਬਲਾਤਕਾਰ ਚੋਂ
ਵਹਿੰਦਾ ਖ਼ੂਨ
ਰਲ ਜੋ ਜਾਂਦਾ
ਇਸਦੇ ਪਾਣੀ ਵਿੱਚ

ਇਸ ਸਾਲ
ਪਾਣੀ ਹੈ ਸੁਰਖ਼ ਲਾਲ
ਮਣੀਪੁਰ ਵਿਚ ਆਏ
ਹੈਵਾਨੀਅਤ ਦੇ ਹੜ੍ਹ ਨਾਲ
ਹਰ ਔਰਤ ਦੀ ਅੱਖ ਚੋ
ਵਹਿਆ ਲਹੂ
ਜੋ ਚੁੱਪਚਾਪ
ਗਟਰ ਥਾਣੀਂ
ਰਲ ਗਿਆ ਨਦੀ ਵਿੱਚ

ਸਾਉਣ ਦੀ ਰੁੱਤੇ
ਲਾਲੀ ਤਾਂ ਹੋਵੇ
ਸਾਲੂ ਦੀ, ਸਿੰਧੂਰ ਦੀ
ਪਰ
ਰੂਹ ਦੀਆਂ ਅੱਖਾਂ ਚੋਂ
ਸਿਮਦੇ ਲਹੂ ਨੂੰ
ਅੱਖੋ ਪਰੋਖੇ ਕਿਵੇਂ ਕਰਦੀ
ਵਹਿਸ਼ਤ ਦੀ ਲਾਲੀ
ਭਰ ਵਗਦੀ

ਇਸ ਨਦੀ ਦਾ ਗੀਤ
ਗਾਵਾਂਗੀ
ਜਿਸਦੀ ਰੰਗਤ
ਲਿਆਵੇਗੀ ਇਨਕਲਾਬ

ਚੰਡੀ ਬਣ ਉੱਠੇਗੀ
ਹਰ ਮੁਟਿਆਰ
ਤੇ ਲਵੇਗੀ ਅਹਿਦ
ਨਦੀ ਦੀ ਲਾਲੀ ਨੂੰ ਹਰਿਆਲੀ
ਵਿੱਚ ਬਦਲਣ ਦਾ
ਆਪਣੀ ਹਿੰਮਤ ਨਾਲ
ਬਸ!!
ਹੁਣ ਹੋਰ ਨਹੀਂ ਹੋਵੇਗਾ
ਵਹਿਸ਼ਤ ਦਾ ਨੰਗਾ ਨਾਚ



**ਹਰਪ੍ਰੀਤ ਕੌਰ ਸੰਧੂ**

## ਨਰਮ ਸੁਭਾਅ

ਮੁੜਕੋ ਮੁੜਕੀ ਹੋ ਗਈ ਬੀਬਾ
ਆਖੇ ਕਹਿਰ ਦੀ ਗਰਮੀ ਆ
ਦਿਲ ਵਿੱਚ ਭਾਵੇ ਪੂਰਾ ਗ਼ੁੱਸਾ
ਪਰ ਮੁੱਖ ਤੇ ਪੂਰੀ ਨਰਮੀ ਆ

ਕਰਦੀ ਉਂਝ ਸਤਿਕਾਰ ਬਥੇਰਾ
ਰੋਟੀ ਟੁੱਕ ਬਣਾ ਦਿੰਦੀ ਆ
ਬਾਲਣ ਦੇ ਨਾਲ ਚੁੱਲ੍ਹੇ ਉੱਤੇ
ਮੈਨੂੰ ਚਾਹ ਬਣਾ ਦਿੰਦੀ ਆ
ਸੀਤਾ ਮਇਆ ਜੀ ਦੇ ਵਾਂਗੂੰ
ਉਝ ਤਾਂ ਪੱਕੀ ਧਰਮੀ ਆ
ਦਿਲ ਵਿੱਚ ਭਾਵੇ ਪੂਰਾ ਗ਼ੁੱਸਾ
ਮੁੱਖ ਤੋ ਪੂਰੀ ਨਰਮੀ ਆ

ਪ੍ਰੇਸ਼ਾਨ ਨਹੀਂ ਕਰਦੀ ਬਾਹਲ ?ਾ
ਜਿਵੇ ਆਖਾਂ ਮੰਨ ਲੈਦੀ ਆ
ਮੂੰਹ ਤੇ ਰੱਖ ਕੇ ਝੂਠੀ ਹਾਸੀ
ਜਾਂ ਅੰਦਰ ਭਾਡੇ ਭੰਨ ਲੈਦੀ ਆ
ਪਤੀ ਦੇਵ ਪਰਮੇਸ਼ਰ ਮੰਨੇ
ਬੜੀ ਵਿਚਾਰੀ ਭਰਮੀ ਆ
ਦਿਲ ਵਿੱਚ ਭਾਵੇ ਪੂਰਾ ਗ਼ੁੱਸਾ
ਮੁੱਖ ਤੋ ਪੂਰੀ ਨਰਮੀ ਆ

ਸੁੱਖ ਸ਼ਾਂਤੀ ਬਣੀ ਹੋਈ ਆ
ਖੁਸ਼ੀ ਖੁਸ਼ੀ ਦਿਨ ਕੱਟਦੇ ਆ
ਵਾਧ ਘਾਟ ਜੇ ਹੋਜਾਏ ਕਿੱਧਰੇ
ਫਿਰ ਵੀ ਖੁੱਲ ਕੇ ਹੱਸਦੇ ਆ
ਗੁਰਮੀਤ ਡੁਮਾਣੇ ਵਾਲਿਆਂ
ਮੈਨੂੰ ਤਾਂ ਮਿੱਲੀ ਕਰਮੀ ਆ
ਦਿਲ ਵਿੱਚ ਭਾਵੇ ਪੂਰਾ ਗ਼ੁੱਸਾ
ਮੁੱਖ ਤੇ ਪੂਰੀ ਨਰਮੀ ਆ

**ਗੁਰਮੀਤ ਡੁਮਾਣਾ**
76528 16074

## ਗ਼ਜ਼ਲ

ਮਰ-ਮਰ ਕਰੇ ਜੋ ਗੁਜ਼ਾਰਾ ਏਰੀਆ
ਦੇਸ਼ ਵਿੱਚ ਓਹੀ ਐ ਬੇਚਾਰਾ ਏਰੀਆ

ਮੀਆਂ ਦੇ ਮੁਹੱਲੇ ਗਊ ਦਮ ਤੋੜ ਗਈ
ਸ਼ੱਕ ਵਾਲ਼ੇ ਘੇਰੇ ਵਿੱਚ ਸਾਰਾ ਏਰੀਆ

ਟੂਣਾ ਮਾਣਾ ਮਿਲੇ ਜਿੱਥੇ ਹਰ ਮੋੜ 'ਤੇ
ਸ਼ਾਂਤੀ ਨੂੰ ਓਹ ਨਾ ਗਵਾਰਾ ਏਰੀਆ

ਜਿੱਥੇ ਕਿਸੇ ਰਹਿਬਰ ਨੇ ਪੈਰ ਪਾਏ ਨਾ
ਹੋਣਾ ਓਹ ਕਰਮਾਂ ਦਾ ਮਾਰਾ ਏਰੀਆ

ਪਤ ਵਾਲ਼ੇ ਲੋਕ ਵੀ ਤਾਂ ਹੁੰਦੇ ਲਾਜ਼ਮੀ
ਸਾਰਾ ਕਦੇ ਹੁੰਦਾ ਨਾ ਅਵਾਰਾ ਏਰੀਆ

ਖਿੜੇ ਮੱਥੇ ਮਿਲਦੇ ਨੇ ਲੋਕ ਜਿੱਧਰ
ਘੱਟ ਗੁਲਜ਼ਾਰ ਤੋਂ ਨਾ ਯਾਰਾ ਏਰੀਆ

ਵਾਰ-ਵਾਰ ਜੀਅ ਜਿੱਥੇ ਜਾਣ ਨੂੰ ਕਰੇ
ਜ਼ਿੰਮੀ ਓਹੀ ਸਭ ਤੋਂ ਪਿਆਰਾ ਏਰੀਆ



**ਜ਼ਿੰਮੀ ਅਹਿਮਦਗੜ੍ਹ**
8195907681

## ਬਟਵਾਰੇ ਦੇ ਦਰਦ

ਖ਼ੂਬ ਰੋਇਆ ਦੱਸਦਿਆਂ ਉਹ ਦਰਦ ਦਿਲ ਦੇ ਕਹਿ ਗਿਆ।
ਵੰਡ ਵੇਲੇ ਪਿੰਡ ਮੇਰਾ ਓਸ ਪਾਸੇ ਰਹਿ ਗਿਆ।

ਕਹਿਣ ਨੂੰ ਆਜ਼ਾਦ ਹੋਏ ਗੋਰਿਆਂ ਤੋਂ ਸੀ ਮਗਰ,
ਏਦਾਂ ਦੀ ਆਜ਼ਾਦੀ ਨਾਲੋਂ ਕੀ ਸੀ ਥੁੜਿਆ ਰਹਿ ਗਿਆ?

ਹੁਣ ਵੀ ਅੱਖੀਆਂ ਲੱਭਦੀਆਂ ਨੇ ਇਸ ਜਲੰਧਰ ਸ਼ਹਿਰ 'ਚੋਂ,
ਜੋ ਪਰਾਏ ਮੁਲਕ ਵਿੱਚ ਸੀ ਸ਼ਹਿਰ ਸਾਡਾ ਰਹਿ ਗਿਆ।

ਪਿੰਡ ਅਪਣੇ ਜਾਣ ਦਾ ਫਿਰ ਮੁੜ ਸਬਬ ਬਣਿਆ ਨਹੀਂ,
ਚੇਤਿਆਂ ਵਿਚ ਪਿੰਡ ਹੁਣ ਉਹ ਯਾਦ ਬਣ ਕੇ ਰਹਿ ਗਿਆ।

ਮੋਢਿਆਂ ਤੇ ਲਾਸ਼ ਅਪਣੀ, ਚੁੱਕ ਕੇ ਸਭ ਤੁਰ ਪਏ,
ਹਿਜਰਤਾਂ ਦਾ ਦੁੱਖ ਡਾਹਢਾ, ਹੋਰ ਕੀ ਹੁਣ ਰਹਿ ਗਿਆ।

ਹੁਣ ਅਸੀਂ ਜੇ ਸੋਚੀਏ, ਪਾਇਆ ਗੁਆਇਆ ਕੀ ਅਸੀਂ,
ਪਿਆਰ ਸਦੀਆਂ ਦਾ ਅਸਾਡਾ, ਨਫ਼ਰਤਾਂ ਬਣ ਰਹਿ ਗਿਆ।

ਧਰਮੀਆਂ ਤੇ ਮਜ਼ਬੀਆਂ ਨੇ ਸਾਜਿਸ਼ਾਂ ਇਹ ਕੀਤੀਆਂ,
ਮਾਨਵੀ ਕਦਰਾਂ ਦਾ ਹੈ ਹੁਣ, ਘਾਣ ਹੋ ਕੇ ਰਹਿ ਗਿਆ।

ਸੁਪਨਿਆਂ ਵਿੱਚ ਰੋਜ਼ ਮੇਰੇ ਪਿੰਡ ਮੇਰਾ ਆਂਵਦਾ,
ਰੌਲਿਆਂ ਵੇਲੇ ਸੀ ਜਿਹੜਾ ਪਿੰਡ ਓਧਰ ਰਹਿ ਗਿਆ।

ਸੀ ਹਵਾ ਕੈਸੀ ਵਗੀ, ਕੋਈ ਨਾ ਅਪਣਾ ਹੀ ਰਿਹੈ,
ਦੇਸ ਹੀ ਪਰਦੇਸ ਹੋਇਆ, ਦੇਸ ਕਿੱਥੇ ਰਹਿ ਗਿਆ.?

ਇਹ ਸੰਤਾਲੀ ਦਾ ਉਜਾੜਾ, ਭੁੱਲਣਾ ਹੈ ਨਾ ਕਦੇ,
ਮੂੰਹ ਤੇ ਮਾਨਵਤਾ ਦੇ ਜੋ, ਇਲਜ਼ਾਮ ਹੋ ਕੇ ਰਹਿ ਗਿਆ।



**ਜਗਦੀਸ਼ ਰਾਣਾ**
7986207849

## ਏਦਾਂ ਦਾ ਵੀ

ਸੋਚਾਂ ਪੱਖੋਂ ਵੇਖੇ ਕੁਝ ਕੱਟੜ ਗੁਲਾਮ ਜੀ
ਸਮਝ ਜਾਇਓ ਬਈ ਓਦਾਂ ਲੈਣਾ ਨਹੀਓਂ ਨਾਮ ਜੀ
ਭੰਡਣ ਤੇ ਲਾਇਆ ਜਿਨ੍ਹਾਂ ਜੀਭ ਲਾਈਲੱਗ ਨੂੰ
ਏਦਾਂ ਦਾ ਵੀ ਤੱਕਿਆ ਮੈਂ ਨੇੜੇ ਹੋਕੇ ਜੱਗ ਨੂੰ

ਬੈਠੇ ਕੁਝ ਮਜ਼੍ਹਬਾਂ ਦੀ ਖੋਲ੍ਹਕੇ ਦੁਕਾਨ ਨੂੰ
ਕੌਣ ਸਮਝਾਵੇ ਪਰ ਚਿੱਤ ਬੇਈਮਾਨ ਨੂੰ
ਚੌਧਰਾਂ ਦੇ ਭੁੱਖੇ ਮੁੱਖੋਂ ਉਗਲਦੇ ਅੱਗ ਨੂੰ
ਏਦਾਂ ਦਾ ਵੀ ਤੱਕਿਆ ਮੈਂ ਨੇੜੇ ਹੋਕੇ ਜੱਗ ਨੂੰ

ਲਿਆਉਂਦੇ ਕੁਝ ਖੋਤੇ ਭੇਡਾਂ ਦਾ ਵੀ ਵੱਗ ਚਾਰਕੇ
ਸਾਧਾਂ ਵਾਲਾ ਬੈਠੇ ਹੁਣ ਰੂਪ ਚੋਰ ਧਾਰਕੇ
ਜੇਲ੍ਹਾਂ ਵਿੱਚੋਂ ਆਕੇ ਮੁੱਖੋਂ ਛੱਡੀ ਜਾਣ ਝੱਗ ਨੂੰ
ਏਦਾਂ ਦਾ ਵੀ ਵੇਖਿਆ ਮੈਂ ਨੇੜੇ ਹੋਕੇ ਜੱਗ ਨੂੰ

ਬਹੁਤੇ ਨਾ ਖ਼ਿਆਲਾਂ ਨੂੰ ਦੌੜਾਵੀਂ ਤੂੰ ਵੀ ਧੰਨਿਆਂ
ਹੋਜੇ ਕੰਟਰੋਲ ਨਾ ਤਾਂ ਚਲਾਵੀਂ ਬੱਸ ਧੰਨਿਆਂ
ਰੱਖ ਕਾਬੂ ਚਿੱਤ ਵਾਲੇ ਭੌਰ ਏਸ ਠੱਗ ਨੂੰ
ਏਦਾਂ ਦਾ ਵੀ ਵੇਖਿਆ ਮੈਂ ਨੇੜੇ ਹੋਕੇ ਜੱਗ ਨੂੰ



**ਧੰਨਾ ਧਾਲੀਵਾਲ**

## ਕੀਮਤ ਫ਼ਨਕਾਰ ਦੀ

ਖਿੜ ਪਿਆ ਮੁਰਝਾਇਆ ਚੇਹਰਾ, ਪੈ ਗਈ ਝਲਕ ਦਿਲਦਾਰ ਦੀ,
ਮਾਹੀ ਮੇਰਾ ਰੱਜ ਕੇ ਸੋਹਣਾ, ਮੈਂ ਦਿਲ ਕਿਵੇਂ ਨਾ ਹਾਰ ਦੀ।

ਕੰਡੇ, ਪੀੜਾਂ, 'ਤੇ ਤਨਹਾਈ ਨੂੰ, ਹੱਸਕੇ ਗੱਲ ਨਾਲ ਲਾ ਲਵੀਂ,
ਫਿਕਰ ਨਾ ਕਰੀਂ ਸੱਸੀਏ ਤੈਨੂੰ, ਉਡੀਕੇ ਰੁੱਤ ਬਹਾਰ ਦੀ।

ਇੱਕ ਦੂਜੇ ਦੇ ਦਿਲ ਵਿੱਚ ਅਸੀਂ, ਰਹਿੰਦੇ ਸੀ ਲੁੱਕ ਛੁੱਪ ਕੇ ,
ਹਾਏ ਫਿਰ ਵੀ ਲੋਕਾਂ ਨੂੰ, ਪੈ ਗਈ ਭਿਣਕ ਸਾਡੇ ਪਿਆਰ ਦੀ।

ਫ਼ਨਕਾਰੀ ਤਾਂ ਅਸਾਂ ਖ਼ੁੱਦ ਵੇਚੀ ਏ, ਸਨਮਾਨਾਂ ਦੇ ਬਦਲੇ,
ਕੀ ਮਜ਼ਾਲ ਕਿਸੇ ਦੀ ਵਰਨਾ, ਜੋ ਲਾਵੇ ਕੀਮਤ ਫ਼ਨਕਾਰ ਦੀ।

ਧੜਾਧੜ ਚੱਲ ਰਹਿਆ ਹੈ ਤੇਰਾ, ਧੰਦਾ ਚਿੱਟੇ ਕਾਲੇ ਦਾ,
ਤੇਰੇ ਉੱਤੇ ਹੋ ਗਈ ਲੱਗਦੀ, ਖਾਸ ਮਿਹਰ ਸਰਕਾਰ ਦੀ।

ਝੂਠ ਬੋਲੇ, ਪਾਪ ਕਰੇ, 'ਤੇ ਕਰੇ ਇੱਜਤਾਂ ਦਾ ਵਿਉਪਾਰ ਜੋ,
ਉਹੋ ਬੇਸ਼ਰਮ ਦੇਖੋ ਅੱਜ-ਕੱਲ੍ਹ, ਗੱਲ ਕਰਦੈ ਕਿਰਦਾਰ ਦੀ।

ਇਸ਼ਕ ਤਤਪਰ ਰਹਿੰਦਾ ਏ ਸਦਾ, ਤਿਆਗ ਅਤੇ ਕੁਰਬਾਨੀ ਨੂੰ,
ਹੁਸਨ ਨੂੰ ਪ੍ਰਵਾਹ ਹੈ ਜੇਕਰ, ਤਾਂ ਬਸ ਆਪਣੇ ਸ਼ਿੰਗਾਰ ਦੀ।

ਇਕੱਲ 'ਚ ਕਹਿ ਲਈਂ ਸੱਜਣਾ, ਤੂੰ ਜੋ ਵੀ ਮੈਨੂੰ ਕਹਿਣਾ ਏ,
ਲੋਕਾਂ ਸਾਹਵੇਂ ਨਾ ਕਰਿਆ ਕਰ, ਗੱਲ ਆਪਣੇ ਇਕਰਾਰ ਦੀ।

ਭੱਜ-ਭੱਜ ਕੇ ਪ੍ਰਛਾਵਿਆਂ ਪਿੱਛੇ, ਹਾਂਸਿਲ ਕੁੱਝ ਨਾ ਹੋਇਆ,
ਛਲਾਵੇ ਤੋਂ ਵੱਧ ਕੇ ਕੁੱਝ ਨ ਸੀ, ਅਵਾਜ਼ ਉਹ ਝਨਕਾਰ ਦੀ।



**ਡਾ. ਤੇਜਿੰਦਰ**

## ਮਣੀਪੁਰ

ਜਦੋਂ ਡਰਾਵੇਂ, ਡਰ ਜਾਈਏ, ਹਰਗਿਜ ਨਹੀਂ ਹੋਣਾ
ਜ਼ੁਲਮ ਤੇਰੇ ਨੂੰ ਜਰ ਜਾਈਏ ਹਰਗਿਜ ਨਹੀਂ ਹੋਣਾ

ਤੂੰ ਬਾਬਰ ਹੈਂ, ਜਾਬਰ ਹੈਂ, ਤੂੰ ਜ਼ਾਲਮ ਵੀ ਹੈਂ
ਸਬਰ ਕਿਵੇਂ ਹੁਣ ਕਰ ਜਾਈਏ, ਹਰਗਿਜ ਨਹੀਂ ਹੋਣਾ

ਮੁਲਕ ਤੇਰੇ ਵਿਚ ਦਾਨਵ ਬੰਦਿਆਂ ਧੀਆਂ ਲੁੱਟੀਆਂ
ਰੋਂਦੇ ਅਪਣੇ ਘਰ ਜਾਈਏ, ਹਰਗਿਜ ਨਹੀ ਹੋਣਾ

ਪਰਬਤ ਬਣ ਮਜ਼ਲੂਮ ਖੜੇ ਨੇ ਤੇਰੇ ਸਾਂਹਵੇਂ
ਰੇਤੇ ਵਾਂਗਰ ਖਰ ਜਾਈਏ, ਹਰਗਿਜ ਨਹੀਂ ਹੋਣਾ

ਇੱਜ਼ਤਾਂ ਲੁਟਕੇ ਮਿੱਠੇ ਮਿੱਠੇ ਭਾਸ਼ਨ ਦੇਵੋ
ਇਹ ਮਹੁਰਾ ਕਿੰਜ ਚਰ ਜਾਈਏ, ਹਰਗਿਜ ਨਹੀਂ ਹੋਣਾ

ਧਰਮ ਦੇ ਨਾਮ ਤੇ ਕਹਿਰ ਜੇ ਹੋਣ ਗਰੀਬਾਂ ਉਤੇ
ਮੌਤ ਨੂੰ ਬੈਠੇ ਵਰ ਜਾਈਏ, ਹਰਗਿਜ ਨਹੀਂ ਹੋਣਾ

ਭਾਰਤ ਸਾਡਾ ਵਤਨ ਅਸੀ ਜ਼ਿੰਦਗੀ ਜੀਵਣ ਦਾ
ਕਿੰਜ ਹਰਜਾਨਾ ਭਰ ਜਾਈਏ, ਹਰਗਿਜ ਨਹੀਂ ਹੋਣਾ

ਔਰਤ ਦਾ ਅਪਮਾਨ ਕਰੇ, ਉਸ ਜੁੰਡਲੀ ਅੱਗੇ
ਸਿਰ ਨੂੰ ਲਾਹ ਕੇ ਧਰ ਜਾਈਏ, ਹਰਗਿਜ ਨਹੀਂ ਹੋਣਾ

ਅੱਣਖ਼ ਗ਼ੈਰਤਾਂ ਵਾਲੇ ਹਾਂ ਬੇ-ਗ਼ੈਰਤ ਨਹੀਂ ਹਾਂ
ਅੱਣਖ਼ ਗਵਾ ਕੇ ਮਰ ਜਾਈਏ, ਹਰਗਿਜ ਨਹੀਂ ਹੋਣਾ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਯੂਐਸਏ**

## ਤਸਵੀਰਾਂ ਦਾ ਰੇਪ

ਜਿਸਮਾਂ ਨੂੰ ਛੱਡ ਇੱਥੇ ਤਸਵੀਰਾਂ ਦਾ ਵੀ ਰੇਪ ਕਰਦੇ ਨੇ ਲੋਕ,
ਉਹ ਕਿਹੜਾ ਅੰਨ੍ਹੇ ਨੇ ਸਭ ਕੁਝ ਵੇਖ ਕਰਦੇ ਨੇ ਲੋਕ।
7 17 70 ਸਾਲ ਦੀ ਨਾਲ ਵੀ ਹਵਸ਼ ਮਿਟਾਉਂਦੇ ਨੇ,
ਹਰ ਉਮਰ ਦੀ ਨੂੰ ਆਪਣੇ ਮੇਚ ਕਰਦੇ ਨੇ ਲੋਕ।
ਜਿਸਮਾਂ ਨੂੰ ਛੱਡ ਇੱਥੇ ਤਸਵੀਰਾਂ ਦਾ ਵੀ ਰੇਪ ਕਰਦੇ ਨੇ ਲੋਕ।

ਖ਼ੁਦਾ ਦਾ ਖੌਫ਼ ਨਹੀਂ ਖਾਂਦੇ,
ਖ਼ੁਦਾ ਦੇ ਸਾਹਮਣੇ ਹੀ ਮੱਥੇ ਟੇਕ ਕਰਦੇ ਨੇ ਲੋਕ।
ਹਵਸ਼ ਮਿਟਾਉਣ ਵਾਲਾ ਦਰਿੰਦਾ ਖੁੱਲ੍ਹੇ ਆਮ ਘੁੰਮਦਾ ਏ,
ਸਜ਼ਾ ਦਵਾਉਣ ਦੀ ਬਜਾਏ ਸੇਫ਼ ਕਰਦੇ ਨੇ ਲੋਕ।
ਜਿਸਮਾਂ ਨੂੰ ਛੱਡ ਇੱਥੇ ਤਸਵੀਰਾਂ ਦਾ ਵੀ ਰੇਪ ਕਰਦੇ ਨੇ ਲੋਕ।

ਔਰਤ ਦੀ ਕੋਈ ਗਲਤੀ ਨਹੀਂ ਫੇਰ ਵੀ ਜਲੀਲ ਹੁੰਦੀ ਹੈ,
ਰੂਹ ਨੂੰ ਜ਼ਖਮ ਦੇ ਹਮਦਰਦੀ ਦਾ ਲੇਪ ਕਰਦੇ ਨੇ ਲੋਕ।
ਇਨ੍ਹਾਂ ਦਾ ਵੱਸ ਚੱਲੇ ਤਾਂ ਮੂਰਤੀਆ ਦੇ ਵੀ ਕੱਪੜੇ ਨਾ ਪਾਉਣ,
ਜਾਨਵਰਾਂ ਦੇ ਨਾਲ ਵੀ ਕੁਕਰਮ ਵੇਖੋ ਵੇਖ ਕਰਦੇ ਨੇ ਲੋਕ।
ਜਿਸਮਾਂ ਨੂੰ ਛੱਡ ਇੱਥੇ ਤਸਵੀਰਾਂ ਦਾ ਵੀ ਰੇਪ ਕਰਦੇ ਨੇ ਲੋਕ।

ਧਰਮਾਂ ਦੇ ਨਾਂ ਤੇ ਤਲਵਾਰਾਂ ਅਵਾਜ਼ਾ ਚੱਕ ਹੁੰਦੀਆਂ ਨੇ ਕਿਉਂ,
ਕਿਉਂਕਿ ਇੱਥੇ ਸੌਦਾ ਜ਼ਮੀਰਾਂ ਵੇਚ ਕਰਦੇ ਨੇ ਲੋਕ।
ਸਜਾਏ ਮੌਤ ਮੁਜਰਮਾਂ ਨੂੰ ਆਪ ਦੇਣ ਵੀਰਪਾਲ ਭੱਠਲ,
ਪਤਾ ਨਹੀਂ ਕਿਉਂ ਕਾਨੂੰਨ ਦੀ ਵੇਟ ਕਰਦੇ ਨੇ ਲੋਕ।
ਜਿਸਮਾਂ ਨੂੰ ਛੱਡ ਇੱਥੇ ਤਸਵੀਰਾਂ ਦਾ ਵੀ ਰੇਪ ਕਰਦੇ ਨੇ ਲੋਕ।

**ਵੀਰਪਾਲ ਕੌਰ ਭੱਠਲ**

## ਜਵਾਬ ਦੇਵੋ

ਕਿਤੇ ਸੋਕਾ, ਕਿਤੇ ਡੋਬਾ, ਕਿਤੇ ਗਰੀਬੀ ਤੇ ਜਹਾਲਤ।
ਕਿਸ ਨੇ ਕਰ ਦਿੱਤੀ ਇਸ ਸਮਾਜ ਦੀ ਇਹ ਹਾਲਤ।

ਇਹ ਤਖ਼ਤ ਜਾਂ ਵਕਤ ਕਿਉਂ ਪੀਂਦਾ ਹੈ ਇੰਨੀ ਰੱਕਤ
ਜੇ ਜਵਾਬ ਨਹੀਂ ਕੋਈ ਫਿਰ ਐਵੇਂ ਨਾ ਕਰੋ ਵਕਾਲਤ।

ਅਵਾਮ ਦੀ ਥਾਂ ਹੁੰਦੇ ਰਹੇ ਤਖ਼ਤਾਂ ਤੇ ਧਰਮਾਂ ਦੇ ਤੌਖਲੇ
ਵੇਖਣਾ ਚੁੱਪ, ਛੁੱਪ ਜਾਣਗੇ ਹੁਣ ਜ਼ਿੰਮੇਵਾਰ ਤੇ ਚਾਲਕ।

ਇਹ ਤਬਾਹੀਆਂ, ਮਨਾਹੀਆਂ ਅਜ਼ਬ ਮਨ ਆਈਆਂ
ਜ਼ਰਾ ਪੁੱਛੋ ਖਾਂ ਉਸ ਨੂੰ ਜੋ ਹੈ ਜ਼ੋਰਾਵਰ ਤੇ ਮਾਲਕ।

ਅਜ਼ਾਦੀ ਦੀ ਮੁਨਿਆਦੀ ਖੇਹ ਵਿਰਾਨ ਬਰਬਾਦੀ
ਜਲ? ਗਏ ਚੰਦਨ ਦੇ ਬਾਗ਼ ਚੁਫੇਰੇ ਕਾਲਖ ਹੀ ਕਾਲਖ਼।

ਮਿਟ ਗਈ ਹੈ ਸਮਝ ਤੇ ਸੂਝ ਚੁਫੇਰੇ ਖਰੂਦ ਹੀ ਖਰੂਦ
ਖ਼ੂਬ ਦਿਖਾਵਾ ਤੇ ਛਲਾਵਾ, ਕੌਣ ਕਿਸ ਦਾ ਹੈ ਪ੍ਰਿਤਪਾਲਕ।

**ਡਾ ਮੇਹਰ ਮਾਣਕ**

## ਅਭਾਗੀ ਮਾਂ

ਮਾਂ ਰੋਂਦੀ ਏ। ਮਾਂ ਕੁਰਲਾਉਂਦੀ ਐ
ਕਿੰਝ ਸੀਨਾ ਚੀਰ ਦਿਖਾਵੇ
ਮਾਂ ਕਹਿੜੇ ਹਾਲ ਸੌਦੀ ਐ।

ਪਹਿਲਾਂ ਮਾੜੇ ਬੰਦੇ ਨਾਲ ਨਿਭਾਈ
ਫਿਰ ਪੁੱਤਾਂ ਤੋਂ, ਆਸ ਸੀ ਲਾਈ
ਮਾਂ ਪਾਲੇ ਪੁੱਤ, ਧੁੱਪਾ ਢੋਹ ਢੋਹ ਕੇ
ਅਭਾਗਣ ਮਾਂ ਪੁੱਤਾਂ ਦੇ ਸਿਵੇ ਸੇਕੇ
ਆਪਣਾ ਆਪ ਖੋਹ ਖੋਹ ਕੇ

ਸੂਰਜ ਦੀਆਂ ਪੈੜਾ ਨੱਪ ਕੇ
ਕਰੀ ਕਮਾਈ
ਸ਼ੌਚਿਆ ਸੀ ਬੱਚਿਆਂ ਦੀ
ਰਹਿ ਨਾ ਜਾਏ ਵਿੱਚ ਪੜਾਈ
ਵੱਖੋ-ਵੱਖ ਤੁਰ ਗਏ ਹਾਏ
ਬੁੱਕਲ ਚਾ, ਸੌਂ ਸੌਂ ਕੇ
ਅਭਾਗਣ ਮਾਂ ਪੁੱਤਾਂ ਦੇ ਸਿਵੇ ਸੇਕੇ
ਆਪਣਾਂ ਆਪ ਖੋਹ ਖੋਹ ਕੇ

ਰਿੱਕਵੀਰ ਔਖਾ ਹੋ ਗਿਆ
ਮੇਰਾ ਜੂਨ ਗੁਜਾਰਾ
ਰੱਬਾ ਮੈ, ਅਭਾਗਣ, ਮਾਂ ਜਿਹੇ
ਲੇਖ ਨਾ, ਕਿਸੇ ਦੇ ਲਿਖੀ ਦੁਬਾਰਾ
ਵਕਤ ਲੰਘਾਉਦੀ
ਧੱਕੇ ਨਾਲ ਜਿਉਂ ਜਿਉਂ ਕੇ
ਅਭਾਗਣ ਮਾਂ ਪੁੱਤਾਂ ਦੇ ਸਿਵੇ ਸੇਕੇ
ਆਪਣਾਂ ਆਪ ਖੋਹ ਖੋਹ ਕੇ

ਮਾਨਸਾ ਵਾਲਿਆਂ ਹੋਇਆ ਬੜਾ
ਗਲੋਂ ਟੁੱਕ ਟਪਾਉਣਾ ਔਖਾ
ਦਿਨ ਵੀ ਕਿਹੜਾ ਚੰਦਰਾ
ਹਾਏ ਵੇ ਲੰਘਾਉਣਾ ਸੌਖਾ
ਰਾਤਾਂ ਨੂੰ ਕੰਧਾਂ ਡਰਾਉਦੀਆਂ ਨੇੜੇ ਹੋ ਹੋ ਕੇ
ਅਭਾਗਣ ਮਾਂ ਪੁੱਤਾਂ ਦੇ ਸਿਵੇ ਸੇਕੇ
ਆਪਣਾਂ ਆਪ ਖੋਹ ਖੋਹ ਕੇ
ਮੈ ਅਭਾਗਣ ਮਾਂ ਪੁੱਤਾਂ ਦੇ ਸਿਵੇ ਸੇਕੇ
ਆਪਣਾਂ ਆਪ ਖੋਹ ਖੋਹ ਕੇ

**ਰਿੱਕਵੀਰ ਸਿੰਘ ਰਿੱਕੀ**
98157 43544

## ਕਵਿਤਾ

ਮਾਏ ਨੀ ਨੈਣ ਰੋਏ ਰੋਏ
ਨਾਲ ਹੰਝੂਆਂ ਰੱਜ ਧੋਏ ਧੋਏ
ਰਾਤਦਿਨ ਲੱਭਦੇ ਸੋਹਣੇ ਸੱਜਣ ਨੂੰ
ਰਹਿਣ ਹਰ ਪਲ ਖੋਏ ਖੋਏ
ਮਾਏ ਨੀ ਨੈਣ ਰੋਏ ਰੋਏ

ਮਾਏ ਨੀ ਜਿੰਦ ਕੁਮਲਾਈ ਕੁਮਲਾਈ
ਹਾਏ! ਜਾਨ ਲਬਾਂ ਤੇ ਆਈ ਆਈ
ਘੱਲ ਸੁਨੇਹੇ ਦੂਰ ਰਹਿੰਦੇ ਸੱਜਣਾ ਨੂੰ
ਜਾਏ ਨਾ ਸਹੀ ਹੋਰ ਜੁਦਾਈ ਜੁਦਾਈ
ਮਾਏ ਨੀ ਜਿੰਦ ਕੁਮਲਾਈ ਕੁਮਲਾਈ

ਮਾਏ ਨੀ ਕਾਲਜੇ ਉੱਠੇ ਪੀੜ ਪੀੜ
ਚੰਦਰੀ, ਮੁਸ਼ਕਿਲ ਕੀਤਾ ਸਾਡਾ ਜੀਣ ਜੀਣ
ਇੱਕ ਪਲ ਵੀ ਨਾ ਇਹ ਅੱਖ ਸੁੱਕਦੀ
ਵੱਗਦਾ ਰਹੇ ਸਦਾ ਨੀਰ ਨੀਰ
ਮਾਏ ਨੀ ਕਾਲਜੇ ਉੱਠੇ ਪੀੜ ਪੀੜ

ਮਾਏ ਨੀ ਦਿਲ ਜਾਏ ਬਹਿੰਦਾ ਬਹਿੰਦਾ
ਸਾਰੀ ਸਾਰੀ ਰਾਤ ਜਾਗਦਾ ਰਹਿੰਦਾ ਰਹਿੰਦਾ
ਚੰਨ ਵਰਗਾ ਮੇਰਾ ਸੋਹਣਾ ਮਾਹੀ
ਲਿਆਓ ਪਤਾ ਲੱਭ,
ਤਾਰਿਆਂ ਨੂੰ ਕਹਿੰਦਾ ਕਹਿੰਦਾ
ਮਾਏ ਨੀ ਦਿਲ ਜਾਏ ਬਹਿੰਦਾ ਬਹਿੰਦਾ

ਮਾਏ ਨੀ ਰੂਹ ਗਾਵੇ ਗਾਵੇ
ਕਲਮ ਤੋਂ ਮੁਹੱਬਤਾਂ ਦੇ ਗੀਤ ਲਿਖਾਵੇ ਲਿਖਾਵੇ
ਆ ਹੁਣ ਰੂਹ ਦੇ ਹਾਣੀਆ ਵੇ
ਪਿਆਰ ਸੱਚਾ ਅਸਾਡਾ 'ਰੇਨੂੰ' ਬੁਲਾਵੇ ਬੁਲਾਵੇ
ਮਾਏ ਨੀ ਰੂਹ ਗਾਵੇ ਗਾਵੇ।



**ਡਾ. ਰਜਿੰਦਰ ਰੇਨੂੰ**

## ਕਵਿਤਾ

ਇੱਥੇ ਲੱਖਾਂ ਸੋਹਣੇ ਚਿਹਰੇ ਨੇ
ਮੇਰੀਆਂ ਨਜ਼ਰਾਂ ਦੇ ਘੇਰੇ ਨੇ
ਅੰਦਰੋਂ ਤੱਕਣਾ ਬੜਾ ਔਖਾ ਏ
ਫਿਰਦੇ ਲੋਟੂ ਵੱਗ ਵਥੇਰੇ ਨੇ।

ਮੂੰਹ ਦੇ ਮਿੱਠੇ ਅੰਦਰੋਂ ਕੌੜੇ
ਮੈਨੂੰ ਕੋਈ ਗੱਲ ਨਾ ਔੜ੍ਹੇ
ਝੂਠੀ ਮੂਠੀ ਹੰਝੂ ਕੇਰੇ ਨੇ
ਫਿਰਦੇ ਲੋਟੂ ਵੱਗ ਵਥੇਰੇ ਨੇ।

ਕੋਈ ਸੋਨਾ ਕੋਈ ਚਾਂਦੀ ਏ
ਫ਼ ?ਕਰ ਵੱਡ ਵੱਡ ਖਾਂਦੀ ਏ
ਅਸਲੀ ਨਕਲੀ ਫੇਰੇ ਨੇ
ਫਿਰਦੇ ਲੋਟੂ ਵੱਗ ਵਥੇਰੇ ਨੇ।

ਆਦਮ ਖੋਰ ਜ਼ਮਾਨਾ ਹੈ
ਇੱਕ ਦੂਜੇ ਨੂੰ ਤਾਨਾਂ ਹੈ
ਸੁਖਚੈਨ,ਕੱਚੇ ਬਨੇਰੇ ਨੇ
ਫਿਰਦੇ ਲੋਟੂ ਵੱਗ ਵਥੇਰੇ ਨੇ।

ਸਾਧ ਚੋਰਾਂ ਬੜੀ ਲੁੱਟ ਮਚਾਈ ਹੈ
ਗੱਲ ਬਾਬੇ ਨਾਨਕ ਸਮਝਾਈ ਹੈ
ਧਰਮ ਦੇ ਨਾਂ ਤੇ ਲੋਕ ਲੁਟੇਰੇ ਨੇ
ਫਿਰਦੇ ਲੋਟੂ ਵੱਗ ਵਥੇਰੇ ਨੇ।

**ਸੁਖਚੈਨ ਸਿੰਘ, ਠੱਠੀ ਭਾਈ,**
00971527632924

## .ਗ਼ਜ਼ਲ

ਜਦ ਹੋ ਜਾਣ ਕੰਧਾਂ ਪੱਕੀਆਂ
ਫਿਰ ਹੋਣ ਨਾ ਛੇਤੀ ਢਾਹ
ਜਦ ਹੋ ਜਾਣ ਵੱਖੋ-ਵੱਖਰੇ
ਫਿਰ ਇੱਕ ਨਾ ਹੁੰਦੇ ਰਾਹ

ਜਦ ਪੈਣ ਦਰਾਰਾਂ ਰੂਹਾਂ ਵਿੱਚ
ਜਦ ਮੁੱਕਣ ਪਾਣੀ ਖੂਹਾਂ ਵਿੱਚ
ਫਿਰ ਔਖਾ ਹੁੰਦਾ ਫਸਲਾਂ ਦਾ
ਜਦ ਵੈਰੀ ਹੁੰਦਾ ਨਸਲਾਂ ਵਿੱਚ

ਜਦ ਟਾਹਣੇ ਟੁੱਟਣ ਰੁੱਖਾਂ ਦੇ
ਫਿਰ ਹਿਸਾਬ ਨਾ ਰਹਿੰਦੇ ਦੁੱਖਾਂ ਦੇ
ਜਦ ਆਪਣਾ ਛੱਡ ਕੋਈ ਜਾਂਦਾ ਏ
ਫਿਰ ਦਿਲ ਵਿੱਚ ਚੀਸਾਂ ਪਾਂਦਾ ਏ

ਜਦ ਪਾਣੀ ਪੱਤਣੋਂ ਵਹਿ ਜਾਂਦੇ
'ਜੱਗੀ' ਨਾਲ ਭਾਈਆਂ ਭਾਈ ਖਹਿ ਜਾਂਦੇ
ਫਿਰ ਔਖਾ ਹੁੰਦਾ ਟੱਬਰਾਂ ਦਾ
ਜਦ ਰੰਜਸ਼ਾਂ ਵੇਹੜੇ ਬਹਿ ਜਾਂਦੇ...

**ਜਗਵਿੰਦਰ ਸਿੰਘ ਜੱਗੀ**
8872313705

## ਚਾਹ

ਜਿੱਥੇ ਚਾਹ ਨੂੰ ਨਹੀਂ ਚਾਹ ਹੈ,
ਉੱਥੇ ਦਿਲ ਨੂੰ ਨਹੀਂ ਚਾਹ ਹੈ।

ਨ ਪੀਤੀ ਨ ਪੀਣੀ ਚਾਹ ਹੈ,
ਨੈਣਾਂ 'ਚੋਂ ਪੀਣੇ ਦੀ ਚਾਹ ਹੈ।

ਸੱਚਿਆਂ ਨੂੰ ਸੱਚੇ ਦੀ ਚਾਹ ਹੈ,
ਮਾਪਿਆਂ ਨੂੰ ਬੱਚੇ ਦੀ ਚਾਹ ਹੈ।

ਯਾਰ ਨੂੰ ਯਾਰੀ ਦੀ ਚਾਹ ਹੈ,
ਚੋਰਾਂ ਨੂੰ ਚੋਰੀ ਦੀ ਚਾਹ ਹੈ।

ਰਾਜੇ ਨੂੰ ਰਾਣੀ ਦੀ ਚਾਹ ਹੈ,
ਹਾਣ ਨੂੰ ਹਾਣੀ ਦੀ ਚਾਹ ਹੈ।

ਮਰਦੇ ਨੂੰ ਜੀਣੇ ਦੀ ਚਾਹ ਹੈ,
ਰਿੰਦਾਂ ਨੂੰ ਪੀਣੇ ਦੀ ਚਾਹ ਹੈ।

ਖੁਦਾ ਨੂੰ ਨਸਲਾਂ ਦੀ ਚਾਹ ਹੈ,
ਲਾਲੇ ਨੂੰ ਫ਼ਸਲਾਂ ਦੀ ਚਾਹ ਹੈ।

ਖੋਜੀ ਨੂੰ ਖੋਜਣ ਦੀ ਚਾਹ ਹੈ,
ਸੋਝੀ ਨੂੰ ਸੋਚਣ ਦੀ ਚਾਹ ਹੈ।

ਰੂਹਾਂ ਨੂੰ ਵਸਲ ਦੀ ਚਾਹ ਹੈ,
ਰਾਹੀ ਨੂੰ ਮੰਜ਼ਲ ਦੀ ਚਾਹ ਹੈ।



**ਸੇਵਾ ਸਿੰਘ 'ਨੂਰਪੁਰੀ'**

## ਮਨੀਪੁਰ 'ਚ ਗੂੰਜਦੀਆਂ ਚੀਕਾਂ

ਸੁਣਿਐ ਮਨੁੱਖਤਾ ਨੂੰ ਲਹੂ-ਲੁਹਾਣ ਕਰਕੇ
ਲਿਬੜੇ ਬੂਥਿਆਂ ਨਾਲ ਹਲਕੇ ਹੋਏ
ਗਲੀਆਂ 'ਚ ਹਰਲ ਹਰਲ ਕਰਦੇ
ਡਰਾਉਂਦੇ ਫਿਰਦੇ ਨੇ
ਕੁਝ ਗੁੰਡੇ.
ਇਹ ਗੁੰਡੇ ਬੜੇ ਖਤਰਨਾਕ ਨੇ
ਮਾਸੂਮ ਬੱਚੀਆਂ,ਕੁੜੀਆਂ,ਬੁੜੀਆਂ
ਨੂੰ ਨੋਚ ਨੋਚ ਖਾਂਦੇ ਨੇ
ਵੱਡੀਆਂ ਵੱਡੀਆਂ ਬੁਰਕੀਆਂ ਭਰਦੇ ਨੇ
ਵੰਨ ਸੁਵੰਨੀਆਂ ਨਸਲਾਂ ਵਾਲੇ ਇਹ ਗੁੰਡੇ
ਕਿਹੜੀ ਗਲੀਓ ਨਿਕਲ ਆਉਣ
ਭਿਨਕ ਵੀ ਨਹੀਂ ਪੈਂਦੀ...
ਮਾਲਕ ਬੜਾ ਬਸ਼ਰਮ ਹੈ
ਨੱਥ ਨਹੀਂ ਪਾਉਂਦਾ ਗੁੰਡਿਆਂ ਨੂੰ
ਸਗੋਂ ਪੁਚਕਾਰਦਾ,ਦੁਲਾਰਦਾ ਤੇ
ਮਾਸ ਦੀਆਂ ਬੋਟੀਆਂ ਖਲਾਰਦਾ ਹੈ
ਮਨ ਕੀ ਬਾਤ ਤਾਂ ਦੱਸਦਾ ਹੈ
ਮਨ ਦੇ ਭੇਦ ਨਹੀਂ ਦੱਸਦਾ
ਤਾਂਹੀ ਤਾਂ ਦਿਨ 'ਚ ਨੱਬੇ ਮਾਸੂਮਾਂ ਨੂੰ
ਦੰਦੀ ਭਰਦੇ ਇਹ ਗੁੰਡੇ
ਦਿਸਦੇ ਨਹੀਂ ਕਿਸੇ ਨੂੰ...
ਨਹੀਂ ਤਾਂ ਮਾਲਕ ਦੇ ਹੁੰਦਿਆਂ ਸੁੰਦਿਆਂ
ਸ਼ਹਿਰ 'ਚ ਘੁੰਮਦੀ ਜੋਤੀ ਨਾ ਬੁੱਝਦੀ.
ਮੁੰਬਈ 'ਚ ਖਬਰਾਂ ਇੱਕਠੀਆਂ ਕਰਦੀ
ਕੁੜੀ ਖਬਰ ਨਾ ਬਣਦੀ.
ਇਮਰਾਨਾ ਖੂਨੋ-ਖੂਨ ਨਾ ਹੁੰਦੀ..
ਆਸਿਫ਼ਾ ਦੇ ਹਉਂਕੇ
ਟੱਲ ਦੀ ਗੂੰਜ 'ਚ ਗੁਆਚਦੇ ਨਾ
ਬਨਵਾਰੀ ਨੂੰ ਸੱਚ ਬੋਲਣ 'ਤੇ
ਬੇਪੱਤ ਨਾ ਕੀਤਾ ਜਾਂਦਾ
ਸੌਮਿਆਂ ਦੀਆਂ ਕਲੇਜਾ ਵਲੂੰਧਰਦੀਆਂ
ਚੀਕਾਂ ਨਾ ਸੁਣਦੀਆਂ
ਕਿੰਨੇ ਕੁ ਨਾਮ ਲਵਾਂ
ਕਿੰਨੇ ਕੁ ਦੁੱਖ ਸੁਣਾਵਾਂ
ਇਹ ਗੁੰਡੇ ਕਦੋਂ ਤੱਕ
ਏਦਾ ਹੀ ਕਰਦੇ ਰਹਿਣਗੇ
ਤੇ ਅਸੀਂ ਕਦੋਂ ਤੱਕ
ਡਰਕੇ ਅੰਦਰਾਂ 'ਚ ਵੜਦੇ ਰਹਾਂਗੇ
ਬੋਲੋ! ਹਾੜਾ ਬੋਲੋ
ਕਿਉਂ ਨਹੀਂ ਬੋਲਦੇ?
ਆਪਣੀ ਵਾਰੀ ਦੀ ਉਡੀਕ ਕਰਦੇ ਹੋ?
ਜਦ ਤੁਸੀਂ ਕਿਸੇ ਨਾਲ ਖੜ੍ਹੇ ਨਹੀਂ ਹੁੰਦੇ
ਤਾਂ ਮੱਤ ਸੋਚੋ ਕੋਈ ਤੁਹਾਡੇ ਨਾਲ ਖੜ੍ਹੇਗਾ
ਹਾਕਮ 'ਤੇ ਟੇਕ ਨਾ ਲਾਓ
ਉਹ ਤਾਂ ਮਸ਼ਰੂਫ ਹੈ
ਸੌ ਕੰਮ ਹੈ ਉਹਨੂੰ
ਇਹ ਲੜਾਈ ਮੇਰੀ ਹੈ
ਤੇਰੀ ਹੈ
ਆਪਣੀ ਹੈ
ਤੇ ਆਪਾਂ ਹੀ ਲੜਨੀ ਹੈ।



**ਸੁਖਵੀਰ 'ਸੁਖਨ'**

## ਕਵਿਤਾ

ਪਾਸਾ ਵੱਟ ਕੇ ਲੰਘ ਦੇ ਹੋ।
ਬਿਨਾ ਖੰਘ ਤੋਂ ਖੰਘ ਦੇ ਹੋ।

ਤੇਰਾਂ ਤੇਰਾਂ ਪਹਿਲਾਂ ਕਰਕੇ,
ਫਿਰ ਠੂਠਾ ਫੜ੍ਹ ਮੰਗ ਦੇ ਹੋ।

ਜੀਅ ਬਲੌਣ ਨੂੰ ਕਰਦਾ ਏ ਪਰ,
ਅੰਦਰੋਂ ਅੰਦਰੀਂ ਸੰਗ ਦੇ ਹੋ।

ਵਾਦਾ ਕਰ ਕੇ ਆਉਂਦੇ ਨਈਂ,
ਜਾਨ ਸੂਲੀ ਤੇ ਟੰਗ ਦੇ ਹੋ।

ਨਕਲੀ ਬਣ ਲਲਾਰੀ ਬਹਿਗੇ,
ਘਟੀਆ ਚੁੰਨੀ ਰੰਗ ਦੇ ਹੋ।

ਸ਼ਰਟ ਨਾਲ ਹੈ ਪਾਇਆ ਭੋਥਾ,
ਬੰਦੇ ਕਿਹੜੇ ਢੰਗ ਦੇ ਹੋ।

ਪਾਕਿ ਦੇ ਵਾਗੂੰ ਐਵੇਂ 'ਬੁਜਰਕ',
ਸੁਪਨੇ ਲੈਂਦੇ ਜੰਗ ਦੇ ਹੋ।



**ਹਰਮੇਲ ਸਿੰਘ ਧੀਮਾਨ**

## ਨਫਰਤ ਦੀ ਅੱਗ

ਤੇਰੀ ਨਫਰਤ ਦੀ ਅੱਗ ਨੇ
ਮੈਨੂੰ ਦਿੱਤੀ ਹੈ ਉਹ ਤਾਕਤ
ਜਿਹੜੀ ਸ਼ਾਇਦ ਦੇ ਨਾ ਸਕਦਾ
ਮੈਨੂੰ ਤੇਰਾ ਪਿਆਰ ਵੀ।
ਇਸ ਤਾਕਤ ਨੇ ਮੈਨੂੰ
ਆਪਣੇ ਦੁੱਖ ਭੁੱਲ ਕੇ
ਦੱਬੇ, ਕੁੱਚਲੇ ਲੋਕਾਂ ਦੇ ਦੁੱਖ
ਯਾਦ ਕਰਾਏ ਨੇ।
ਦਰਿੰਦਿਆਂ ਹੱਥੋਂ ਨਾਰਾਂ ਦੀ
ਲੁੱਟ ਹੁੰਦੀ ਇੱਜ਼ਤ ਯਾਦ ਕਰਾਈ ਹੈ,
ਅਮੀਰਾਂ ਵੱਲੋਂ ਗਰੀਬਾਂ ਦਾ
ਹੁੰਦਾ ਸੋਸ਼ਣ ਯਾਦ ਕਰਾਇਆ ਹੈ,
ਆਪੇ ਬਣੇ ਬਾਬਿਆਂ ਵੱਲੋਂ
ਭੋਲੇ ਭਾਲੇ ਲੋਕਾਂ ਦੀਆਂ ਜੇਬਾਂ
ਖਾਲੀ ਕਰਵਾਉਣ ਲਈ
ਵਰਤੇ ਗਏ ਹੱਥ ਕੰਡੇ
ਯਾਦ ਕਰਵਾਏ ਨੇ,
ਨੇਤਾਵਾਂ ਵੱਲੋਂ ਲੋਕਾਂ ਨੂੰ
ਆਪਸ ਵਿੱਚ ਵੰਡ ਕੇ
ਰਾਜ ਕਰਨ ਦੀਆਂ ਕੋਝੀਆਂ ਚਾਲਾਂ
ਯਾਦ ਕਰਵਾਈਆਂ ਨੇ।
ਮੈਨੂੰ ਨਫਰਤ ਦੀ ਅੱਗ ਵਿੱਚ
ਜਲਾਉਣ ਦੀ ਕੋਸ਼ਿਸ਼
ਕਰਨ ਵਾਲਿਆ
ਤੇਰਾ ਬਹੁਤ, ਬਹੁਤ ਸ਼ੁਕਰੀਆ।



**ਮਹਿੰਦਰ ਸਿੰਘ ਮਾਨ**
9915803554

## ਕਵਿਤ;

ਹਰਿਆ ਈ ਓਏ
ਹਰਿਆ ਬਾਲਮਾ, ਹਰਿਆ ਈ ਓਏ

ਮਾਂ ਤੇਰੀ ਮੂੰਹ ਵਿੱਚ ਬੁੜ ਬੁੜ ਕਰਦੀ,
ਮੈਂ ਬੁੜ ਬੁੜ ਸ਼ਾਮ ਸਵੇਰੇ ਜਰਦੀ,
ਤੇ ਉਹ ਕਦੇ ਲਿਹਾਜ਼ ਨਾ ਕਰਦੀ,
ਸਾਡਾ ਰਹੇ ਕਲੇਜਾ ਸੜਿਆ
ਬਾਲਮਾ ਹਰਿਆ ਹਰਿਆ ਈ ਓਏ

ਉੱਤੋਂ ਗਰਮੀ ਦੀ ਰੁੱਤ ਵਰ੍ਹਦੀ
ਜਾਵਾਂ ਹੁੰਮਸ ਨਾਲ ਮੈਂ ਮਰਦੀ
ਚਲਾਵਾਂ ਏ ਸੀ ਤਾਂ ਹਉਂਕੇ ਭਰਦੀ
ਸਾਡਾ ਜਿਉਣਾ ਔਖਾ ਕਰਿਆ
ਬਾਲਮਾ ਹਰਿਆ ਈ ਓਏ

ਹੋਵੇ ਸਰਦੀ ਦੀ ਰੁੱਤ ਠਰਦੀ
ਚੁੱਲ੍ਹਾ ਚੌਂਕਾ ਸਵੇਰੇ ਕਰਦੀ
ਸਭ ਦੇ ਮੂਹਰੇ ਰੋਟੀ ਧਰਦੀ
ਅੱਜ ਤੱਕ ਕਦੇ ਨਾ ਖੇਖਣ ਕਰਿਆ
ਬਾਲਮਾ ਹਰਿਆ ਈ ਓਏ

ਇੱਕ ਦਿਨ ਸਿਰ ਤੇਰੇ 'ਤੇ ਚੜ੍ਹਕੇ
ਰੁੱਸ ਕੇ ਬਹਿ ਜਾਉਂ ਅੰਦਰ ਵੜਕੇ
ਉੱਠਣਾ ਪਊਗਾ ਤੈਨੂੰ ਤੜਕੇ
ਕਹੇਂਗਾ ਟੱਬਰ ਭੁੱਖਾ ਮਰਿਆ
ਬਾਲਮਾ ਹਰਿਆ ਈ ਓਏ

ਫਿਰਦੈਂ ਲਿਖਦਾ ਤੂੰ ਜਿਹੜੇ ਗਾਣੇ
ਬੁਣਦਾ ਫਿਰਦੈਂ ਤਾਣੇ ਬਾਣੇ
ਤੂੰ ਮੇਰੀ ਜਮ੍ਹਾਂ ਕਦਰ ਨਾ ਜਾਣੇ
ਅੜਿਆ ਮਾਂ ਆਪਣੀ ਤੋਂ ਡਰਿਆ
ਬਾਲਮਾ ਹਰਿਆ ਈ ਓਏ।



**ਅੰਜੂ ਸਾਨਿਆਲ**

## ਬਿੱਲੀ ਤੇ ਬਲੂੰਗੜੇ

ਮਾਣੋਂ ਬਿੱਲੀ ਮਾਊਂ ਮਾਊਂ ਕਰਦੀ,
ਘਰ ਸਾਡੇ ਸੀ ਆਈ।
ਬੜੀ ਪਿਆਰੀ ਡੱਬ ਖੜੱਬੀ,
ਨਾਲ ਬਲੂੰਗੜੇ ਲਿਆਈ।
ਵਿਹੜੇ ਸਾਡੇ ਵਿੱਚ ਰੌਣਕ ਲੱਗੀ,
ਵੇਖਣ ਆਏ ਸਾਰੇ।
ਹਰ ਕੋਈ ਕਹੇ ਸਾਨੂੰ ਦੇ ਦਿਓ,
ਕਿੰਨੇ ਇਹ ਪਿਆਰੇ।
ਦੱਸਦੀ ਆਪਣੇ ਬੱਚਿਆਂ ਤਾਈਂ,
ਕਿਵੇਂ ਸ਼ਿਕਾਰ ਹੈ ਕਰਨਾ।
ਹੌਲੀ ਹੌਲੀ ਰੁੱਖ ਤੇ ਚੜ੍ਹਕੇ,
ਪੰਛੀਆਂ ਤਾਂਈ ਫੜਨਾ।
ਬਲੂੰਗੜਿਆ ਨੂੰ ਹੱਥ ਜੇ ਲਾਈਏ,
ਘੁਰ ਘੁਰ ਉਹ ਕਰਦੀ।
ਬੱਚਿਓ, ਤੁਸੀਂ ਹੱਥ ਨਾ ਲਾਇਓ,
ਮੰਮੀ ਮੇਰੀ ਡਰਦੀ।
ਗਟ ਗਟ ਕਰਕੇ ਦੁੱਧ ਨੂੰ ਪੀਂਦੇ,
ਜਦ ਵੀ ਮੂਹਰੇ ਧਰੀਏ।
ਪੱਤੋ, ਆਖੇ ਘਰ ਦੁੱਧ ਮੁੱਲਦਾ,
ਪੂਰਾ ਕਿੱਥੋਂ ਕਰੀਏ।

**ਹਰਪ੍ਰੀਤ ਪੱਤੋ**
94658-21417

## ਮੈਂ ਅਧੂਰੀ...

ਮੈਂ ਅਧੂਰੀ ਮੇਰੀ ਰੀਝ ਅਧੂਰੀ,
ਕਿੰਝ ਭਲਾ ਦੱਸ ਹੋਵਾਂ ਪੂਰੀ।
ਜਿਹੜੀ ਸੀ ਖੁਆਉਂਦੀ ਹੱਥੀਂ
ਉਸੇ ਮਾਂ ਤੋਂ ਹੁਣ ਪੈ ਗਈ ਦੂਰੀ।
ਮੈਂ ਅਧੂਰੀ.....
ਬੜੇ ਦਿਨਾਂ ਤੋਂ ਚਾਅ ਸੀ ਇੱਕ,
ਉਹ ਵੀ ਐਵੇਂ ਗਿਆ ਸੀ ਵਿੱਕ।
ਜਿਉਂ ਭੈਣਾਂ ਤੇ ਵੀਰਾਂ ਦਾ ਅੱਜ,
ਜ਼ਮੀਨਾਂ ਪਿੱਛੇ ਪੈ ਗਿਆ ਫਿੱਕ।
ਚੁੱਪ ਕਰਕੇ ਧੀ ਪਾਸੇ ਹੋ ਗਈ,
ਬਾਪੂ ਨੇ ਜਦ ਵੱਟ 'ਤੀ ਘੂਰੀ।
ਮੈਂ ਅਧੂਰੀ.....
ਰਾਂਝੇ ਨੇ ਜਦ ਮੱਝਾਂ ਚਾਰੀਆਂ,
ਅਣਖਾਂ ਹੀਰ ਉੱਤੋਂ ਵਾਰੀਆਂ।
ਇਸ਼ਕ ਇਬਾਦਤ ਕਰਕੇ ਉਨ੍ਹਾਂ,
ਇੱਕ ਦੂਜੇ ਤੋਂ ਜ਼ਿੰਦਾਂ ਹਾਰੀਆਂ।
ਰਾਂਝੇ ਨੂੰ ਮਰ ਕੇ ਵੀ ਚੇਤੇ 'ਮਨ',
ਹੀਰ ਖਵਾਉਂਦੀ ਸੀ ਜੋ ਚੂਰੀ।
ਮੈਂ ਅਧੂਰੀ.....



**ਮਨਜੀਤ ਕੌਰ ਧੀਮਾਨ**
ਸੰ:9464633059

## ਦੀਵਾਰਾਂ

ਧਰਤੀ ਉਤੇ ਦੀਵਾਰਾਂ ਕਿਉਂ ਨੇ
ਜਿੱਤਾਂ ਕਿਓਂ ਨੇ ਹਾਰਾਂ ਕਿਉਂ ਨੇ

ਰੱਬ ਇਕ ਹੈ ਸਾਰੇ ਆਖਣ
ਧਰਮਾਂ ਵਿੱਚ ਤਕਰਾਰਾਂ ਕਿਉਂ ਨੇ

ਲਾਲ ਰੰਗ ਹੈ ਸਭ ਦੇ ਖੂਨ ਦਾ
ਦਿਲਾਂ ਚ ਫੇਰ ਦਰਾੜਾਂ ਕਿਉਂ ਨੇ

ਬੇਸ਼ਕ ਧਰਤੀ ਸਭ ਦੀ ਮਾਂ ਏ
ਬਾਡਰ ਕਿਉ ਨੇ ਬਾੜਾਂ ਕਿਉ ਨੇ

ਇੱਕ ਨੂਰ ਦੀ ਉਪਜ ਹੈ ਦਨੀਆਂ
ਮਨਾਂ ਵਿਚ ਫੇਰ ਖਾਰਾਂ ਕਿਉਂ ਨੇ

ਸੱਚ ਧਰਮ ਜੇ ਝੂਠ ਅਧਰਮ ਹੈ
ਬਿੰਦਰਾ ਸੱਚ ਨੂੰ ਮਾਰਾਂ ਕਿਉਂ ਨੇ



**ਬਿੰਦਰ ਸਾਹਿਤ (ਇਟਲੀ)**

## ਕਵਿਤਾ

ਸਾਰੀ ਦੁਨੀਆਂ ਤੋਂ ਵੱਖ ਜਿਹੀ ਸੀ
ਓਹਦੀ ਛੋਟੀ ਛੋਟੀ ਅੱਖ ਜਿਹੀ ਸੀ
ਚਿਹਰਾ ਕਸ਼ਮੀਰੀਆਂ ਵਰਗਾ ਸੀ
ਦੁੱਧ ਰੰਗ ਪੁੰਨਿਆ ਦੇ ਪੱਖ ਜੀ ਸੀ
ਮਰ ਜਾਣੀ ਮੇਰੇ ਤੇ ਮਰਗੀ ਸੀ
ਸੰਦਲੀ ਪ੍ਰਭਾਤ ਦੀ ਸਰਘੀ ਸੀ
ਤੇਰੀ ਫੋਟੋ ਕਾਪੀ ਹੀ ਲੱਗਦੀ ਸੀ
ਉਹ ਬਿਲਕੁੱਲ ਤੇਰੇ ਵਰਗੀ ਸੀ

ਇੰਝ ਚੁੰਨੀ ਲੈਂਦੀ ਸੀ ਰੱਫ ਕਰਕੇ
ਵਾਲਾਂ ਨੂੰ ਵਾਹੁੰਦੀ ਸੀ ਪੱਫ ਕਰਕੇ
ਬੜੇ ਬੋਚ ਬੋਚ ਸੀ ਪੱਬ ਚੱਕਦੀ
ਇਜ਼ੀ ਗੱਲ ਲੈਂਦੀ ਸੀ ਟੱਫ ਕਰਕੇ
ਅੱਖੀਆਂ ਚੋਂ ਛਮ ਛਮ ਵਰ੍ਹਦੀ ਸੀ
ਵਿਛੜਨ ਤੋਂ ਬਾਹਲਾ ਡਰਗੀ ਸੀ
ਤੇਰੀ ਫੋਟੋ ਕਾਪੀ ਹੀ ਲੱਗਦੀ ਸੀ
ਉਹ ਬਿਲਕੁੱਲ ਤੇਰੇ ਵਰਗੀ ਸੀ

ਕਿੰਝ ਜੀਣਾ ਗੱਲ ਸਿਖਾਉਂਦੀ ਸੀ
ਗੱਲਾਂ ਤੋਂ ਗੱਲ ਬਣਾਉਂਦੀ ਸੀ
ਬੜੀ ਰਮਜ਼ ਦਾਰ ਸੀ ਸਮਝ ਬੜੀ
ਮੈਨੂੰ ਗੱਲ ਗੱਲ ਤੇ ਸਮਝਾਉਂਦੀ ਸੀ
ਮੇਰੇ ਦਿਲ ਦੇ ਵਿੱਚ ਕਰ ਘਰਗੀ ਸੀ
ਬੜੇ ਤੋਹਮਤ ਤਾਹਨੇ ਜਰਗੀ ਸੀ
ਤੇਰੀ ਫੋਟੋ ਕਾਪੀ ਹੀ ਲੱਗਦੀ ਸੀ
ਉਹ ਬਿਲਕੁੱਲ ਤੇਰੇ ਵਰਗੀ ਸੀ

ਭੁੱਲਦੀ ਨਹੀਂ ਚਾਹੇ ਭੁਲਾ ਗਈ ਉਹ
ਜਿੰਦਗੀ ਦੇ ਪਾਠ ਪੜਾ ਗਈ ਉਹ
ਮੈਨੂੰ ਕਮਲੇ ਕੋਝੇ ਝੱਲ ਜਿਹੇ ਨੂੰ
ਕਿੰਝ ਲਿਖਣੇ ਗੀਤ ਸਿਖਾ ਗਈ ਉਹ
ਜਦੋਂ ਮਿਲੇ ਤਾਂ ਅੱਖਾਂ ਭਰਗੀ ਸੀ
ਅੰਤ ਹਰੀਸ਼ ਨੂੰ ਜਿੱਤ ਕੇ ਹਰਗੀ ਸੀ
ਤੇਰੀ ਫੋਟੋ ਕਾਪੀ ਹੀ ਲੱਗਦੀ ਸੀ
ਉਹ ਬਿਲਕੁੱਲ ਤੇਰੇ ਵਰਗੀ ਸੀ



**ਹਰੀਸ਼ ਪਟਿਆਲਵੀ**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD